INTERNATIONAL MAGAZINE
RNI No. 61816/95

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਏਕੋ ਬ੍ਰਹਮੁ ਦੁਤੀਅ ਨਾਸਤਿ

ਨਵੰਬਰ 2023



ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥

# ਪ੍ਰੋਗਰਾਮ

## 30-31 ਅਕਤੂਬਰ 1 ਨਵੰਬਰ

| | |
|---|---|
| ਨਾਮ ਸਿਮਰਨ | ਅੰਮ੍ਰਿਤ ਵੇਲੇ 3.00 ਤੋਂ 3.45 |
| ਨਿੱਤਨੇਮ | 3.45 ਤੋਂ 4.30 |
| ਆਸਾ ਕੀ ਵਾਰ | 4.30 ਤੋਂ 6.00 |
| ਗੁਰਸ਼ਬਦ ਵਿਚਾਰ- ਬਾਬਾ ਲਖਬੀਰ ਸਿੰਘ ਜੀ | 6.00 ਤੋਂ 7.00 |
| ਕਥਾ ਕੀਰਤਨ ਅਤੇ ਗੁਰਮਤਿ ਵਿਚਾਰਾਂ | ਸਵੇਰੇ 9.00 ਤੋਂ ਸ਼ਾਮ 3.30 |
| ਰਾਤ ਦਾ ਸਮਾਗਮ | 5.45 ਤੋਂ 10.00 |
| ਰਹਿਰਾਸ, ਅਰਦਾਸ ਅਤੇ ਹੁਕਮਨਾਮਾ | 5.45 ਤੋਂ 6.30 |
| ਕਥਾ ਕੀਰਤਨ ਅਤੇ ਗੁਰਮਤਿ ਵਿਚਾਰਾਂ | 6.30 ਤੋਂ 10.00 |

ਨੋਟ: 1 ਨਵੰਬਰ ਰਾਤ ਦੇ ਸਮਾਗਮ 11.30 ਵਜੇ ਤੱਕ

ਵਿਸ਼ੇ :

### 30 ਅਕਤੂਬਰ (ਸੋਮਵਾਰ)

★ ਸਮੂਹ ਸ਼ਹੀਦਾਂ ਦੀ ਕੁਰਬਾਨੀ ਨੂੰ ਪ੍ਰਣਾਮ

★ ਸਿੱਖ ਧਰਮ ਵਿੱਚ ਸ਼ਹਾਦਤ ਦਾ ਸੰਕਲਪ

### 31ਅਕਤੂਬਰ (ਮੰਗਲਵਾਰ)

★ ਪੰਜਾਂ ਪਿਆਰਿਆਂ ਦੇ ਮੁਖੀ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਤੋਂ ਲੈ ਕੇ ਸੰਪਰਦਾ ਦੇ ਸਮੂਹ ਮਹਾਂਪੁਰਸ਼ਾਂ ਦੀ ਯਾਦ

★ ਸ਼੍ਰੀਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦੀ ਯਾਦ, ਉਨ੍ਹਾਂ ਵੱਲੋਂ ਧਾਰਮਿਕ, ਸਮਾਜਿਕ, ਸਾਹਿਤਿਕ, ਵਿੱਦਿਅਕ ਖੇਤਰ ਵਿੱਚ ਪਾਏ ਯੋਗਦਾਨ ਅਤੇ ਕੀਤੇ ਗਏ ਪਰਉਪਕਾਰ

★ ਸੰਪ੍ਰਦਾ ਵੱਲੋਂ ਦੇਸ਼, ਕੌਮ ਅਤੇ ਧਰਮ ਵਾਸਤੇ ਕੁਰਬਾਨੀਆਂ

ਅੱਖਾਂ ਦੇ ਫਰੀ ਅਪ੍ਰੇਸ਼ਨ 27 ਤੋਂ 30 ਅਕਤੂਬਰ

ਫਰੀ ਮੈਡੀਕਲ ਕੈਂਪ ਹਰ ਰੋਜ਼

# ਪ੍ਰੋਗਰਾਮ

### 1 ਨਵੰਬਰ (ਬੁੱਧਵਾਰ)

★ ਸਿੱਖ ਇਤਿਹਾਸ ਵਿੱਚ ਬੀਬੀਆਂ ਵੱਲੋਂ ਸੇਵਾ, ਸਿਮਰਨ, ਪਰਉਪਕਾਰ ਅਤੇ ਕੁਰਬਾਨੀਆਂ

★ ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਜੀਵਨਸਾਥੀ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਦੇ ਜੀਵਨ ਬਾਰੇ ਵਿਚਾਰ

★ ਗੁਰਮਤਿ ਦੀ ਰੋਸ਼ਨੀ ਵਿਚ 'ਭਰੂਣ ਹੱਤਿਆ ਇੱਕ ਘਿਨੌਣਾ ਪਾਪ" ਦੀ ਵਿਚਾਰ

★ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ ਦੇ ਸਿਧਾਂਤ ਦੀ ਵਿਚਾਰ

### 2 ਨਵੰਬਰ (ਵੀਰਵਾਰ)

## ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ

| | |
|---|---|
| ਨਾਮ ਸਿਮਰਨ | ਅੰਮ੍ਰਿਤ ਵੇਲੇ 3.00 ਤੋਂ 3.45 |
| ਨਿੱਤਨੇਮ | 3.45 ਤੋਂ 4.30 |
| ਆਸਾ ਦੀ ਵਾਰ | 4.30 ਤੋਂ 6.00 |
| ਗੁਰ ਸ਼ਬਦ ਵਿਚਾਰ- ਬਾਬਾ ਲਖਬੀਰ ਸਿੰਘ ਜੀ | ਸਵੇਰੇ 6.00 ਤੋਂ 7.00 |
| ਕਥਾ ਕੀਰਤਨ ਅਤੇ ਗੁਰਮਤਿ ਵਿਚਾਰਾਂ | ਸਵੇਰੇ 7.00 ਤੋਂ ਸ਼ਾਮ 3.30 |

★ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਾਂਝੀਵਾਲਤਾ ★ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਨਾਮ ਅਤੇ ਸੇਵਾ ਦਾ ਸੰਕਲਪ ★ ਗੁਰੂ ਮਾਨਿਓ ਗ੍ਰੰਥ ★ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਸਿਧਾਂਤ ਦੀ ਵਿਚਾਰ

★ ਵਿਸ਼ਵ ਸ਼ਾਂਤੀ ਦੇ ਕੇਂਦਰ – ਸ੍ਰੀ ਗੁਰੂ ਗ੍ਰੰਥ ਸਾਹਿਬ

ਸਮੁੱਚੀ ਸੰਪੂਰਨਤਾ ਦੀ ਅਰਦਾਸ ਅਤੇ ਹੁਕਮਨਾਮਾ

ਲਾਈਵ ਟੈਲੀਕਾਸਟ
Apps: Ratwara Sahib Ji, Ratwara Sahib TV
Websites : www.ratwarasahib.in, www. ratwarasahib.org
You Tube : www.youtube.com/babalakhbirsingh
Facebook : www.facebook.com/ratwarasahib1

ਅੰਮ੍ਰਿਤ ਸੰਚਾਰ: 1 ਨਵੰਬਰ ਸਵੇਰੇ 10 ਵਜੇ

ਗੁਰੂ ਕੇ ਲੰਗਰ ਅਤੁੱਟ ਵਰਤਣਗੇ।

# ਆਤਮ ਮਾਰਗ

ਸਾਲ-ਉਨੱਤੀਵਾਂ, ਮਹੀਨਾ-ਨਵੰਬਰ, 2023

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

**ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ**

**ਚੇਅਰਮੈਨ** — ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ** — ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ — ਭਾਈ (ਡਾ.) ਸੁਖਵਿੰਦਰ ਸਿੰਘ

ਚੀਫ ਐਡੀਟਰ — ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

**Registration Under Foreign Contribution (Regulation) Act 1976 R. No. 115320023**

**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas, Teh. Kharar, Distt. S.A.S Nagar
(MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

Please visit us on internet at :-
For Atam Marg Email : atammarg1@yahoo.co.in,
Website & Live video -

www.ratwarasahib.org
www.ratwarasahib.com
www.ratwarasahib.in

Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network
98728-14385, 94172-14385
98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

**9417214378, 9417214384**

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ:9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


1. ਸੰਪਾਦਕੀ 5

*ਭਾਈ (ਡਾ.) ਸੁਖਵਿੰਦਰ ਸਿੰਘ*

2. ਬਾਰਹ ਮਾਹਾ 8

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

3. ਸਰਬ ਰੋਗ ਕਾ ਅਉਖਦੁ ਨਾਮੁ ॥ 14

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. ਲੰਮੀ ਨਦਰਿ ਦੇ ਪਾਂਧੀ -
ਸਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ 27

*ਭਾਈ (ਡਾ.) ਸੁਖਵਿੰਦਰ ਸਿੰਘ*

5. ਭਾਈ ਨੰਦ ਲਾਲ ਜੀ 35

6. ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ 45

*ਸੰਤ ਬਾਬਾ ਹਰਪਾਲ ਸਿੰਘ ਜੀ*

7. ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ 49

*ਡਾ. ਜਗਜੀਤ ਸਿੰਘ*

8. ਗੁਰਬਾਣੀ ਅਰਥ ਭੰਡਾਰ 53

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

9. ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ 56
ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,
ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ

# ਸੰਪਾਦਕੀ

## ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ

ਬਾਣੀ ਦਾ ਫੁਰਮਾਨ ਹੈ - ***'ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥' (ਅੰਗ-੧੩)*** ਜੋਤਿ ਨਿਰੰਕਾਰ ਦੀ ਹੈ। ਵਾਹਿਗੁਰੂ ਦੀ ਹੈ। ਸਾਰਿਆਂ ਵਿਚ ਪ੍ਰਕਾਸ਼ਮਾਨ ਹੋ ਕੇ ਕਾਰਜਸ਼ੀਲ ਹੈ। ਉਸ ਦੀ ਕਿਰਨ ਸਤਿਪੁਰਖਾਂ ਦੇ ਪਾਰਦਰਸ਼ਕ ਹਿਰਦਿਆਂ ਵਿਚੋਂ ਲੰਘ ਕੇ ਜਗਤ ਨੂੰ ਚਾਨਣ ਦਿੰਦੀ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਉਸੇ ਦਾ ਸਾਕਾਰ ਰੂਪ ਹੁੰਦੇ ਹੋਏ ਉਸ ਜੋਤਿ ਦੇ ਸੂਰਜ ਹਨ। ਉਹ ਜੋਤਿ ਆਪਣੀ ਕਿਰਨ ਹਰ ਸਮੇਂ, ਹਰ ਦੇਸ਼ ਤੇ ਹਰ ਕੌਮ ਵਿਚ ਰੋਸ਼ਨੀ ਪਹੁੰਚਾਉਣ ਲਈ ਕਿਸੇ ਨਾ ਕਿਸੇ ਸਤਿਪੁਰਖ ਦੇ ਹਿਰਦੇ ਰਾਹੀਂ ਚਮਕਦੀ ਹੈ, ਜਿਸ ਚਾਨਣ ਕਰਕੇ ਮਨੁੱਖ ਜਾਤੀ ਰਸਾਤਲ ਵਿਚੋਂ ਉਠ ਕੇ, ਚਾਨਣ ਵਿਚ ਚਲਦੀ ਹੋਈ, ਅਧਿਆਤਮਕ ਤਰੱਕੀ ਲਈ ਉਤਸ਼ਾਹ ਪੂਰਵਕ ਪ੍ਰੇਰਿਤ ਹੁੰਦੀ ਹੈ। ਅਜਿਹੇ ਮਹਾਂਪੁਰਸ਼ ਮਨੁੱਖ ਦੀ ਜੀਵਨ ਯਾਤਰਾ ਨੂੰ ਸਫਲ ਬਣਾਉਣ ਲਈ ਰੋਸ਼ਨ ਸਿਤਾਰੇ ਹੁੰਦੇ ਹਨ। ਜਿਨ੍ਹਾਂ ਵਲ ਤੱਕਦਾ ਹੋਇਆ ਮਨੁੱਖ ਇਸ ਸੰਸਾਰ ਦੇ ਅੰਧ ਗਹੇਰੇ ਵਿਚ ਹਕੀਕਤ ਦਾ ਰਾਹ ਤਲਾਸ਼ ਕਰ ਸਕਦਾ ਹੈ।

ਜਾਗੀਆਂ ਹੋਈਆਂ ਭੁੱਲ ਵਿਹੂਣੀਆਂ ਆਤਮਾਵਾਂ ਆਤਮ ਮੰਡਲ ਦੀ ਏਕਤਾ ਨੂੰ ਅਨੁਭਵ ਕਰਦੀਆਂ ਨਾਮ ਪ੍ਰੇਤੀ ਰੂਹਾਂ ਨੂੰ ਅਤਿ ਉਚੇ ਵਿਸ਼ੇਸ਼ਣਾਂ ਨਾਲ ਸੰਬੋਧਿਤ ਕਰਦੀਆਂ ਹਨ। ਇਹਨਾਂ ਸਤਿਕਾਰਤ ਸ਼ਬਦਾਂ ਵਿਚ ਉਨ੍ਹਾਂ ਨੂੰ ਸੰਤ, ਮਹਾਂਪੁਰਸ਼, ਰੱਬੀ ਆਤਮਾਵਾਂ, ਬ੍ਰਹਮ ਗਿਆਨੀ, ਰੱਬ ਰੂਪ, ਸਾਈਂ ਦੇ ਪਿਆਰੇ, ਸਾਂਈ ਵਰਗੇ, ਆਤਮ ਰਸੀਏ, ਪਿਆਰ ਦੇ ਸਾਗਰ ਆਦਿਕ ਪਿਆਰੇ ਸ਼ਬਦਾਂ ਨਾਲ ਸਤਿਕਾਰ ਭੇਟ ਕੀਤਾ ਜਾਂਦਾ ਹੈ।

ਐਸੀਆਂ ਰੱਬੀ ਰੂਹਾਂ ਵਾਸਤੇ ਹੀ ਅਰਦਾਸ ਹੈ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ- ੩੦੬*

ਮੇਰੀ ਮੁਰਾਦ ਪਿਆਰੇ ਮਹਾਂਪੁਰਸ਼ਾਂ (ਸਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ) ਰਤਵਾੜਾ ਸਾਹਿਬ ਵਾਲਿਆਂ ਤੋਂ ਹੈ। ਉਹ ਆਪ ਜਾਗੇ ਹੋਏ ਸਨ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ- ੨੦੪*

ਨਿਰੰਕਾਰੀ ਜੋਤਿ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਚਾਨਣ ਲੈ ਕੇ ਆਪ ਜੀ ਨੇ ਉਸ ਰੋਸ਼ਨੀ ਵਿਚ ਜੀਵਨ ਬਤੀਤ ਕੀਤਾ। ਲੱਖਾਂ ਪ੍ਰਾਣੀਆਂ ਨੂੰ ਜਗਾ ਕੇ ਨਾਮ ਬਾਣੀ ਦੇ ਕੀਰਤਨ ਰਾਹੀਂ ਗੁਰਮਤਿ ਅਨੁਸਾਰ ਜੀਵਨ ਜਿਉਣ ਦੀ ਸੇਧ ਦਿਤੀ।

ਜੋ ਵੀ ਉਨ੍ਹਾਂ ਦੀ ਸੰਗਤ/ਸੋਭਤ ਵਿਚ ਆਇਆ ਉਸ ਨੂੰ ਬਖਸ਼ ਦਿਤਾ ਨਵਾਂ ਜੀਵਨ। ਫੜਾ ਦਿਤੀ ਗੁਰਬਾਣੀ ਰੂਪ ਰੋਸ਼ਨੀ ਦੀ ਟਾਰਚ ਹੱਥ ਵਿਚ -

*ਗੁਰਬਾਣੀ ਇਸੁ ਜਗ ਮਹਿ ਚਾਨਣੁ*
*ਕਰਮਿ ਵਸੈ ਮਨਿ ਆਏ ॥ ਅੰਗ- ੬੭*

ਤੁਰ ਪਏ ਆਤਮ ਮਾਰਗੀ, ਰੂਹਾਨੀ ਰਾਹੀ, ਗੁਰੂ ਦੇ ਦਸੇ ਮਾਰਗ 'ਤੇ। ਛੱਕ ਲਏ ਅਨੇਕਾਂ ਪ੍ਰਾਣੀਆਂ ਨੇ ਅੰਮ੍ਰਿਤ। ਮਿਲ ਗਏ ਨਵੇਂ ਜੀਵਨ - ***'ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥' (ਅੰਗ-੯੪੦)*** ਦੇ ਧਾਰਨੀ ਹੋ ਆਤਮ ਰਸ ਵਿਚ ਲਾਉਣ ਲੱਗ ਪਏ ਚੁੱਭੀਆਂ।

*ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ।*
*ਪ੍ਰਭ ਮਹਿ ਮੋਹ ਮਹਿ ਤਾਸ ਮਹਿ ਰੰਚਕ ਨਾਹਨ ਭੇਵ।*

ਆਪ ਜੀ ਨੂੰ ਬਖਸ਼ਿਸ਼ਾਂ ਪ੍ਰਾਪਤ ਸਨ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀਆਂ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਵਰੋਸਾਏ ਪਰਮ ਪਿਆਰੇ, ਸਮਰੱਥ ਸਤਿਗੁਰੂ ਦੀਆਂ ਖੁਸ਼ੀਆਂ ਦੇ ਪਾਤਰ, ਪੰਜਾਂ ਪਿਆਰਿਆਂ ਦੇ ਮੁਖੀ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਮਹਾਰਾਜ ਹਨ। ਸੰਪਰਦਾ ਦੀ ਲੜੀ ਦੀ ਬਣਤਰ ਸ਼ੁਰੂ ਹੋਈ। ਲੜੀ 'ਚ ਪਰੋਤੇ ਗਏ ਬੇਸ਼ਕੀਮਤੀ ਹੀਰੇ। ਨਾਮ ਬਾਣੀ ਦੇ ਰਸੀਏ। ਆਤਮਿਕ ਮੰਡਲਾਂ ਅਤੇ ਬੇਗਮਪੁਰੇ ਦੇ ਵਾਸੀ। ਸੁਰਤਾਂ ਦੀਆਂ ਉਡਾਰੀਆਂ ਮਾਰਦੇ ਆਤਮਿਕ ਮੰਡਲਾਂ ਦੀਆਂ ਉਚਾਈਆਂ ਨੂੰ ਛੂੰਹਦੇ ਹਨ ਇਹ ਸੰਤ ਮਹਾਂਪੁਰਸ਼। ਇਨ੍ਹਾਂ ਮੋਤੀ ਮਣਕਿਆਂ ਨੂੰ ਸਤਿਕਾਰਤ ਨਾਮ ਦਿਤੇ ਗਏ ਹਨ - ਬਾਬਾ ਸੋਭਾ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ, ਬਾਬਾ ਸਾਹਿਬ ਸਿੰਘ ਜੀ ਬੇਦੀ ਊਨੇ ਵਾਲੇ, ਬਾਬਾ ਭਾਗ ਸਿੰਘ ਜੀ ਕੁਰੀ ਵਾਲੇ, ਬਾਬਾ ਬੀਰ ਸਿੰਘ ਜੀ ਨੌਰੰਗਾਬਾਦ, ਬਾਬਾ ਮਹਾਰਾਜ ਸਿੰਘ ਜੀ ਨੌਰੰਗਾਬਾਦ, ਬਾਬਾ ਰਾਮ ਸਿੰਘ ਜੀ (ਵਿਰੱਕਤ), ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ, ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਅਤੇ ਸੰਤ ਬਾਬਾ ਈਸ਼ਰ ਸਿੰਘ

ਜੀ ਰਾੜਾ ਸਾਹਿਬ ਅਤੇ ਸੰਤ ਬਾਬਾ ਕਿਸ਼ਨ ਸਿੰਘ ਜੀ ਰਾੜਾ ਸਾਹਿਬ। ਇਹ ਇਸ ਸੰਪਰਦਾਈ ਮਾਲਾ ਦੇ ਅਮੋਲਕ ਮੋਤੀ ਹਨ। ਇਸ ਮਾਲਾ ਨੇ ਵਧਦੀ ਜਾਣਾ ਸੀ। ਵਧਦੀ ਗਈ। ਬਖਸ਼ਿਸ਼ਾਂ ਅੱਗੇ ਤੋਂ ਅੱਗੇ ਸੀਨੇ ਬਸੀਨੇ ਹੁੰਦੀਆਂ ਗਈਆਂ। ਅੱਜ ਵੀ ਅਨੇਕਾਂ ਅਸਥਾਨ ਇਸ ਸੰਪਰਦਾ ਨਾਲ ਸਬੰਧਿਤ ਬਖਸ਼ ਰਹੇ ਹਨ ਮਾਨਵਤਾ ਨੂੰ ਰੋਸ਼ਨੀ। ਅਨੇਕਾਂ ਪਰਉਪਕਾਰ ਦੇ ਕਾਰਜ ਇਨ੍ਹਾਂ ਵਲੋਂ ਹੋ ਰਹੇ ਹਨ। ਇਸੇ ਮਾਲਾ ਦੇ ਮਹਾਨ ਮੋਤੀਆਂ ਵਿਚੋਂ ਹਨ ਪਿਆਰੇ ਮਹਾਂਪੁਰਸ਼ ਰਤਵਾੜਾ ਸਾਹਿਬ ਵਾਲੇ। ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਵਲੋਂ ਆਪ ਜੀ ਨੂੰ ਭਵਿੱਖਤ ਬਚਨ ਹੋਏ ਜੋ ਆਪ ਜੀ ਦੇ ਜੀਵਨ ਵਿਚੋਂ ਸਾਕਾਰ ਸਿੱਧ ਹੋਏ। ਉਨ੍ਹਾਂ ਬਖਸ਼ਿਸ਼ਾਂ ਵਿਚੋਂ ਪ੍ਰਮੁੱਖ ਤੌਰ 'ਤੇ ਸੀ ਕਿ –

*ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥ ਅੰਗ – ੨੮੯*

ਆਪ ਖੁਦ ਆਪਣੀ ਮੰਜ਼ਿਲੇ-ਏ-ਮਕਸੂਦ ਨੂੰ ਪ੍ਰਾਪਤ ਕਰੋ। ਆਪਣਾ ਇਕ ਰਹਿੰਦਾ ਕਦਮ ਪੁੱਟੋ ਤੇ ਬਾਕੀ ਲੋਕਾਈ ਨੂੰ ਇਸ ਪ੍ਰਤੀ ਜਾਗਰੂਕ ਕਰਕੇ ਨਾਮ ਬਾਣੀ ਨਾਲ ਜੋੜੋ। ਇਨ੍ਹਾਂ ਪਿਆਰੇ ਦੇ ਬਚਨਾਂ ਸਦਕਾ ਹੋ ਗਿਆ ਸ਼ੁਰੂ ਮਾਨਵਤਾ ਦੀ ਭਲਾਈ ਦਾ ਸਫ਼ਰ। ਭਾਵੇਂ ਆਪ ਜੀ ਪਿਛਲੀਆਂ ਕਮਾਈਆਂ ਸਦਕਾ ਬਚਪਨ ਤੋਂ ਹੀ ਨਾਮ ਜਪਣ ਦਾ ਸ਼ੌਂਕ ਰਖਦੇ ਸੀ। ਗੰਨੇ ਦੀ ਵਹਿਣੀ ਅਤੇ ਖੇਤ ਵਿਚ ਬੈਠ ਕੇ ਨਾਮ ਜਪਣਾ, ਅੰਮ੍ਰਿਤ ਵੇਲੇ ਉਠ ਕੇ ਆਪਣੇ ਨਗਰ ਧਮੋਟ ਦੇ ਗੁਰਦੁਆਰਾ ਸਾਹਿਬ ਵਿਚ ਜਾ ਕੇ ਨਿਤਨੇਮ, ਆਸਾ ਦੀ ਵਾਰ ਦਾ ਕੀਰਤਨ, ਸਹਿਜ ਪਾਠ, ਅਖੰਡ ਪਾਠ ਕਰਨੇ। ਆਪ ਜੀ ਦੀ ਸੁਰੀਲੀ, ਮਿੱਠੀ ਰਸ ਭਰੀ ਅਵਾਜ਼ ਸੁਣਨ ਵਾਲਿਆਂ ਨੂੰ ਮੰਤ੍ਰ ਮੁਗਧ ਅਤੇ ਅਨੰਦਿਤ ਕਰਦੀ। ਮੁੱਢਲੀ ਵਿਦਿਆ ਤੋਂ ਬਾਅਦ ਦੁਨਿਆਵੀ ਕਾਰਜਾਂ ਦੇ ਨਾਲ-ਨਾਲ ਨਾਮ ਬਾਣੀ ਦਾ ਪਹਿਰਾ ਛੋਟੀ ਉਮਰ ਤੋਂ ਹੀ ਚਲਦਾ ਰਿਹਾ।

ਪਰਿਵਾਰਿਕ ਫਰਜ਼ ਨਿਭਾਉਂਦਿਆਂ ਖੇਤੀਬਾੜੀ ਵਿਚ ਹੱਥ ਵਟਾਉਂਦੇ। ਇਥੇ ਇਹ ਵੀ ਦੱਸਣ ਯੋਗ ਹੋਵੇਗਾ ਕਿ ਆਪ ਜੀ ਵਲੋਂ ਸਕੂਲੀ ਵਿਦਿਆਂ ਸਮੇਂ ਆਪਣੀ ਕਾਪੀ 'ਤੇ ਜਗਤ ਜੂਠ (ਤਮਾਕੂ) ਸ਼ਬਦ ਦਾ ਨਾਂ ਲਿਖਣਾ ਇਸ ਗੱਲ ਦਾ ਸੂਚਕ ਸੀ ਕਿ ਆਪ ਜੀ ਦੀ ਸਿੱਖੀ ਪ੍ਰਤੀ ਦ੍ਰਿੜ੍ਹਤਾ, ਲਗਨ, ਪਿਆਰ, ਵੈਰਾਗ ਕਿੰਨਾ ਕੁ ਪ੍ਰਬਲ ਸੀ। ਇਸ ਸ਼ਬਦ ਨੂੰ ਕਾਪੀ ਤੇ ਨਾ ਲਿਖਣ ਕਰਕੇ ਭਾਵੇਂ ਅਧਿਆਪਕ ਦੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਪਿਆ। ਪਰ ਆਪ ਜੀ ਨੇ ਇਹ ਸ਼ਬਦ ਕਾਪੀ ਤੇ ਨਾ ਲਿਖਿਆ। ਇਸ ਤੋਂ ਬਾਅਦ ਸਿੰਧ (ਪਾਕਿਸਤਾਨ) ਵਿਚ ਨਾਮ ਬਾਣੀ ਦਾ ਪ੍ਰਚਾਰ। ਫਿਰ ਫੌਜ ਵਿਚ ਭਰਤੀ, ਸੈਕਟਰੀਏਟ ਸਰਵਿਸ ਤੇ ਯੂ.ਪੀ ਵਿਚ ਸਫਲ ਕਿਸਾਨ ਦੇ ਰੂਪ ਵਿਚ ਵਿਚਰਨਾ। ਨਾਲੋਂ ਨਾਲ ਯੂ.ਪੀ ਦੇ ਤਰਾਈ ਏਰੀਏ ਵਿਚ ਗੁਰਸਿੱਖੀ ਦਾ ਪ੍ਰਚਾਰ ਆਰੰਭ ਕਰਨਾ। ਉਥੇ ਆਪ ਜੀ ਦੀ ਖੇਤੀਬਾੜੀ ਵੀ ਪਹਿਲੇ ਦਰਜੇ ਦੀ ਸੀ। ਹੋਰਨਾਂ ਸੰਗਤਾਂ ਨੂੰ ਚੰਗੀ ਸੁਚੱਜੀ, ਧਰਮ ਕਿਰਤ ਵਲ ਪ੍ਰੇਰਿਤ ਕਰਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਨਾਮ ਬਾਣੀ ਨਾਲ ਜੋੜਿਆ। ਅਨੇਕਾਂ ਪ੍ਰਾਣੀਆਂ ਨੂੰ ਨਸ਼ੇ ਵਰਗੀਆਂ ਅਲਾਮਤਾਂ, ਬੁਰਾਈਆਂ ਤੋਂ ਛੁਟਕਾਰਾ ਦਿਵਾਇਆ। ਅੱਜ ਯੂ.ਪੀ ਵਿਚ ਸਿੱਖੀ ਵਧ-ਫੁਲ ਕੇ ਲਹਿਰਾ ਰਹੀ ਹੈ। ਅਨੇਕਾਂ ਸੰਗਤਾਂ ਗੁਰੂ ਆਸ਼ੇ ਅਨੁਸਾਰ ਜੀਵਨ ਬਸਰ ਕਰ ਰਹੀਆਂ ਹਨ।

ਯੂ.ਪੀ ਤੋਂ ਬਾਅਦ ਆਪਣਾ ਫਾਰਮ ਵੇਚ ਕੇ ਚੰਡੀਗੜ੍ਹ ਦੇ ਆਸ ਪਾਸ ਇਲਾਕਿਆਂ 'ਚ ਗੁਰਮਤਿ ਦਾ ਪ੍ਰਚਾਰ ਆਰੰਭ ਕੀਤਾ ਗਿਆ। ਸੰਨ 1986 ਵਿਚ ਅਸਥਾਨ ਰਤਵਾੜਾ ਸਾਹਿਬ ਹੋਂਦ ਵਿਚ ਆਇਆ। ਬਣ ਗਿਆ ਪ੍ਰਚਾਰ ਤੇ ਉਪਕਾਰ ਦਾ ਕੇਂਦਰ। ਜੁੜੀਆਂ ਅਨੇਕਾਂ ਸੰਗਤਾਂ ਨਾਮ ਬਾਣੀ ਨਾਲ। ਛਕ ਲਏ ਅੰਮ੍ਰਿਤ ਖੰਡੇ ਬਾਟੇ ਦੇ ਅਨੇਕਾਂ ਨੇ। ਹੋ ਗਈ ਲਿਸਟ ਪੁੱਠੀ। ਇਲਾਕੇ ਵਾਲੇ ਆ ਗਏ ਪਹਿਲੇ ਨੰਬਰ 'ਤੇ ਕੀਤੇ ਗਏ ਬਚਨਾਂ ਅਨੁਸਾਰ ਗੁਰਸਿੱਖੀ ਵਿਚ ਵੀ ਤੇ ਆਰਥਿਕ ਪੱਖੋਂ ਖੁਸ਼ਹਾਲੀ ਵਿਚ ਵੀ। ਗੁਰਮਤਿ ਪ੍ਰਚਾਰ ਦਾ ਦਾਇਰਾ ਵਧਣਾ ਸ਼ੁਰੂ ਹੋਇਆ। ਪਿਆਰੇ ਦੇ ਪਿਆਰ ਵਿਚ ਅਨੇਕਾਂ ਸੰਗਤਾਂ, ਸਿੰਘ, ਸੇਵਾਦਾਰ ਕਾਫਲੇ ਵਿਚ ਸ਼ਾਮਲ ਹੁੰਦੇ ਗਏ। ਕਾਫਲਾ ਵੱਡਾ ਹੁੰਦਾ ਗਿਆ। ਅਜੋਕਾ ਰੂਪ ਇਸ ਗੁਰਮਤਿ ਪ੍ਰਚਾਰ ਦੀ ਲਹਿਰ ਦਾ ਸਾਡੇ ਸਾਮ੍ਹਣੇ ਹੈ। ਇਸ ਗੁਰਮਤਿ ਦੇ ਪ੍ਰਚਾਰ ਤੇ ਪਰਉਪਕਾਰ ਦੇ ਕੇਂਦਰ ਰਤਵਾੜਾ ਸਾਹਿਬ ਰਾਹੀਂ ਮਿਲ ਰਹੀ ਹੈ ਮਾਨਵਤਾ ਨੂੰ ਨਵੀਂ ਰੋਸ਼ਨੀ। ਸਾਰੇ ਕਾਰਜ ਜੋ ਮਹਾਂਪੁਰਸ਼ਾਂ ਵਲੋਂ ਆਰੰਭੇ ਗਏ, ਹੋ ਰਹੇ ਹਨ ਵਰਦਾਨ ਸਿੱਧ ਲੋਕਾਈ ਲਈ। ਇਹਨਾਂ ਕਾਰਜਾਂ ਵਿਚ ਵਿਸ਼ੇਸ਼ ਤੌਰ 'ਤੇ ਵਿਦਿਅਕ ਅਦਾਰੇ, ਫਰੀ ਹਸਪਤਾਲ, ਫਰੀ ਸਿਲਾਈ ਕਢਾਈ ਸੈਂਟਰ, 24 ਘੰਟੇ ਗੁਰੂ ਕੇ ਲੰਗਰ, ਰਿਹਾਇਸ਼ੀ ਇਮਾਰਤਾਂ, ਕੁਦਰਤੀ ਆਫ਼ਤਾਂ ਵੇਲੇ ਮਾਨਵਤਾ ਤੇ ਲੋੜਵੰਦਾਂ ਦੀਆ ਸੇਵਾਵਾਂ, ਸਾਹਿਤਕ ਖੇਤਰ ਵਿਚ ਆਤਮ ਮਾਰਗ ਮੈਗਜ਼ੀਨ ਦੇ ਨਾਲ-ਨਾਲ 100 ਤੋਂ ਵੱਧ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਪੁਸਤਕਾਂ। ਅਨੇਕਾਂ ਕੀਰਤਨ ਦੀਵਾਨਾਂ ਦੀਆਂ ਸੀ.ਡੀ.ਜ਼ ਅਤੇ ਗੁਰਮਤਿ ਦੇ ਗੂੜ੍ਹ ਵਿਸ਼ਿਆਂ 'ਤੇ ਅਧਾਰਿਤ ਗੁਰਮਤਿ ਸਮਾਗਮ। ਉਪਰੋਕਤ ਸਾਰੇ ਕਾਰਜ ਉਹਨਾਂ ਮਹਾਨ ਬਖਸ਼ਿਸ਼ਾਂ ਦਾ ਸਿੱਟਾ ਹਨ –

*ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥*

*ਅੰਗ– ੭੫੦*

ਇਹ ਸਭ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀਆਂ ਬਖਸ਼ਿਸ਼ਾਂ ਹਨ।

ਸਮਾਂ ਆਪਣੀ ਚਾਲ ਚਲਦਾ ਰਿਹਾ। ਇਹ ਰੋਕਿਆਂ ਕਦੇ ਨਹੀਂ ਰੁਕਦਾ -

*ਰਹੀ ਵਾਸਤੇ ਘੱਤ ਸਮੇਂ ਨੇ ਇਕ ਨਾ ਮੰਨੀ।*
*ਫੜ ਫੜ ਰਹੀ ਧਰੀਕ, 'ਸਮੇਂ' ਖਿਸਕਾਈ ਕੰਨੀ।*
*ਕਿਵੇਂ ਨ ਸੱਕੀ ਰੋਕ ਅਟਕ ਜੋ ਪਾਈ ਭੰਨੀ।*
*ਤ੍ਰਿਖੇ ਅਪਣੇ ਵੇਗ ਗਿਆ ਟਪ ਬੰਨੇ ਬੰਨੀ।*
*ਹੱਸ਼! ਅਜੇ ਸੰਭਲ ਇਸ ਸਮੇਂ ਨੂੰ,*
*ਕਰ ਸਫਲ ਉਡੰਦਾ ਜਾਂਵਦਾ,*
*ਇਹ ਠਹਿਰਨ ਜਾਚ ਨ ਜਾਣਦਾ,*
*ਲੰਘ ਗਿਆ ਨ ਮੁੜ ਕੇ ਆਂਵਦਾ।*

*ਡਾ. ਭਾਈ ਵੀਰ ਸਿੰਘ ਜੀ*

ਆ ਗਿਆ ਉਹ ਮਹੀਨਾ, ਫਿਰ ਉਹ ਹਫਤਾ ਤੇ ਫਿਰ ਉਹ ਦਿਨ। ਸਮਾਂ ਖੜ੍ਹ ਗਿਆ ਆ ਕੇ 31 ਅਕਤੂਬਰ 2001 ਵਾਲੇ ਦਿਨ 'ਤੇ। ਜਿਸ ਦਿਨ ਦੁਪਹਿਰ ਦੇ 1 ਵਜ ਕੇ 13 ਮਿੰਟ 'ਤੇ ਭਾਵੇਂ ਸੂਰਜ ਬਾਹਰ ਰੋਸ਼ਨੀ ਰਾਹੀਂ ਚਾਨਣ ਤੇ ਨਿੱਘ ਦੇ ਰਿਹਾ ਸੀ। ਪਰ ਮਹਾਂਪੁਰਸ਼ਾਂ ਨੂੰ ਪਿਆਰ ਕਰਨ ਵਾਲੀਆਂ ਸੰਗਤਾਂ ਲਈ ਦਿਨੇ ਹਨ੍ਹੇਰਾ ਛਾ ਗਿਆ। ਇਕ ਦਮ ਕੀ ਹੋਇਆ? ਦਿਨਾਂ ਤੋਂ ਪਹਿਰ ਆ ਗਈ, ਪਹਿਰਾਂ ਤੋਂ ਘੜੀ, ਘੜੀ ਤੋਂ ਫਿਰ ਚਸਾ ਤੇ ਉਹ ਵਿਸ਼ਏ ਦਾ ਸਮਾਂ 1.13 ਮਿੰਟ 'ਤੇ। ਜਦੋਂ ਭਾਣਾ ਵਰਤ ਗਿਆ-

*ਸਜਣ ਮੇਰੇ ਰੰਗੁਲੇ*
*ਜਾਇ ਸੁਤੇ ਜੀਰਾਣਿ ॥*
*ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥ ਅੰਗ- ੨੩*

ਦੀ ਹਾਲਤ ਬਣ ਗਈ ਸਭ ਦੀ। ਬੱਸ ਬੋਲ ਰਹਿ ਗਏ ਹਵਾ 'ਚ ਗੂੰਜਦੇ ਕੋਲ। 'ਬਾਬਾ ਬੋਲਤੇ ਥੇ ਕਹਾਂ ਗਏ।' ਸਮਾਧੀ ਸਥਿਤ *ਮੁਖਾਰਬਿੰਦ ਤੋਂ ਉਚਾਰਨ ਸਤਿਨਾਮ ਵਾਹਿਗੁਰੂ। 'ਪੈ ਜੂ ਅਚਿੰਤਾ ਜਾਲ ਇਕ ਦਿਨ ਪੈ ਜੂ'* ਆਦਿਕ ਬੋਲ ਕੋਲ ਖੜ੍ਹੀਆਂ ਸੰਗਤਾਂ ਦੀ ਝੋਲੀ ਵਿਚ ਪਏ। ਸੁਖਮਨੀ ਸਾਹਿਬ ਦੇ ਪਾਠ ਦੀ 21ਵੀਂ ਅਸਟਪਦੀ -

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ- ੨੯੦*

ਤੇ ਭਾਣਾ ਵਰਤਾ -

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ ਅੰਗ- ੮੪੬*

ਹੋ ਗਈ ਸਦੀਵੀ ਤੌਰ ਤੇ ਲੈਅ, ਕਿਰਨ ਆਪਣੇ ਧੇਅ ਵਿਚ।

ਇਸੇ ਤਰ੍ਹਾਂ ਸਤਿਕਾਰਯੋਗ ਮਾਤਾ ਜੀ ਨੇ 1 ਨਵੰਬਰ 2013 ਵਿਚ ਭਾਣਾ ਵਰਤਾ ਚਲੇ ਗਏ ਆਪਣੇ ਪਿਆਰੇ ਦੇ ਦੇਸ਼। ਜਿਥੇ ਸਦਾ ਦੀ ਅਮਰਤਾ ਹੈ। ਹੁਣ ਭਾਸ ਰਿਹਾ ਹੈ ਪਿਆਰ ਵਾਲਿਆਂ ਨੂੰ -

*ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥*
*ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥ ਅੰਗ- ੭੨੯*

ਹੁਣ ਇਹ ਹਾਲਤ ਹੈ -

*ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥*
*ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ*
*ਜਿਨਿ ਹਉ ਪਿਰਹੁ ਵਿਛੋੜੀ ॥ ਅੰਗ- ੫੫੮*

ਫਿਰ ਮਿਲਦੀ ਹੈ ਧੀਰਜ ਕਿ ***'ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ।'*** ਉਹ ਸਦਾ ਹੀ ਅਮਰ ਹਨ। ਸਦ ਜੀਵ ਹਨ। ਦੇ ਰਹੇ ਨੇ ਪਿਆਰ ਆਪਣੇ ਵਰੋਸਾਏ ਪਿਆਰਿਆਂ ਰਾਹੀਂ। ਚਲ ਰਹੇ ਹਨ ਗੁਰਮਤਿ ਦੇ ਪ੍ਰਚਾਰ ਤੇ ਪਰਉਪਕਾਰ ਦੇ ਕਾਰਜ ਉਸੇ ਤਰ੍ਹਾਂ।

ਆਉ! ਜੁੜੀਏ ਪਿਆਰੇ ਦੀਆਂ ਯਾਦਾਂ ਵਿਚ 30-31 ਅਕਤੂਬਰ 1-2 ਨਵੰਬਰ 2023 ਨੂੰ, ਪਾਵਨ ਅਸਥਾਨ ਰਤਵਾੜਾ ਸਾਹਿਬ ਦੀ ਧਰਤੀ 'ਤੇ। ਸਮਾਗਮ ਸਬੰਧੀ ਤਿਆਰੀਆਂ ਨੂੰ ਅੰਤਿਮ ਛੋਹਾਂ ਦੇ ਰਹੇ ਹਨ ਮੌਜੂਦਾ ਮੁਖੀ ਸਤਿਕਾਰਯੋਗ ਸੰਤ ਬਾਬਾ ਲਖਬੀਰ ਸਿੰਘ ਜੀ ਸਮੂੰਹ ਸੰਗਤਾਂ ਅਤੇ ਟਰੱਸਟ ਮੈਂਬਰਾਂ ਦੇ ਸਹਿਯੋਗ ਨਾਲ।

ਭਾਵੇਂ ਆਪ ਜੀ ਅਕਤੂਬਰ ਦੇ ਪਹਿਲੇ ਹਫ਼ਤੇ ਵਾਪਸ ਆਏ ਹਨ ਅਮਰੀਕਾ ਤੋਂ ਗੁਰਮਤਿ ਦੀ ਪ੍ਰਚਾਰ ਫੇਰੀ ਨਿਭਾ ਕੇ। 27 ਅਗਸਤ ਨੂੰ ਸਮਾਗਮ ਦੀ ਪਹਿਲੀ ਮੀਟਿੰਗ ਕਰਨ ਉਪਰੰਤ ਅਮੀਰਕਾ ਗਏ ਸਨ। ਪਹਿਲੇ ਹਫ਼ਤੇ ਅਕਤੂਬਰ ਦੇ ਆ ਕੇ 15 ਅਕਤੂਬਰ ਨੂੰ ਸਮਾਗਮ ਸਬੰਧੀ ਦੂਜੀ ਮੀਟਿੰਗ ਕਰਕੇ ਦਿਤੀ ਹੈ ਨਵੀਂ ਸੇਧ ਸਮੁੱਚੇ ਪ੍ਰਬੰਧ ਨੂੰ। ਮੁਕੰਮਲ ਤਿਆਰੀਆਂ ਦਾ ਜਾਇਜ਼ਾ ਲੈ ਕੇ ਅੰਤਿਮ ਛੋਹਾਂ ਦੇ ਰਹੇ ਹਨ ਸਾਰੇ ਕਾਰਜਾਂ ਨੂੰ। ਅਰਦਾਸ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ, ਸਹਿਯੋਗ ਸਮੂੰਹ ਸੰਗਤਾਂ, ਸੇਵਾਦਾਰਾਂ ਤੇ ਸਮੂੰਹ ਟਰੱਸਟ ਮੈਂਬਰਾਂ ਦਾ ਲੈ ਕੇ ਚਲਾ ਰਹੇ ਹਨ ਕਾਫ਼ਲੇ ਨੂੰ ਅੱਗੇ। ਪਿਆਰੇ ਵਲੋਂ ਲਾਈਆਂ ਡਿਊਟੀਆਂ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ ਸੁਚੱਜੇ ਤਰੀਕੇ ਨਾਲ। ਆਉ! ਪਿਆਰਿਆਂ ਦੀ ਯਾਦ ਵਿਚ ਸ਼ਰਧਾ ਪਿਆਰ ਵਿਚ ਜੁੜੀਏ।

ਦੇਸ਼ ਵਿਦੇਸ਼ ਦੀਆਂ ਸਮੂੰਹ ਸੰਗਤਾਂ ਨੂੰ 30-31 ਅਕਤੂਬਰ, 1-2 ਨਵੰਬਰ ਨੂੰ ਟਰੱਸਟ ਰਤਵਾੜਾ ਸਾਹਿਬ ਵਲੋਂ ਹਾਰਦਿਕ ਬੇਨਤੀ ਹੈ ਕਿ 'ਆਇ ਦੀਦਾਰੇ ਬਖਸ਼ੋ ਜੀ।'

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ।*

# ਮੰਘਿਰਿ
# ਸੰਗਰਾਂਦ - ਨਵੰਬਰ 16 (ਦਿਨ ਵੀਰਵਾਰ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ।।*
*ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ।।*
*ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ।।*
*ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ।।*
*ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ।।*
*ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ।।*
*ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ।।*
*ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ।।*
*ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥ ਅੰਗ - ੧੩੫*

ਵਾਹਿਗੁਰੂ ਜੀ ਨੇ ਸ੍ਰਿਸ਼ਟੀ ਦੀ ਰਚਨਾ ਆਪਣੀ ਮੌਜ ਵਿਚ ਕੀਤੀ। ਕ੍ਰੋੜਾਂ ਸੂਰਜ, ਕ੍ਰੋੜਾਂ ਚੰਦਰਮਾ, ਅਸੰਖ ਤਾਰੇ-ਸਿਤਾਰੇ, ਅਸੰਖ ਬ੍ਰਹਿਮੰਡ, ਕਿੰਨੀਆਂ ਹੀ ਖਾਣੀਆਂ, ਕਿੰਨੀਆਂ ਹੀ ਬਾਣੀਆਂ, ਕਿੰਨੀਆਂ ਹੀ ਹਵਾਵਾਂ ਦੀ ਰਚਨਾ ਕੀਤੀ; ਉਸੇ ਰਚਨਾ ਵਿਚ ਅਸਾਡੀ ਇਹ ਨਿੱਕੀ ਜਿਹੀ ਧਰਤੀ ਦੀ ਭੀ ਰਚਨਾ ਹੋਈ। ਇਸ ਵਿਚ ਅਨੁਭਵੀ ਮਹਾਂਪੁਰਸ਼ਾਂ ਦੇ ਕਥਨ ਅਨੁਸਾਰ ਚੌਰਾਸੀ ਲੱਖ ਕਿਸਮ ਦੀਆਂ ਜਾਤਾਂ ਜਿਨਸਾਂ, ਜੂਨਾਂ ਦੀ ਉਤਪਤੀ ਕੀਤੀ ਗਈ। ਉਸ ਦੀ ਕੀਤੀ ਹੋਈ ਰਚਨਾ ਬਾਰੇ ਅਸੀਂ ਕੁਝ ਵੀ ਨਹੀਂ ਕਹਿ ਸਕਦੇ। ਅਸੀਂ ਇਕ ਮੱਛਲੀ ਦੇ ਭਾਵਾਂ ਨੂੰ ਨਹੀਂ ਜਾਣ ਸਕਦੇ, ਉਡਾਰੀਆਂ ਮਾਰਦੇ ਪੰਛੀ ਦੀ ਅੰਦਰੂਨੀ ਅਵਸਥਾ ਨੂੰ ਨਹੀਂ ਜਾਣ ਸਕਦੇ, ਬਨਸਪਤੀ ਦੀ ਸੂਝ ਬਾਰੇ ਅਸਾਨੂੰ ਕੁਝ ਵੀ ਪਤਾ ਨਹੀਂ ਲਗ ਸਕਦਾ। ਕੁਦਰਤੀ ਨਿਯਮਾਂ ਅਨੁਸਾਰ ਜੀਵਨ ਦੀ ਰੌ ਚਲ ਰਹੀ ਹੈ। ਹੈਰਾਨ ਹੋ ਜਾਈਦਾ ਹੈ ਕਿ ਪ੍ਰਭੂ ਨੇ ਇਕ ਕੁੱਤੇ ਨੂੰ ਐਸੀ ਸ਼ਕਤੀ ਪ੍ਰਦਾਨ ਕਰੀ ਹੈ ਕਿ ਉਹ ਇਕ ਵਾਰੀ ਕਿਸੇ ਦੇ ਪੈਰ ਚਿੱਤਰ ਸੁੰਘ ਲਵੇ, ਕੋਈ ਵਸਤਰ ਸੁੰਘ ਲਵੇ ਤਾਂ ਹਜ਼ਾਰਾਂ ਆਦਮੀਆਂ ਵਿਚੋਂ ਜਾ ਕੇ, ਸੈਂਕੜੇ ਮੀਲਾਂ ਤੇ ਗਏ ਹੋਏ ਉਸ ਮਨੁੱਖ ਨੂੰ ਪਛਾਣ ਲੈਂਦਾ ਹੈ। ਇਸੇ ਤਰ੍ਹਾਂ ਨਾਲ ਇਕ ਕੀੜੀ ਦੂਰ ਦਰਾਜ਼ ਤੁਰੀ ਜਾਂਦੀ ਘਰ ਵਿਚ ਸੁਰਖਸ਼ਿਤ ਪਏ ਖਾਣ ਦੇ ਪਦਾਰਥਾਂ ਦੀ ਸੂਹ ਲਾ ਲੈਂਦੀ ਹੈ। ਸ਼ੇਰ ਤੇ ਸੱਪ ਵਰਗੇ ਖਤਰਨਾਕ ਜੀਵ, ਪ੍ਰਭੂ ਦੇ ਪਿਆਰੇ ਨੂੰ, ਜਿਸ ਦੇ ਅੰਦਰ ਪੂਰਨ ਗਿਆਨ ਹੈ ਅਤੇ ਘਟ ਘਟ ਵਿਚ ਵਿਆਪਕ ਆਪਣੇ ਹੀ ਪ੍ਰਭੂ ਨੂੰ ਦੇਖਦਾ ਹੈ, ਉਸਨੂੰ ਪਛਾਣ ਜਾਂਦੇ ਹਨ। ਐਸੀਆਂ ਬਹੁਤ ਮਿਸਾਲਾਂ ਮਿਲ ਜਾਂਦੀਆਂ ਹਨ।

ਸੰਤ ਮਹਾਂਪੁਰਸ਼ ਬਾਬਾ ਭਾਗ ਸਿੰਘ ਜੀ ਕੁਰੀ ਵਾਲੇ ਸਮ ਦ੍ਰਿਸ਼ਟੀ ਵਾਲੇ ਮਹਾਂਪੁਰਸ਼ ਸਨ। ਆਪ ਦੀ ਦ੍ਰਿਸ਼ਟੀ ਵਿਚ ਸਾਰੇ ਪ੍ਰਭੂ ਦਾ ਰੂਪ ਹੀ ਪਰੀਪੂਰਨ ਦ੍ਰਿਸ਼ਟੀਗੋਚਰੇ ਹੁੰਦਾ ਸੀ। ਆਪ ਦੇ ਜੀਵਨ ਵਿਚ ਇਕ ਘਟਨਾ ਆਉਂਦੀ ਹੈ ਜਦੋਂ ਆਪ ਪੈਦਲ ਹੀ ਹਜ਼ੂਰ ਸਾਹਿਬ ਵਲ ਦਰਸ਼ਨ ਦੇ ਉਮਾਹ ਨਾਲ ਜਾ ਰਹੇ ਹਨ, ਆਪਣੇ ਰੰਗ ਵਿਚ ਰੱਤੇ ਕਦਮ ਪੁੱਟਦੇ ਹਨ। ਹਰ ਕਦਮ ਸਤਿਨਾਮ ਵਾਹਿਗੁਰੂ ਜੀ ਦੀ ਯਾਦ ਵਿਚ ਪੁੱਟਿਆ ਜਾ ਰਿਹਾ ਹੈ, ਅੱਖਾਂ ਖੁਲ੍ਹੀਆਂ ਨਾਲ ਅਖੰਡ ਸਮਾਧੀ ਲੱਗੀ ਹੋਈ ਹੈ, ਉਸ ਵਕਤ ਆਪ ਦੀ ਸਰੀਰਕ ਆਯੂ 22 ਸਾਲ ਦੇ ਕਰੀਬ ਦਸਦੇ ਹਨ। ਆਪ ਜੀ ਮੱਧ ਪ੍ਰਦੇਸ਼ ਦੇ ਕਾਹਨਾ ਕਾਛਾ ਵਰਗੇ ਭਿਆਨਕ ਜੰਗਲ ਵਿਚੋਂ ਲੰਘ ਰਹੇ ਹਨ ਜਿਸ ਥਾਂ ਸ਼ੇਰਾਂ ਦੇ ਝੁੰਡ ਫਿਰਦੇ ਰਹਿੰਦੇ ਸਨ। ਅੱਜ ਵੀ ਉਹ ਰਾਖਵਾਂ ਜੰਗਲ ਹੈ ਅਤੇ ਸੈਂਕੜੇ ਸ਼ੇਰ ਆਪਣਾ ਜੀਵਨ ਨਿਰਬਾਹ ਕਰ ਰਹੇ ਹਨ। ਬਾਬਾ ਜੀ ਗੁਰੂ ਦਸ਼ਮੇਸ਼ ਪਿਆਰ ਵਿਚ ਮਸਤ ਹੋਏ-ਹੋਏ ਜਾ ਰਹੇ ਸਨ, ਉਨ੍ਹਾਂ ਨੂੰ ਵਾਹਿਗੁਰੂ ਜੀ ਦੀ ਜੋਤ ਬਿਨਾਂ ਹੋਰ ਕੁਝ ਦਿਸ ਹੀ ਨਹੀਂ ਰਿਹਾ ਸੀ। ਸੂਰਜ ਛੁਪਣ ਦੇ ਨੇੜੇ ਆ ਗਿਆ, ਕਾਲੀ ਬੋਲੀ ਰਾਤ ਇਸ ਭਿਆਨਕ ਜੰਗਲ ਵਿਚ ਸਾਮ੍ਹਣੇ ਆ ਗਈ। ਆਪ ਜੀ ਦੀ ਦ੍ਰਿਸ਼ਟੀ ਉਸ ਪਹਾੜੀ ਇਲਾਕੇ ਵਿਚ ਕਿਸੇ ਪਾਣੀ ਦੇ ਸ੍ਰੋਤ ਨੂੰ ਭਾਲ

ਰਹੀ ਸੀ। ਪਹਾੜੀ ਤੋਂ ਉਤਰ ਕੇ ਹੇਠਾਂ ਇਕ ਚਸ਼ਮਾ ਚਲ ਰਿਹਾ ਸੀ। ਉਸ ਦੇ ਸਾਮ੍ਹਣੇ ਨਿਰਮਲ ਜਲ ਇਕ ਛੋਟੇ ਜਿਹੇ ਸਵੱਛ ਥਾਂ ਵਿਚ ਜਮ੍ਹਾਂ ਹੋ ਕੇ ਅੱਗੇ ਜਾ ਰਿਹਾ ਸੀ। ਉਸ ਥਾਂ ਨੂੰ ਬਾਬਾ ਜੀ ਨੇ ਪਸੰਦ ਕੀਤਾ ਅਤੇ ਆਪ ਛੋਟਾ ਜਿਹਾ ਆਸਣ ਲਾ ਕੇ ਉਥੇ ਬਿਰਾਜਮਾਨ ਹੋ ਗਏ। ਉਸੇ ਥਾਂ ਤੋਂ ਕੁਝ ਲੋਕਲ ਬੰਦੇ ਆਪਣੀ ਸਾਰੇ ਦਿਨ ਦੀ ਕਿਰਤ ਕਰਕੇ ਵਾਪਸ ਆਪਣੇ ਘਰਾਂ ਨੂੰ ਜਾ ਰਹੇ ਸਨ ਅਤੇ ਸਾਰੇ ਇਸ ਕੋਸ਼ਿਸ਼ ਵਿਚ ਸਨ ਕਿ ਸੂਰਜ ਛਿਪਣ ਤੋਂ ਪਹਿਲਾਂ-ਪਹਿਲਾਂ ਘਰ ਪਹੁੰਚ ਜਾਣ, ਜਿਥੇ ਜਾ ਕੇ ਰਾਤ ਨੂੰ ਪਿੰਡ ਦੇ ਚਾਰੇ ਪਾਸੇ ਵੱਡੀਆਂ ਲੱਕੜਾਂ ਨੂੰ ਅੱਗ ਲਾ ਕੇ ਆਪਣੀ ਰਖਸ਼ਾ ਜੰਗਲੀ ਜਾਨਵਰਾਂ ਤੋਂ ਕਰਿਆ ਕਰਦੇ ਸਨ। ਉਨ੍ਹਾਂ ਨੇ ਬਾਬਾ ਜੀ ਨੂੰ ਦੇਖਿਆ ਅਤੇ ਕਿਹਾ ਕਿ ਬਾਲ ਯੋਗੀ! ਇਸ ਇਲਾਕੇ ਵਿਚ ਇਕੋ ਇਕ ਪਾਣੀ ਪੀਣ ਦਾ ਚਸ਼ਮਾ ਇਹੋ ਹੀ ਹੈ। ਜੰਗਲ ਦੇ ਸਾਰੇ ਜਾਨਵਰ ਰਾਤ ਨੂੰ ਇਥੇ ਪਾਣੀ ਪੀਂਦੇ ਹਨ ਤੁਸੀਂ ਏਸ ਥਾਂ ਨਾ ਬੈਠੋ, ਕੋਈ ਸ਼ੇਰ ਤੁਹਾਨੂੰ ਖਾ ਜਾਵੇਗਾ; ਅਸਾਡੇ ਨਾਲ ਚੱਲੋ। ਅਸੀਂ ਤੁਹਾਨੂੰ ਰਾਤ ਰਹਿਣ ਨੂੰ ਥਾਂ ਦੇਵਾਂਗੇ, ਤੁਸੀਂ ਐਥੇ ਨਾ ਰਹੋ। ਬਾਬਾ ਜੀ ਨੇ ਕਿਹਾ ਕਿ ਪਿਆਰਿਓ! ਮੈਨੂੰ ਕੋਈ ਡਰ ਨਹੀਂ ਹੈ ਕਿਉਂਕਿ ਮੇਰਾ ਪ੍ਰਭੂ ਸਦਾ ਮੇਰੇ ਨਾਲ ਰਹਿੰਦਾ ਹੈ। ਮੈਨੂੰ ਨਾ ਕੋਈ ਖਾ ਸਕਦਾ ਹੈ, ਨਾ ਅੱਗ ਜਲਾ ਸਕਦੀ ਹੈ, ਨਾ ਪਾਣੀ ਡੋਬ ਸਕਦਾ ਹੈ, ਨਾ ਕੋਈ ਸ਼ਸ਼ਤਰ ਕੱਟ ਸਕਦਾ ਹੈ। ਮੇਰਾ ਸਰੂਪ ਇਨ੍ਹਾਂ ਬਿਆਧੀਆਂ ਤੋਂ ਅਪਹੁੰਚ ਹੈ। ਤੁਸੀਂ ਫਿਕਰ ਨਾ ਕਰੋ, ਛੇਤੀਂ ਆਪਣੇ ਘਰਾਂ ਨੂੰ ਜਾਓ; ਮੈਂ ਇਸ ਥਾਂ ਹੀ ਬਿਰਾਜਾਂਗਾ। ਰਾਤ ਲੰਘ ਗਈ, ਸਵੇਰਾ ਹੋ ਆਇਆ ਉਹ ਪੇਂਡੂ ਫੇਰ ਟੋਲੀਆਂ ਬਣਾ ਕੇ ਉਚੀ-ਉਚੀ ਅਵਾਜ਼ਾਂ ਦਿੰਦੇ, ਆਪਣੇ ਕੰਮਾਂ ਉਤੇ ਜਾ ਰਹੇ ਸਨ। ਉਨ੍ਹਾਂ ਦੇ ਮਨ ਵਿਚ ਬੜੀ ਜਗਿਆਸਾ ਸੀ ਕਿ ਉਸ ਬਾਲ ਯੋਗੀ ਨੂੰ ਦੇਖੀਏ ਜਿਹੜਾ ਰਾਤ ਐਨੇ ਭਿਆਨਕ ਥਾਂ ਤੇ ਰਹਿਣ ਦਾ ਇਰਾਦਾ ਕਰ ਰਿਹਾ ਸੀ। ਹੈਰਾਨ ਹੋ ਗਏ ਜਦੋਂ ਉਨ੍ਹਾਂ ਨੇ ਦੇਖਿਆ ਕਿ ਬਾਲ ਯੋਗੀ ਤਾਂ ਉਸੇ ਤਰ੍ਹਾਂ ਆਸਣ ਜਮਾਏ ਸਮਾਧੀ ਸਥਿਤ ਬੈਠਾ ਹੈ। ਨੇੜੇ ਆ ਕੇ ਕੀ ਦੇਖਦੇ ਹਨ ਕਿ ਕਈ ਸ਼ੇਰਾਂ ਦੀਆਂ ਪੈੜਾਂ ਉਸ ਦੇ ਇਰਦ-ਗਿਰਦ ਨਜ਼ਰ ਆ ਰਹੀਆਂ ਹਨ। ਉਨ੍ਹਾਂ ਨੇ ਅਨੁਮਾਨ ਲਾ ਲਿਆ ਕਿ ਕਈ ਸ਼ੇਰਾਂ ਨੇ ਇਸਨੂੰ ਸੁੰਘਿਆ, ਪਰ ਖਾਧਾ ਕਿਉਂ ਨਹੀਂ? ਅੰਤ ਆਪਣਾ ਸੰਸਾ ਦੂਰ ਕਰਨ ਵਾਸਤੇ ਉਨ੍ਹਾਂ ਨੇ ਬਾਬਾ ਜੀ ਨੂੰ ਪੁਛਿਆ ਕਿ ਸ਼ੇਰਾਂ ਦੀਆਂ ਪੈੜਾਂ ਤੁਹਾਡੇ ਇਰਦ-ਗਿਰਦ ਹਨ ਕਿਉਂਕਿ ਹਰ ਰੋਜ਼ ਪਾਣੀ ਪੀਣ ਆਇਆ ਕਰਦੇ ਹਨ। ਉਨ੍ਹਾਂ ਨੇ ਤੁਹਾਨੂੰ ਕਿਉਂ ਨਹੀਂ ਖਾਧਾ? ਬਾਬਾ ਜੀ ਨੇ ਕਿਹਾ ਕਿ ਪਿਆਰਿਓ! ਇਥੇ ਇਕੋ ਇਕ ਵਾਹਿਗੁਰੂ ਜੀ ਪਰੀਪੂਰਨ ਹਨ, ਸ਼ੇਰਾਂ ਵਿਚ ਵੀ ਓਹੀ ਹਨ ਅਤੇ ਮੇਰੇ ਵਿਚ ਵੀ ਓਹੀ ਹਨ। ਜੋ ਵੀ ਦਿਸਦਾ ਹੈ ਇਹ ਸਭ ਵਾਹਿਗੁਰੂ ਜੀ ਦਾ ਹੀ ਸਰੂਪ ਹੈ। ਤੁਸੀਂ ਦੱਸੋ ਕਿ ਜੇ ਤੁਹਾਨੂੰ ਭੁੱਖ ਲਗੀ ਹੋਵੇ ਤਾਂ ਤੁਸੀਂ ਆਪਣੇ ਹੱਥ ਕੱਟ ਕੇ ਖਾ ਲਵੋਂਗੇ? ਉਨ੍ਹਾਂ ਨੇ ਕਿਹਾ, "ਨਹੀਂ।" ਬਾਬਾ ਜੀ ਨੇ ਕਿਹਾ ਕਿ ਸ਼ੇਰ ਵੀ ਮੇਰਾ ਹੀ ਰੂਪ ਹਨ, ਉਹ ਵੀ ਮੈਂ ਹੀ ਹਾਂ। ਮੈਂ ਆਪਣੇ ਆਪ ਨੂੰ ਕਿਵੇਂ ਖਾ ਲੈਂਦਾ। ਵਾਹਿਗੁਰੂ ਜੀ ਨੇ ਇਨ੍ਹਾਂ ਨੂੰ ਵੀ ਸੋਝੀ ਬਖਸ਼ੀ ਹੋਈ ਹੈ ਕਿ ਉਹ ਪ੍ਰਭੂ ਦੇ ਪਿਆਰ ਵਾਲਿਆਂ ਨੂੰ ਕੁਝ ਨਹੀਂ ਕਹਿੰਦੇ। ਇਹੋ ਜਿਹੀਆਂ ਬਹੁਤ ਬਚਿੱਤਰ ਕਥਾਵਾਂ ਹਨ ਜਿਹੜੀਆਂ ਅਨੇਕ ਗੁਰਮੁਖਾਂ ਨੇ ਆਪਣੇ ਜੀਵਨ ਤੇ ਪਰਤਿਆ ਕੇ ਦੇਖੀਆਂ ਹਨ। ਸੋ ਮੇਰਾ ਲਿਖਣ ਤੋਂ ਭਾਵ ਹੈ ਕਿ ਵਾਹਿਗੁਰੂ ਜੀ ਨੇ ਅਨੇਕ ਕਿਸਮ ਦੀ ਰਚਨਾ ਕੀਤੀ ਤੇ ਅਸੀਂ ਉਨ੍ਹਾਂ ਦੇ ਮਨਾਂ ਦੀ ਹਾਲਤ ਨਹੀਂ ਜਾਣਦੇ, ਉਨ੍ਹਾਂ ਵਿਚ ਕੀ-ਕੀ ਗੁਣ ਹਨ। ਪਸ਼ੂਆਂ ਨੂੰ ਸੋਝੀ ਦਿਤੀ ਹੈ ਕਿ ਉਹ ਐਸੀ ਚੀਜ਼ ਬਿਲਕੁਲ ਨਹੀਂ ਖਾਂਦੇ ਜਿਹੜੀ ਉਨ੍ਹਾਂ ਨੂੰ ਸਰੀਰਕ ਤੌਰ ਤੇ ਰੋਗੀ ਕਰ ਦੇਵੇ। ਆਪਣੇ ਜੀਵਨ ਨਿਯਮਾਂ ਦੀ ਪੂਰੀ ਤਰ੍ਹਾਂ ਨਾਲ ਪਾਲਣਾ ਕਰਦੇ ਹਨ। ਐਸੀਆਂ ਜੂਨਾਂ, ਜਿਨਸਾਂ ਅਨੁਭਵੀ ਮਹਾਂਪੁਰਸ਼ਾਂ ਨੇ 84 ਲੱਖ ਗਿਣੀਆਂ ਹਨ। ਇਨ੍ਹਾਂ ਸਾਰੀਆਂ ਵਿਚੋਂ ਮਾਨਸ ਸਰੀਰ ਨੂੰ ਵਡਿਆਈ ਦਿਤੀ ਹੈ ਕਿ ਇਹ ਸਰੀਰ ਸਭ ਤੋਂ ਉਤਮ ਹੈ ਅਤੇ ਨਾਲ ਹੀ ਸਰਦਾਰੀ ਭੀ ਮਨੁੱਖ ਨੂੰ ਦਿਤੀ ਗਈ ਹੈ। ਉਹ ਦੂਸਰੀਆਂ ਜੂਨਾਂ ਤੋਂ ਕੰਮ ਲੈ ਸਕਦਾ ਹੈ ਪਰ ਉਹ ਜੂਨਾਂ ਆਦਮੀ ਤੋਂ ਕੰਮ ਨਹੀਂ ਲੈ ਸਕਦੀਆਂ ਕਿਉਂਕਿ ਇਹ ਉਨ੍ਹਾਂ ਦਾ ਸਰਦਾਰ ਹੈ।

***ਅਵਰ ਜੋਨਿ ਤੇਰੀ ਪਨਿਹਾਰੀ॥***
***ਇਸੁ ਧਰਤੀ ਮਹਿ ਤੇਰੀ ਸਿਕਦਾਰੀ॥***
***ਸੁਇਨਾ ਰੂਪਾ ਤੁਝ ਪਹਿ ਦਾਮ॥***
***ਸੀਲੁ ਬਿਗਾਰਿਓ ਤੇਰਾ ਕਾਮ॥***

***ਅੰਗ - ੩੭੪***

ਮਾਨਸ ਜੂਨ ਨੂੰ ਦੇਵੀ ਦੇਵਤੇ ਵੀ ਲੋਚਦੇ ਹਨ ਕਿਉਂਕਿ ਸਾਰੀ ਰਚਨਾ ਵਿਚ ਇਕੋ ਇਕ ਮਾਨਸ ਜਾਤ ਹੀ ਹੈ ਜਿਸ ਵਿਚ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ। ਦੇਵਤਿਆਂ ਪਾਸ ਅਸੰਖ ਸੁੱਖ ਹਨ, ਅਸੰਖ ਭੋਗ ਹਨ, ਬੇਅੰਤ ਸ਼ਕਤੀ ਹੈ, ਸਰੀਰਕ ਦੁਖ ਕੋਈ ਵੀ ਨਹੀਂ ਹੈ ਪਰ ਉਹ ਪ੍ਰਭੂ ਦੇ ਦਰਸ਼ਨ ਨਹੀਂ ਕਰ ਸਕਦੇ। ਐਸਾ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਏਕਾ ਮਾਈ ਜੁਗਤਿ ਵਿਆਈ***
***ਤਿਨਿ ਚੇਲੇ ਪਰਵਾਣੁ॥***
***ਇਕੁ ਸੰਸਾਰੀ ਇਕੁ ਭੰਡਾਰੀ***
***ਇਕੁ ਲਾਏ ਦੀਬਾਣੁ॥***
***ਜਿਵ ਤਿਸੁ ਭਾਵੈ ਤਿਵੈ ਚਲਾਵੈ***
***ਜਿਵ ਹੋਵੈ ਫੁਰਮਾਣੁ॥***
***ਓਹੁ ਵੇਖੈ ਓਨਾ ਨਦਰਿ ਨ ਆਵੈ***
***ਬਹੁਤਾ ਏਹੁ ਵਿਡਾਣੁ॥*** ***ਅੰਗ - ੭***

ਉਹ ਪ੍ਰਭੂ ਦੇ ਦਰਸ਼ਨ, ਪੂਰਨ ਮਹਾਂਪੁਰਸ਼ ਜੋ ਵਾਹਿਗੁਰੂ ਜੀ ਨਾਲ ਪੂਰੀ ਤਰ੍ਹਾਂ ਅਭੇਦ ਹੋ ਚੁੱਕੇ ਹਨ, ਜਿਨ੍ਹਾਂ ਨੂੰ ਅਸੀਂ ਬ੍ਰਹਮਗਿਆਨੀ ਆਖਦੇ ਹਾਂ, ਉਨ੍ਹਾਂ

ਰਾਹੀਂ ਹੀ, ਕਰਨ ਦਾ ਜਤਨ ਕਰਦੇ ਹਨ ਕਿਉਂਕਿ –

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ।।***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰੁ।।***
***ਅੰਗ – ੨੭੩***

ਇਹ ਮਾਨਸ ਸਰੀਰ ਵਿਚ ਵਾਹਿਗੁਰੂ ਜੀ ਨੇ ਜਿਥੇ ਆਪਣਾ ਨਿਵਾਸ ਕੀਤਾ ਹੋਇਆ ਹੈ, ਉਥੇ ਦਰਸ਼ਨ ਦੇਣ ਲਈ ਬਖਸ਼ਿਸ਼ ਕਰਦਿਆਂ ਦਸਮ ਦੁਆਰ ਨੂੰ ਪੁੱਜਣ ਦਾ ਰਾਹ ਭੀ ਰੱਖਿਆ ਹੋਇਆ ਹੈ, ਜੋ ਮਾਨਸ ਸਰੀਰ ਵਿਚ ਗੁਪਤ ਹੈ। ਪੂਰਨ ਮਹਾਂਪੁਰਸ਼ਾਂ ਦੀ ਸੰਗਤ ਅਤੇ ਪੂਰੇ ਸਤਿਗੁਰੂ ਦੇ ਮਿਲਾਪ ਤੋਂ ਬਿਨਾਂ ਉਸ ਦੀ ਸੋਝੀ ਹੋਣੀ ਅਤਿ ਮੁਸ਼ਕਿਲ ਹੈ; ਪਹੁੰਚਿਆ ਨਹੀਂ ਜਾ ਸਕਦਾ। ਫੁਰਮਾਨ ਹੈ –

***ਨਉ ਦਰਵਾਜੇ ਕਾਇਆ ਕੋਟੁ ਹੈ***
***ਦਸਵੈ ਗੁਪਤੁ ਰਖੀਜੈ।।***
***ਬਜਰ ਕਪਾਟ ਨ ਖੁਲਨੀ***
***ਗੁਰ ਸਬਦਿ ਖੁਲੀਜੈ।।***
***ਅਨਹਦ ਵਾਜੇ ਧੁਨਿ ਵਜਦੇ***
***ਗੁਰ ਸਬਦਿ ਸੁਣੀਜੈ।।***
***ਤਿਤੁ ਘਟ ਅੰਤਰਿ ਚਾਨਣਾ***
***ਕਰਿ ਭਗਤਿ ਮਿਲੀਜੈ।।***
***ਸਭ ਮਹਿ ਏਕੁ ਵਰਤਦਾ***
***ਜਿਨਿ ਆਪੇ ਰਚਨ ਰਚਾਈ।।***
***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ।।***
***ਅੰਗ – ੯੫੪***

ਇਕ ਹੋਰ ਥਾਂ ਗੁਰੂ ਮਹਾਰਾਜ ਸਪਸ਼ਟ ਕਰਦੇ ਹਨ –

***ਕਾਇਆ ਨਗਰੁ ਨਗਰ ਗੜ ਅੰਦਰਿ।।***
***ਸਾਚਾ ਵਾਸਾ ਪੁਰਿ ਗਗਨੰਦਰਿ।।***
***ਅਸਥਿਰੁ ਥਾਨੁ ਸਦਾ ਨਿਰਮਾਇਲੁ***
***ਆਪੇ ਆਪੁ ਉਪਾਇਦਾ।।***
***ਅੰਦਰਿ ਕੋਟ ਛਜੇ ਹਟਨਾਲੇ।।***
***ਆਪੇ ਲੇਵੈ ਵਸਤੁ ਸਮਾਲੇ।***
***ਬਜਰ ਕਪਾਟ ਜੜੇ ਜੜਿ ਜਾਣੈ***
***ਗੁਰ ਸਬਦੀ ਖੋਲਾਇਦਾ।।***
***ਭੀਤਰਿ ਕੋਟ ਗੁਫਾ ਘਰ ਜਾਈ।।***
***ਨਉ ਘਰ ਥਾਪੇ ਹੁਕਮਿ ਰਜਾਈ।।***
***ਦਸਵੈ ਪੁਰਖੁ ਅਲੇਖੁ ਅਪਾਰੀ***
***ਆਪੇ ਅਲਖੁ ਲਖਾਇਦਾ।।  ਅੰਗ – ੧੦੩੩***

ਆਦਮੀ ਦਾ ਜੋ ਪ੍ਰਮ ਮਨੋਰਥ ਹੈ ਕੇਵਲ ਪ੍ਰਭੂ ਪ੍ਰਾਪਤੀ ਹੈ। ਹੋਰ ਮਾਇਕ ਕੰਮਾਂ ਨੂੰ ਗੁਰੂ ਮਹਾਰਾਜ ਜੀ ਨੇ ਕੋਈ ਵੀ ਮਹੱਤਤਾ ਨਹੀਂ ਦਿਤੀ ਅਤੇ ਇਨ੍ਹਾਂ ਦੁਨਿਆਵੀ ਕੰਮਾਂ ਨੂੰ ਆਪ ਫਜ਼ੂਲ (worthless) ਆਖਦੇ ਹਨ।

***ਭਈ ਪਰਾਪਤਿ ਮਾਨੁਖ ਦੇਹੁਰੀਆ।।***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।।***
***ਅਵਰਿ ਕਾਜ ਤੇਰੈ ਕਿਤੈ ਨ ਕਾਮ।।***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।।***
***ਅੰਗ – ੧੨***

ਸੋਝੀ ਵਾਲਿਆਂ ਨੂੰ ਸਾਧੂ ਦੀ ਸੰਗਤ ਪ੍ਰਾਪਤ ਹੋ ਜਾਂਦੀ ਹੈ ਜਿਨ੍ਹਾਂ ਨੂੰ ਮਿਲ ਕੇ ਉਹ ਪ੍ਰਭੂ ਦੀ ਖੋਜ ਵਿਚ ਲਗ ਜਾਂਦੇ ਹਨ ਅਤੇ ਲਗਨ ਲਗ ਜਾਂਦੀ ਹੈ ਕਿ ਇਸੇ ਜਨਮ ਵਿਚ ਮੈਂ ਪ੍ਰਭੂ ਦੇ ਦਰ ਤਕ ਪਹੁੰਚ ਜਾਵਾਂ। ਐਸਾ ਨਾ ਹੋਵੇ ਕਿ ਮੇਰਾ ਸਰੀਰ ਛੁਟ ਜਾਵੇ ਅਤੇ ਮੈਂ ਆਪਣੇ ਮਨੋਰਥ ਨੂੰ ਪ੍ਰਾਪਤ ਨਾ ਕਰ ਸਕਾਂ। ਸਾਧੂ ਦੀ ਸੰਗਤ ਕਰਦਾ ਹੈ, ਉਸੇ ਥਾਂ ਤੇ ਲਗਨ ਲਗਦੀ ਹੈ ਪ੍ਰਭੂ ਦੇ ਮਿਲਾਪ ਦੀ ਲੋਚਾ ਅੰਦਰ ਜਾਗਦੀ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਿਸ ਪ੍ਰੇਮੀ ਦੇ ਅੰਦਰ ਦਰਸ਼ਨਾਂ ਦੀ ਅਭਿਲਾਸ਼ਾ ਜਾਗ ਪਵੇ, ਅਸੀਂ ਉਸ ਦੇ ਬਲਿਹਾਰ ਜਾਂਦੇ ਹਾਂ –

***ਜਿਸੁ ਜਨ ਕਉ ਪ੍ਰਭ ਦਰਸ ਪਿਆਸਾ।।***
***ਨਾਨਕ ਤਾ ਕੈ ਬਲਿ ਬਲਿ ਜਾਸਾ।।***
***ਅੰਗ – ੨੬੬***

ਸੰਤਾਂ ਦੀ ਸੰਗਤ ਕਰਦਿਆਂ ਕਰਦਿਆਂ ਵੈਰਾਗ ਹੋ ਜਾਇਆ ਕਰਦਾ ਹੈ, ਦੁਨਿਆਵੀ ਪਦਾਰਥਾਂ ਨਾਲ ਪਕੜ ਘਟਦੀ ਚਲੀ ਜਾਂਦੀ ਹੈ। ਪਰਿਵਾਰ ਦਾ ਮੋਹ ਜੋ ਜਨਮਾਂ ਜਨਮਾਂਤਰਾਂ ਵਿਚ ਘੁਮੇਟਣੀਆਂ ਦੇਣ ਨੂੰ ਸਮਰੱਥ ਹੈ, ਘਟਦਾ ਜਾਂਦਾ ਹੈ; ਅੰਦਰ ਬਿਰਹਾ ਜਾਗ ਪੈਂਦਾ ਹੈ। ਉਸ ਵੇਲੇ ਵੈਰਾਗ ਵਿਚ ਪ੍ਰਭੂ ਅੱਗੇ ਤਰਲੇ ਭਰੀਆਂ ਬੇਨਤੀਆਂ ਕਰਦਾ ਹੈ –

***ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ।।***
***ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ।।***
***ਅੰਗ – ੧੦੯੪***

ਜਿਉਂ–ਜਿਉਂ ਖਿੱਚ ਵਧਦੀ ਹੈ, ਨੇਤਰਾਂ ਵਿਚ ਹੰਝੂ ਵਗ ਤੁਰਦੇ ਹਨ। ਗੁਰੂ ਮਹਾਰਾਜ ਜੀ ਇਸ ਭਾਵ ਨੂੰ ਪ੍ਰਗਟ ਕਰਦੇ ਫੁਰਮਾਨ ਕਰਦੇ ਹਨ –

***ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ***
***ਮੈ ਤਿਸੁ ਆਗੈ ਸਿਰੁ ਕਟਿ ਕਟਿ ਪਈਆ।।***
***ਅੰਗ – ੯੩੬***

ਵੱਡੀ ਤੋਂ ਵੱਡੀ ਕੁਰਬਾਨੀ ਦੇਣ ਨੂੰ ਤਤਪਰ ਰਹਿੰਦਾ ਹੈ ਕਿਉਂਕਿ ਪ੍ਰੇਮ ਦੀ ਖਿੱਚ ਅੰਦਰ ਜਾਗ ਪਈ ਹੈ –

***ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।***
***ਚਕਵੀ ਸੂਰਜ ਹੇਤ ਹੈ ਮਿਲ ਹੋਣ ਸੁਖਾਲੇ।***
***ਨੇਹੁੰ ਕਵਲ ਜਲ ਜਾਣੀਐ***
***ਖਿੜ ਮੂੰਹ ਵਖਾਲੇ।***
***ਮੋਰ ਬਬੀਹੇ ਬੋਲਦੇ ਦੇਖ ਬੱਦਲ ਕਾਲੇ।***
***ਨਾਰਿ ਭਤਾਰ ਪਿਆਰ ਹੈ ਮਾਂ ਪੁੱਤ ਸਮ੍ਹਾਲੇ।***

*ਪੀਰ ਮੁਰੀਦਾਂ ਪਿਰਹੜੀ ਓਹ ਨਿਬਹੈ ਨਾਲੇ।।*
*ਭਾਈ ਗੁਰਦਾਸ ਜੀ, ਵਾਰ - 27/4*

ਅੰਦਰ ਬਿਰਹੁ ਦੀ ਪੀੜਾ ਉਠਦੀ ਹੈ -

*ਰੋਮਿ ਰੋਮਿ ਮਨਿ ਤਨਿ ਇਕ ਬੇਦਨ*
*ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ।।*
*ਬੈਦਕ ਨਾਟਿਕ ਦੇਖਿ ਭੁਲਾਨੇ*
*ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ।।*
*ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ*
*ਜਿਉ ਬਿਨੁ ਅਮਲੈ ਅਮਲੀ ਮਰਿ ਗਈਆ।।*
*ਜਿਨ ਕਉ ਪਿਆਸ ਹੋਇ ਪ੍ਰਭ ਕੇਰੀ*
*ਤਿਨ ਅਵਰੁ ਨ ਭਾਵੈ*
*ਬਿਨੁ ਹਰਿ ਕੋ ਦੁਈਆ।।        ਅੰਗ - ੮੩੬*

ਇਸ ਬਿਰਹੁ ਦੀ ਅਵਸਥਾ ਵਿਚ ਕੇਵਲ ਸਤਿਗੁਰੂ ਜੀ ਹੀ ਸਹਾਇਤਾ ਕਰ ਸਕਦੇ ਹਨ।

*ਕੋਈ ਆਨਿ ਆਨਿ ਮੇਰਾ ਪ੍ਰਭੂ ਮਿਲਾਵੈ*
*ਹਉ ਤਿਸੁ ਵਿਟਹੁ ਬਲਿ ਬਲਿ*
*ਘੁਮਿ ਗਈਆ।।*
*ਅਨੇਕ ਜਨਮ ਕੇ ਵਿਛੁੜੇ ਜਨ ਮੇਲੇ*
*ਜਾ ਸਤਿ ਸਤਿ ਸਤਿਗੁਰ ਸਰਣਿ ਪਵਈਆ।।*
*ਅੰਗ - ੮੩੬*

ਪਰ ਆਵਾਜ਼ ਆਉਂਦੀ ਹੈ ਕਿ ਪਿਆਰਿਆ! ਕਿਉਂ ਕਿਸੇ ਨੂੰ ਦੋਸ਼ ਦਿੰਦਾ ਹੈਂ, ਵਿਛੋੜਾ ਤੇਰੇ ਕਰਮਾਂ ਨੇ ਹੀ ਪਾਇਆ ਹੋਇਆ ਹੈ। ਤੂੰ ਅਰਦਾਸ ਕਰਦਾ ਰਹਿ, ਦਇਆਲ ਹੋਵੇਗਾ ਉਹ ਤੈਨੂੰ ਜ਼ਰੂਰ ਮੇਲ ਲਵੇਗਾ।

*ਕਿਰਤਿ ਕਰਮ ਕੇ ਵੀਛੁੜੇ*
*ਕਰਿ ਕਿਰਪਾ ਮੇਲਹੁ ਰਾਮ।।        ਅੰਗ - ੧੩੩*

ਮਹਾਂਪੁਰਸ਼ ਫੁਰਮਾਨ ਕਰਦੇ ਹਨ ਕਿ ਪਿਆਰਿਆ! ਤੇਰੇ ਕਰਮਾਂ ਨੇ ਹੀ ਵਿਛੋੜਾ ਪਾਇਆ ਹੋਇਆ ਹੈ, ਵਾਹਿਗੁਰੂ ਜੀ ਤਾਂ ਤੇਰੇ ਨਾਲ ਰਹਿੰਦੇ ਹਨ, ਤੇਰੇ ਅੰਦਰ ਵਸਦੇ ਹਨ ਪਰ ਤੂੰ ਆਪਣੀ ਹੋਂਦ ਦੀ ਕੰਧ ਬਣਾ ਕੇ ਆਪਣੇ ਆਪ ਨੂੰ ਵਖ ਕਰ ਲਿਆ ਹੈ ਅਤੇ ਮਾਇਆ ਦੀ ਨੀਂਦ ਵਿਚ ਸੌਂ ਕੇ ਸੁਪਨੇ ਲੈ ਰਿਹਾ ਹੈਂ।

*ਏਕਾ ਸੇਜ ਵਿਛੀ ਧਨ ਕੰਤਾ।।*
*ਧਨ ਸੂਤੀ ਪਿਰੁ ਸਦ ਜਾਗੰਤਾ।।*
*ਪੀਓ ਮਦਰੋ ਧਨ ਮਤਵੰਤਾ।।*
*ਧਨ ਜਾਗੈ ਜੇ ਪਿਰੁ ਬੋਲੰਤਾ।।*
*ਅੰਗ - ੭੩੭*

ਠੀਕ ਹੈ ਤੇਰੀ ਉਡੀਕ ਤੋਂ ਕੁਰਬਾਨ ਹਾਂ ਪਰ ਜਦੋਂ ਤਕ ਤੂੰ ਸਮਰੱਥ ਸਤਿਗੁਰੂ ਦੀ ਸ਼ਰਨ ਵਿਚ ਨਹੀਂ ਜਾਂਦਾ ਅਤੇ ਉਨ੍ਹਾਂ ਤੋਂ ਮੰਤ੍ਰ ਪ੍ਰਾਪਤ ਕਰਕੇ ਘਾਲ ਕਮਾਈ ਨਹੀਂ ਕਰਦਾ, ਆਪਣੇ ਗੁਰੂ ਨੂੰ ਪ੍ਰਸੰਨ ਨਹੀਂ ਕਰ ਲੈਂਦਾ; ਇਹ ਕੰਧ ਨਹੀਂ ਟੁਟਣੀ ਭਾਵੇਂ ਤੂੰ ਪ੍ਰਮੇਸ਼ਰ ਦੇ ਬਿਲਕੁਲ ਨਾਲ ਹੀ ਰਹਿੰਦਾ ਹੈਂ ਪਰ ਇਕ ਪਤਲਾ ਪਰਦਾ ਵਿਚਾਲੇ ਹੋਣ ਕਰਕੇ ਤੂੰ ਮਿਲ ਨਹੀਂ ਸਕਦਾ-

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ।।*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ।।*
*ਅੰਗ - ੧੨੬੩*

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ।।*
*ਭਾਂਭੀਰੀ ਕੇ ਪਾਤ ਪਾਰਦੋ*
*ਬਿਨੁ ਪੇਖੇ ਦੂਰਾਇਓ।।        ਅੰਗ - ੬੨੪*

ਸੋ ਇਸ ਤਰ੍ਹਾਂ ਦੇ ਨਾਲ ਕਿਸੇ ਗੁਰਮੁਖ ਨੂੰ ਸੋਝੀ ਆ ਜਾਂਦੀ ਹੈ। ਪਰ ਬਹੁਤ ਸਾਰੇ ਘੋਰ ਤਪ ਕਰਦੇ ਹਨ, ਸਰੀਰ ਸੁੱਕ ਜਾਂਦੇ ਹਨ। ਦਸਦੇ ਹਨ ਕਿ ਬਾਬਾ ਫਰੀਦ ਜੀ ਨੇ ਘੋਰ ਤਪ ਕੀਤਾ, ਸਰੀਰ ਸੁੱਕ ਗਿਆ ਪਰ ਅਜੇ ਤਕ ਆਪਣੇ ਪ੍ਰੀਤਮ ਦੀ ਨਾ ਹੀ ਕੋਈ ਖਬਰ ਸੁਣੀ ਅਤੇ ਨਾ ਹੀ ਉਸ ਦਾ ਮਿਲਾਪ ਹੋਇਆ, ਬੇਬਸ ਹੋਏ ਹੋਏ ਫਰੀਦ ਜੀ ਆਪਣੇ ਭਾਵ ਇਸ ਤਰ੍ਹਾਂ ਪ੍ਰਗਟ ਕਰਦੇ ਹਨ -

*ਫਰੀਦਾ ਤਨੁ ਸੁਕਾ ਪਿੰਜਰੁ ਥੀਆ*
*ਤਲੀਆਂ ਖੂੰਡਹਿ ਕਾਗ।।*
*ਅਜੈ ਸੁ ਰਬੁ ਨ ਬਾਹੁੜਿਓ*
*ਦੇਖੁ ਬੰਦੇ ਕੇ ਭਾਗ।।        ਅੰਗ - ੧੩੮੨*

ਸਰੀਰ ਹੋਰ ਸੁੱਕ ਗਿਆ, ਕਾਂਵਾਂ ਨੇ ਉਸਨੂੰ ਮੁਰਦਾ ਜਾਣ ਕੇ ਤਲੀਆਂ ਦੇ ਵਿਚੋਂ ਮਾਸ ਕੱਢਣਾ ਸ਼ੁਰੂ ਕਰ ਦਿਤਾ ਪਰ ਬਾਬਾ ਜੀ ਨੂੰ ਅਜੇ ਵੀ ਆਸ ਹੈ ਕਿ ਮੇਰਾ ਪ੍ਰਭੂ! ਮੇਰੇ ਦੁਖਾਂ ਨੂੰ ਅਨੁਭਵ ਕਰਕੇ, ਮੇਰੀ ਅਸਹਿ ਪੀੜਾ ਨੂੰ ਜਾਣ ਕੇ ਮੈਨੂੰ ਜ਼ਰੂਰ ਮੇਲ ਲਵੇਗਾ। ਫੁਰਮਾਨ ਕਰਦੇ ਹਨ -

*ਕਾਗਾ ਕਰੰਗ ਢਢੋਲਿਆ*
*ਸਗਲਾ ਖਾਇਆ ਮਾਸੁ।।*
*ਏ ਦੁਇ ਨੈਨਾ ਮਤਿ ਛੁਹਉ*
*ਪਿਰ ਦੇਖਨ ਕੀ ਆਸ।।        ਅੰਗ - ੧੩੮੨*

ਆਵਾਜ਼ ਆਈ -

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ*
*ਵਣਿ ਕੰਡਾ ਮੋੜੇਹਿ।।*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ।।*
*ਅੰਗ - ੧੩੭੮*

ਜਾਹ ਕਿਸੇ ਮੁਰਸ਼ਦੇ ਕਾਮਲ ਦੀ ਸ਼ਰਨ ਵਿਚ, ਜਿਹੜਾ ਆਪ ਮਿਲਿਆ ਹੋਇਆ ਹੈ, ਉਹ ਤੈਨੂੰ ਭੇਤ ਦੇ ਦੇਵੇਗਾ ਕਿ ਵਾਹਿਗੁਰੂ ਜੀ ਤਾਂ ਅੰਗ ਸੰਗ ਸਦਾ ਹੀ ਦਿਆਲਤਾ ਨਾਲ ਤੇਰਾ ਇੰਤਜ਼ਾਰ ਕਰ ਰਹੇ ਹਨ ਪਰ ਮੁਰਸ਼ਦੇ ਕਾਮਲ ਤੋਂ ਬਿਨਾਂ ਤੂੰ ਪਹੁੰਚ ਨਹੀਂ ਸਕਣਾ। ਉਸ

ਦੇ ਅੰਦਰ ਪ੍ਰਭੂ ਨੂੰ ਮੇਲਣ ਦੀ ਸਮਰਥਾ ਹੋਇਆ ਕਰਦੀ ਹੈ-

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ॥* *ਅੰਗ - ੨੦੫*

ਤੇਰੇ ਉਤੇ ਗੁਰੂ ਤਰੁਠੇਗਾ, ਮੁਰਸ਼ਦ ਦੀ ਖੁਸ਼ੀ ਹਾਸਲ ਹੋਵੇਗੀ, ਉਹ ਇਸ ਸਰੀਰ ਵਿਚੋਂ ਤੈਨੂੰ ਉਹ ਘਰ ਦਿਖਾ ਦੇਵੇਗਾ ਜਿਥੇ ਵਿਸਮਾਦ ਹੀ ਵਿਸਮਾਦ ਹੈ, ਮਹਾਨ ਅਨੰਦ ਹੀ ਅਨੰਦ ਹੈ, ਜਿਸ ਥਾਂ ਦੇ ਉਤੇ ਤਾਰ ਘੋਰ ਸਦਾ ਹੀ ਆਪਣੀਆਂ ਧੁਨੀਆਂ ਵਿਚ ਮਸਤ ਰਖਦੇ ਹਨ, ਉਹ ਤੈਨੂੰ ਵਾਦੀ-ਏ-ਹੈਰਾਨ (ਵਿਸਮਾਦ) ਦੀ ਝਾਤੀ ਦਿਵਾ ਦੇਵੇਗਾ। ਜਾਹ, ਮੁਰਸ਼ਦੇ ਕਾਮਲ ਨੂੰ ਢੂੰਡ।

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ॥*
*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥*
*ਤਾਰ ਘੋਰ ਬਾਜਿੰਤ੍ਰ ਤਹ*
*ਸਾਚਿ ਤਖਤਿ ਸੁਲਤਾਨੁ॥*
*ਸੁਖਮਨ ਕੈ ਘਰਿ ਰਾਗੁ ਸੁਨਿ*
*ਸੁੰਨਿ ਮੰਡਲਿ ਲਿਵ ਲਾਇ॥*
*ਅਕਥ ਕਥਾ ਬੀਚਾਰੀਐ*
*ਮਨਸਾ ਮਨਹਿ ਸਮਾਇ॥*
*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ॥*
*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ॥* *ਅੰਗ - ੧੨੯੧*

ਸੋ ਗੁਰਮੁਖ ਦੀ ਮਦਦ ਨਾਲ ਇਸ ਘਰ ਦਾ ਵਾਸਾ ਮਿਲ ਜਾਵੇਗਾ। ਤੂੰ ਪ੍ਰਵਾਨ ਹੋ ਜਾਵੇਂਗਾ। ਪੰਚ ਪਰਵਾਨ ਅਤੇ ਪੰਚ ਪਰਧਾਨ ਵਿਚ ਤੇਰੀ ਸ਼ਮੂਲੀਅਤ ਹੋ ਜਾਵੇਗੀ, ਤੂੰ ਭਾਗਸ਼ਾਲੀ ਹੋ ਜਾਵੇਂਗਾ ਪਰ ਸ਼ਬਦ ਦੀ ਖੋਜ ਤੋਂ ਬਿਨਾਂ ਆਪਣੇ ਇਸ ਘਰ ਦੀ ਪ੍ਰਾਪਤੀ ਨਹੀਂ ਹੋ ਸਕਦੀ।

*ਸਭਿ ਸਖੀਆ ਪੰਚੇ ਮਿਲੇ*
*ਗੁਰਮੁਖਿ ਨਿਜ ਘਰਿ ਵਾਸੁ॥*
*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ॥* *ਅੰਗ-੧੨੯੧*

ਹੁਣ ਇਹ ਭਟਕਦਾ ਜਗਿਆਸੂ, ਪ੍ਰਭੂ ਦੇ ਦਰ ਉਤੇ ਪ੍ਰਵਾਨ ਹੋ ਗਿਆ ਅਤੇ ਪਿਆਰੇ ਦਾ ਸੰਗ ਪ੍ਰਾਪਤ ਹੋ ਗਿਆ, ਹੁਣ ਇਨ੍ਹਾਂ ਦੀ ਮਹਿਮਾ ਕੌਣ ਕਰ ਸਕੇ ?

*ਸਾਧ ਕੀ ਮਹਿਮਾ ਬੇਦ ਨ ਜਾਨਹਿ॥*
*ਜੇਤਾ ਸੁਨਹਿ ਤੇਤਾ ਬਖਿਆਨਹਿ॥*
*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥*
*ਸਾਧ ਕੀ ਉਪਮਾ ਰਹੀ ਭਰਪੂਰਿ॥*
*ਸਾਧ ਕੀ ਸੋਭਾ ਕਾ ਨਾਹੀ ਅੰਤ॥*
*ਸਾਧ ਕੀ ਸੋਭਾ ਸਦਾ ਬੇਅੰਤ॥*
*ਸਾਧ ਕੀ ਸੋਭਾ ਊਚ ਤੇ ਊਚੀ॥*
*ਸਾਧ ਕੀ ਸੋਭਾ ਮੂਚ ਤੇ ਮੂਚੀ॥*
*ਸਾਧ ਕੀ ਸੋਭਾ ਸਾਧ ਬਨਿ ਆਈ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ॥*
*ਅੰਗ- ੨੭੨*

ਗੁਰੂ ਮਹਾਰਾਜ ਜੀ ਇਸ ਅਵਸਥਾ ਨੂੰ ਮੰਘਰ ਦੇ ਮਹੀਨੇ ਰਾਹੀਂ ਪ੍ਰਗਟ ਕਰਦੇ ਹੋਏ ਫੁਰਮਾਨ ਕਰਦੇ ਹਨ -

*ਮੰਘਿਰਿ ਮਾਹਿ ਸੋਹੰਦੀਆ*
*ਹਰਿ ਪਿਰ ਸੰਗਿ ਬੈਠੜੀਆਹ॥*
*ਤਿਨ ਕੀ ਸੋਭਾ ਕਿਆ ਗਣੀ*
*ਜਿ ਸਾਹਿਬਿ ਮੇਲੜੀਆਹ॥* *ਅੰਗ - ੧੩੫*

ਰਾਮ ਅੰਦਰੋਂ ਹੀ ਪ੍ਰਗਟ ਹੋ ਗਿਆ, 'ਮੈਂ' ਦਾ ਪੂਰੀ ਤਰ੍ਹਾਂ ਨਾਲ ਨਾਸ਼ ਹੋ ਗਿਆ, ਹੁਣ 'ਮੈਂ'-'ਮੈਂ' ਨਾ ਰਹੀ, 'ਮੈਂ' 'ਤੂੰ' ਬਣ ਗਈ, 'ਤੂੰ' ਮੈਂ ਬਣ ਗਈ; ਮਹਾਨ ਅਨੰਦ ਦੀ ਪ੍ਰਾਪਤੀ ਹੋ ਗਈ। ਹੁਣ ਪ੍ਰਵਾਨ ਹੋਈਆਂ ਸਹੇਲੀਆਂ ਦਾ ਸੰਗ ਮਿਲ ਗਿਆ।

*ਤਨੁ ਮਨੁ ਮਉਲਿਆ ਰਾਮ ਸਿਉ*
*ਸੰਗਿ ਸਾਧ ਸਹੇਲੜੀਆਹ॥*
*ਸਾਧ ਜਨਾ ਤੇ ਬਾਹਰੀ*
*ਸੇ ਰਹਨਿ ਇਕੇਲੜੀਆਹ॥* *ਅੰਗ- ੧੩੫*

ਇਸ ਮਿਲਾਪ ਤੋਂ ਵਿਹੂਣੇ ਜੀਵ, ਸੰਤਾਂ ਦੀ ਸੰਗਤ ਤੋਂ ਹੀਣੇ ਇਕੱਲੇ ਭਟਕ ਰਹੇ ਹਨ। ਮਾਇਆ ਦੇ ਦੁਖਾਂ ਸੁਖਾਂ ਦੇ ਥਪੇੜ ਖਾਂਦੇ ਹੋਏ ਬੇਹੋਸ਼ੀ ਦੀ ਹੱਦ ਤਕ ਪਹੁੰਚੇ ਹੋਏ ਹਨ ਅਤੇ ਜਮਾਂ ਦੇ ਵਸ ਪੈਂਦੇ ਹਨ, ਨਰਕਾਂ ਦੇ ਦੁਖ ਭੋਗਦੇ ਹਨ ਕਿਉਂਕਿ ਉਨ੍ਹਾਂ ਨੇ ਗੁਰੂ ਦੀ ਸੱਚ ਦੀ ਅਵਾਜ਼ ਨੂੰ ਸ੍ਰਵਣ ਨਾ ਕੀਤਾ।

*ਗੁਰ ਸੇਵਾ ਤੇ ਭਗਤਿ ਕਮਾਈ॥*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ॥*
*ਮਾਨਸ ਜਨਮ ਕਾ ਏਹੀ ਲਾਹੁ॥*
*ਜਬ ਲਗੁ ਜਰਾ ਰੋਗੁ ਨਹੀ ਆਇਆ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥*
*ਜਬ ਲਗੁ ਬਿਕਲ ਭਈ ਨਹੀ ਬਾਨੀ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ॥*
*ਅਬ ਨ ਭਜਸਿ ਭਜਸਿ ਕਬ ਭਾਈ॥*
*ਆਵੈ ਅੰਤੁ ਨ ਭਜਿਆ ਜਾਈ॥*
*ਜੋ ਕਿਛੁ ਕਰਹਿ ਸੋਈ ਅਬ ਸਾਰੁ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ॥*
*ਅੰਗ - ੧੧੫੯*

ਸੋ ਇਸ ਤਰ੍ਹਾਂ ਨਾਲ ਸਾਧੂਆਂ ਦੀ ਸੰਗਤ ਤੋਂ ਵਿਹੂਣਾ ਹੋ ਕੇ ਮਾਇਆ ਦੇ ਮੰਡਲ ਵਿਚ ਕੋਈ ਵੀ ਮਿਤ੍ਰ ਨਾ ਬਣ ਸਕਿਆ ਕਿਉਂਕਿ ਉਹ ਗਰਜਾਂ ਦੀ ਦੁਨੀਆਂ ਹੈ। ਆਪਣੇ ਸੁਖਾਂ ਨੂੰ ਮੁੱਖ ਰੱਖਣ ਵਾਲੀ ਦੁਨੀਆਂ ਹੈ, ਸੁਖਾਂ ਵਿਚ ਸਾਰੇ ਸੰਗੀ ਬਣਦੇ ਹਨ ਪਰ ਦੁਖਾਂ ਵਿਚ ਕੋਈ ਨਹੀਂ ਬਣਦਾ। ਇਸਨੂੰ ਧਿਆਨ ਨਾ ਆਇਆ ਕਿ ਸਾਧੂ ਸੱਚੇ ਮਿਤਰ ਹੁੰਦੇ ਹਨ ਜਿਹੜੇ ਇਥੇ ਵੀ ਸਹਾਇਤਾ ਕਰਦੇ ਹਨ ਤੇ ਦਰਗਾਹ ਵਿਚ ਉਨ੍ਹਾਂ ਦਾ ਹੱਥ ਪਹੁੰਚਦਾ ਹੈ –

*ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ॥*
*ਗੁਰਮੁਖਿ ਪਤਿ ਸਿਉ ਲੇਖਾ ਨਿਬੜੈ*
*ਬਖਸੇ ਸਿਫਤਿ ਭੰਡਾਰ॥*
*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥*
*ਓਥੈ ਸਤਿਗੁਰੁ ਬੇਲੀ ਹੋਵੈ*
*ਕਢਿ ਲਏ ਅੰਤੀਵਾਰ॥* *ਅੰਗ - ੧੨੮੧*

ਪੂਰੇ ਸਤਿਗੁਰੂ ਦਾ ਮਿਲਾਪ ਨਾ ਹੋਣ ਕਰਕੇ ਮਾਇਆ ਮੰਡਲ ਦੇ ਭਿਆਨਕ ਜੰਗਲ ਵਿਚ ਜੀਵ ਇਕੱਲਾ ਭਟਕ ਰਿਹਾ ਹੈ ਅਤੇ ਜਨਮ ਮਰਨ ਦੇ ਚੱਕਰ ਵਿਚ ਘੁਮੇਟਣੀਆਂ ਖਾ ਰਿਹਾ ਹੈ।

*ਸਾਧ ਜਨਾ ਤੇ ਬਾਹਰੀ*
*ਸੇ ਰਹਨਿ ਇਕੇਲੜੀਆਹ॥*
*ਤਿਨ ਦੂਖੁ ਨ ਕਬਹੂ ਉਤਰੈ*
*ਸੇ ਜਮ ਕੈ ਵਸਿ ਪੜੀਆਹ॥* *ਅੰਗ - ੧੩੫*

ਬਾਬਾ ਫਰੀਦ ਜੀ ਮੁਰਸ਼ਦੇ ਕਾਮਲ ਦੀ ਸ਼ਰਨ ਵਿਚ ਜਾ ਕੇ ਆਪਣਾ ਸਰਬੰਸ ਮੁਰਸ਼ਦ ਦੇ ਚਰਨਾਂ ਵਿਚ ਭੇਟ ਕਰਕੇ, ਗਾਖੜੀ ਸੇਵਾ ਕਰ ਰਹੇ ਹਨ। ਅੰਤ ਮੁਰਸ਼ਦ ਨੂੰ ਪ੍ਰਸੰਨ ਕਰ ਲਿਆ, ਉਸਨੇ ਪ੍ਰਭੂ ਦੇ ਦੁਆਰੇ ਦੀ ਚਾਬੀ ਲਾ ਕੇ ਬਜਰ ਕਪਾਟ ਖੋਲ੍ਹ ਦਿਤੇ। ਪ੍ਰਭੂ ਦੇ ਦਰ ਤੇ ਪ੍ਰਵਾਨ ਹੋ ਗਿਆ ਅਤੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਦਰ ਯੋਗ ਅਸਥਾਨ ਪ੍ਰਾਪਤ ਕਰਕੇ ਮਹਾਨ ਸੋਭਾ ਦਾ ਪਾਤਰ ਬਨਿਆ।

*ਜਿਨਿ ਰਾਵਿਆ ਪ੍ਰਭੁ ਆਪਣਾ*
*ਸੇ ਦਿਸਨਿ ਨਿਤ ਖੜੀਆਹ॥*
*ਰਤਨ ਜਵੇਹਰ ਲਾਲ ਹਰਿ*
*ਕੰਠਿ ਤਿਨਾ ਜੜੀਆਹ॥*
*ਨਾਨਕ ਬਾਂਛੈ ਧੂੜਿ ਤਿਨ*
*ਪ੍ਰਭ ਸਰਣੀ ਦਰਿ ਪੜੀਆਹ॥*
*ਮੰਘਿਰਿ ਪ੍ਰਭੁ ਆਰਾਧਣਾ*
*ਬਹੁੜਿ ਨ ਜਨਮੜੀਆਹ॥* *ਅੰਗ-੧੩੫*

ਜਨਮ ਮਰਨ ਦੇ ਚੱਕਰ ਵਿਚੋਂ ਛੁੱਟ ਗਿਆ। ਗੁਰੂ ਮਹਾਰਾਜ ਜੀ ਮੰਘਰ ਦੇ ਮਹੀਨੇ ਵਿਚ ਉਪਦੇਸ਼ ਦਿੰਦੇ ਹਨ, ਪ੍ਰਭੂ ਤੇ ਪ੍ਰਵਾਨ ਹੋਈਆਂ ਰੂਹਾਂ ਬਾਰੇ ਜਾਣਕਾਰੀ ਦਿੰਦੇ ਹੋਏ ਫੁਰਮਾਨ ਕਰਦੇ ਹਨ ਕਿ ਐਸੇ ਮਹਾਂਪੁਰਸ਼ਾਂ ਦੀ ਮਹਿਮਾ ਨੂੰ ਕੋਈ ਲਖ ਨਹੀਂ ਸਕਦਾ। ਜਿਹੜੇ ਮਿਲ ਗਏ ਹਨ ਉਨ੍ਹਾਂ ਦੀ ਧੂੜੀ ਦੀ ਵਾਂਛਾ ਕਰਨੀ ਸਭ ਤੋਂ ਸ਼੍ਰੇਸ਼ਟ ਦਾਤ ਹੈ ਕਿਉਂਕਿ ਇਸ ਧੂੜੀ ਨੂੰ ਦੇਵਤੇ ਵੀ ਲੋਚ ਰਹੇ ਹਨ, ਤੀਰਥਾਂ ਦੇ ਦੇਵਤੇ ਵੀ ਲੋਚ ਰਹੇ ਹਨ। ਇਹ ਧੂੜੀ ਕ੍ਰੋੜਾਂ ਜਨਮਾਂ ਦੇ ਪਾਪਾਂ ਦਾ ਨਾਸ਼ ਕਰਦੀ ਹੈ –

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥*
*ਤੀਰਥਿ ਅਠਸਠਿ ਮਜਨੁ ਨਾਈ॥*
*ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ*
*ਸਭ ਦੁਰਮਤਿ ਮੈਲੁ ਗਵਾਈ॥*

*ਅੰਗ - ੧੨੬੩*

ਸੋ ਇਸ ਕਰਕੇ ਵਿਚਾਰ ਕਰੋ, ਬੇ-ਮਰਯਾਦਾ ਜੀਵਨ ਜੀਵਿਆ ਹੋਇਆ ਦਰਗਾਹ ਵਿਚ ਸ਼ਰਮਿੰਦਾ ਕਰੇਗਾ ਅਤੇ ਮਹਾਨ ਦੁਖਾਂ ਦਾ ਸਾਮ੍ਹਣਾ ਕਰਨਾ ਪਵੇਗਾ –

*ਐਸੀ ਕਲਾ ਨ ਖੇਡੀਐ*
*ਜਿਤੁ ਦਰਗਹ ਗਇਆ ਹਾਰੀਐ॥*

*ਅੰਗ - ੪੬੯*

ਮਨੁੱਖ ਇਨ੍ਹਾਂ ਬਚਨਾਂ ਤੋਂ ਅਚੇਤ ਰਹਿ ਕੇ ਵਿਸ਼ੇ ਵਿਕਾਰਾਂ ਦੇ ਭੋਗਾਂ ਵਿਚ ਲੱਗਿਆ ਹੋਇਆ ਆਪਣਾ ਜੀਵਨ ਬਿਰਥਾ ਗਵਾ ਕੇ ਸੰਸਾਰ ਤੋਂ ਰੋਂਦਾ ਹੋਇਆ ਜਾਂਦਾ ਹੈ। ਮਹਾਰਾਜ ਕਹਿੰਦੇ ਹਨ ਕਿ ਪਿਆਰਿਆ! ਤੂੰ ਅੰਨ੍ਹਾ ਹੋ ਕੇ ਜੀਵਨ ਗੁਆ ਲਿਆ –

*ਆਪੀਨੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥*

*ਅੰਗ - ੪੬੪*

ਸੋ ਇਸ ਕਰਕੇ ਗੁਰੂ ਵਾਲੇ ਬਣੋ, ਗੁਰੂ ਘਰ ਵਿਚ ਪੰਜ ਪਿਆਰਿਆਂ ਪਾਸ ਨਾਮ ਦੀ ਦਾਤ ਸੁਰੱਖਸ਼ਿਤ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਉਤੇ ਪੂਰਨ ਸ਼ਰਧਾ ਲਿਆਵੋ। ਬਾਣੀ ਨੂੰ ਕਮਾਵੋ, ਮਹਾਂਪੁਰਸ਼ਾਂ ਦੀ ਸੰਗਤ ਕਰਕੇ ਆਪਣੇ ਜੀਵਨ ਦਾ ਲਾਹਾ ਪ੍ਰਾਪਤ ਕਰੋ, ਇਹੋ ਉਪਦੇਸ਼ ਇਸ ਮਹੀਨੇ ਦਾ ਗੁਰੂ ਮਹਾਰਾਜ ਜੀ ਨੇ ਬਖਸ਼ਿਸ਼ ਕੀਤਾ ਹੈ। ਕਮਾਓ! ਗੁਰੂ ਬਰਕਤ ਪਾਵੇਗਾ।

# ਸਰਬ ਰੋਗ ਕਾ ਅਉਖਦੁ ਨਾਮੁ ॥
# (ਸ੍ਰੀ ਗੁਰੂ ਨਾਨਕ ਦੇਵ ਜੀ ਤੇ ਵੈਦ ਹਰਿਦਾਸ)

*ਸੰਤ ਵਰਿਆਮ ਸਿੰਘ ਜੀ,*
*ਬਾਨੀ ਟਰੱਸਟ ਰਤਵਾੜਾ ਸਾਹਿਬ*

ਸ਼ਾਨ –........................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ – ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ – ੨੮੯*

*ਧਾਰਨਾ – ਏਕੋ ਕਹੀਐ ਨਾਨਕਾ,*
*ਪਿਆਰੇ ਦੂਜਾ ਕਾਹੇ ਕੂ।*
*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥*
*ਅੰਗ – ੧੨੯੧*

*ਧਾਰਨਾ – ਮਹਿਮਾ ਤੇਰੀ ਨਾ ਵੇਦ ਜਾਣਦੇ।*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ।*
*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ੧ ॥*
*ਅਪਨੀ ਗਤਿ ਆਪਿ ਜਾਨੈ ॥*
*ਸੁਣਿ ਸੁਣਿ ਅਵਰ ਵਖਾਨੈ ॥ ੧ ॥ ਰਹਾਉ ॥*
*ਸੰਕਰਾ ਨਹੀ ਜਾਨਹਿ ਭੇਵ ॥*
*ਖੋਜਤ ਹਾਰੇ ਦੇਵ ॥ ਦੇਵੀਆ ਨਹੀ ਜਾਨੈ ਮਰਮ ॥*
*ਸਭ ਊਪਰਿ ਅਲਖ ਪਾਰਬ੍ਰਹਮ ॥ ੨ ॥*
*ਅਪਨੈ ਰੰਗਿ ਕਰਤਾ ਕੇਲ ॥*
*ਆਪਿ ਬਿਛੋਰੈ ਆਪੇ ਮੇਲ ॥*
*ਇਕਿ ਭਰਮੇ ਇਕਿ ਭਗਤੀ ਲਾਏ ॥*
*ਅਪਣਾ ਕੀਆ ਆਪਿ ਜਣਾਏ ॥ ੩ ॥*
*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥*
*ਨਾਨਕ ਕਾ ਪ੍ਰਭੁ ਆਪੇ ਆਪਿ ॥ ਅੰਗ – ੮੯੪*

*ਧਾਰਨਾ – ਵਾਹਿਗੁਰੂ ਮਹਿਮਾ ਨਾ ਤੇਰੀ ਵੇਦ ਜਾਣਦੇ।*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ।*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਧਿਆਨ, ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਜਿਥੇ ਹੈ, ਇਹਨੂੰ ਆਗਿਆ ਚੱਕਰ ਕਹਿੰਦੇ ਨੇ। ਜਿਥੇ ਗੁਰੂ ਦਾ ਤੇ ਜੀਵ ਆਤਮਾ ਦਾ ਇਕੱਠਾ ਨਿਵਾਸ ਹੈ ਦੋਹਾਂ ਦਾ। ਇਸ ਥਾਂ ਦੇ ਉਤੇ ਸੁਰਤੀ ਬਿਰਤੀ ਟਿਕਾ ਕੇ ਜਿਹੜੀਆਂ ਆਪਾਂ ਵਿਚਾਰਾਂ ਕਰਨੀਆਂ ਨੇ ਧਿਆਨ ਪੂਰਵਕ ਸਰਵਣ ਕਰੋ ਕਿਉਂਕਿ ਸਾਡੇ ਸਾਮ੍ਹਣੇ ਇਕ ਬਹੁਤ ਵੱਡੀ ਸਮੱਸਿਆ ਹੈ, ਉਹ ਇਹ ਹੈ ਕਿ ਅਸੀਂ ਕਰੋੜਾਂ ਹੀ ਜਨਮਾਂ ਤੋਂ ਦੁੱਖਾਂ ਨੇ ਘੇਰੇ ਹੋਏ ਹਾਂ। ਵਾਹਿਗੁਰੂ ਜੀ ਦੀ ਮਹਾਨ ਕ੍ਰਿਪਾ ਹੈ ਕਿ ਇਕ ਦੁਖ ਪੂਰਾ ਹੋਣ ਤੋਂ ਬਾਅਦ ਉਹਨੂੰ ਭੁਲਾ ਦਿੰਦੇ ਨੇ, ਨਵਾਂ ਫੇਰ ਸ਼ੁਰੂ ਹੁੰਦੈ। ਕਿੰਨਾ ਦੁੱਖ ਅਸੀਂ ਕੱਟਿਐ –

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ਅੰਗ – ੧੭੬*

ਕਿਹੋ ਜਿਹੀਆਂ ਨਖਿੱਧ ਜੂਨੀਆਂ ਵਿਚ ਸਾਡਾ ਜੀਵ ਆਤਮਾ ਘੁੰਮਦਾ ਰਿਹਾ। ਹੁਣ ਆਪਾਂ ਸਾਰਿਆਂ 'ਤੇ ਇਕੱਠੀ ਹੀ ਕ੍ਰਿਪਾ ਹੋਈ ਹੈ, ਤੁਹਾਡੇ ਉਤੇ ਵੀ ਮੇਰੇ ਉਤੇ ਵੀ। ਕੀ ਹੋਈ ਹੈ? –

*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ– ੧੭੬*

ਇਹ ਪੰਜਾਂ ਤੱਤਾਂ ਦੀ ਬਣੀ ਹੋਈ ਦੇਹ ਜਿਹਨੂੰ ਮਾਣਸ ਦੇਹ ਆਖਦੇ ਨੇ। ਉਹ ਸਾਨੂੰ ਹੁਣ ਪ੍ਰਾਪਤ ਹੋਈ ਹੈ। ਜੇ ਸਾਡੇ ਹੁਣ ਨਾ ਸਮਝ ਵਿਚ ਆਇਆ ਕਿ ਸਾਡਾ ਕੀ ਮਨੋਰਥ ਹੈ ਸੰਸਾਰ 'ਚ ਆਉਣ ਦਾ। ਫੇਰ ਸਾਡਾ ਇਸ ਪਉੜੀ ਤੋਂ ਹੱਥ ਛੁਟ ਜਾਣੈ –

*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ ॥ ਅੰਗ – ੧੦੭੫*

ਫੇਰ ਮੁੜ ਕੇ ਓਹੀ ਚੱਕਰ ਗਲ ਪੈ ਗਿਆ। ਹੁਣੇ ਨਬੇੜਾ ਕਰ ਦੇਈਏ ਬਹੁਤ ਵਧੀਆ ਗੱਲ ਹੈ। ਕਈ ਪ੍ਰੇਮੀਆਂ ਦਾ ਖਿਆਲ ਹੁੰਦੈ ਕਿ ਐਨੀ ਛੇਤੀ ਵੀ ਹੋ ਸਕਦੈ? ਮਹਾਰਾਜ ਕਹਿੰਦੇ, ਦੇਖੋ –

*ਰੇ ਚਿਤ ਚੇਤਿ ਚੇਤ ਅਚੇਤ ॥*
*ਕਾਹੇ ਨ ਬਾਲਮੀਕਹਿ ਦੇਖ ॥*
*ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ*
*ਰਾਮ ਭਗਤਿ ਬਿਸੇਖ ॥ ਅੰਗ – ੧੧੨੪*

ਜੇ ਆਮ ਭਗਤੀ ਸਾਨੂੰ ਆ ਜਾਵੇ ਕਰਨੀ, ਉਹ ਕਹਿੰਦੇ, ਬਾਲਮੀਕ ਨੂੰ ਦੇਖੋ ਕਿੰਨੇ ਛੋਟੇ ਕੰਮ ਕਰਦਾ

ਸੀ। ਮਾੜੇ ਕੰਮ ਕਰਦਾ ਸੀ –

*ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾਰਾ॥*

*ਭਾਈ ਗੁਰਦਾਸ ਜੀ*

ਰਸਤਾ ਰੋਕੀਂ ਬੈਠਾ ਰਹਿੰਦਾ ਸੀ, ਬੰਦਾ ਮਾਰ ਦੇਣਾ, ਤਲਾਸ਼ੀ ਲੈ ਲੈਣੀ। ਮਹਾਤਮਾ ਆ ਗਏ, ਉਹਨਾਂ ਨੂੰ ਵੀ ਰੋਕ ਲਿਆ, ਕੁਹਾੜਾ ਚੁਕਿਆ ਉਹਨਾਂ ਨੂੰ–

*ਮਾਰਨ ਨੋ ਲੋਚੈ ਘਣਾ ਕਢਿ ਨ ਹੰਘੈ ਹਥੁ ਉਘਾੜਾ॥*

*ਭਾਈ ਗੁਰਦਾਸ ਜੀ*

ਮਾਰਨ ਲਈ ਲੇਕਿਨ ਹੱਥ ਨਹੀਂ ਚੁਕਿਆ ਜਾਂਦਾ। ਸੋਚੀ ਜਾਂਦਾ ਹੈ ਕਿ ਅੱਜ ਮੇਰੀਆਂ ਬਾਹਾਂ ਨੂੰ ਹੋ ਕੀ ਗਿਆ। ਹੋਇਆ ਕੀ?

*ਪੂਰਾ ਸਤਿਗੁਰੁ ਭੇਟਿਆ ਮਨ ਵਿਚਿ ਹੋਆ ਖਿੰਜੋ ਤਾੜਾ।*

*ਭਾਈ ਗੁਰਦਾਸ ਜੀ*

ਪੂਰਾ ਸਤਿਗੁਰੂ ਆ ਗਿਆ, ਉਹਦੀ ਦ੍ਰਿਸ਼ਟੀ ਦਾ ਇਹ ਫਲ ਹੁੰਦੈ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪਾਸ ਹਮਾਯੂੰ ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਦੌੜਿਆ ਜਾਂਦਾ ਹੈ ਪੰਜਾਬ ਤੋਂ ਬਾਹਰ। ਉਹਨੂੰ ਕਿਸੇ ਨੇ ਦਸਿਆ ਕਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਬਚਨ ਕਰਕੇ ਤੁਹਾਡੇ ਪਿਤਾ ਨੂੰ ਰਾਜ ਮਿਲਿਆ ਸੀ। ਉਹਨਾਂ ਦੇ ਕੋਲ ਜਾ ਕੇ ਤੁਸੀਂ ਬਚਨ ਕਰੋ ਕਿ ਮੈਂ ਤਾਂ ਹਾਰ ਚੱਲਿਆ।

ਸ੍ਰੀ ਗੁਰੂ ਅੰਗਦ ਸਾਹਿਬ ਦੇ ਪਾਸ ਆ ਗਿਆ ਖਡੂਰ ਸਾਹਿਬ, ਬੜੀ ਆਕੜ ਹੈ ਅੰਦਰ ਕਿ ਮੈਂ ਬਾਦਸ਼ਾਹ ਹਾਂ। ਮੈਂ ਹਿੰਦੋਸਤਾਨ ਦਾ ਬਾਦਸ਼ਾਹ ਸੀ। ਕੀ ਹੋ ਗਿਆ ਜੇ ਲੜਾਈ ਵਿਚ ਹਾਰ ਗਿਆ। ਕੋਲ ਆ ਗਿਆ। ਗੁਰੂ ਮਹਾਰਾਜ ਨੇ ਧਿਆਨ ਹੀ ਨਾ ਦਿਤਾ। ਇਹ ਕੋਈ ਜ਼ਰੂਰੀ ਨਹੀਂ ਹੁੰਦਾ ਕਿ ਸੰਤ ਹਰੇਕ ਵਲ ਧਿਆਨ ਦੇਣ। ਦੁਨੀਆਂਦਾਰਾਂ ਨੂੰ ਹੁੰਦੈ, ਸਾਧੂਆਂ ਨੂੰ ਨਹੀਂ ਹੁੰਦਾ। ਸੰਤ ਆਪਣੇ ਰੰਗ 'ਚ ਰਹਿੰਦੇ ਨੇ। ਇਹ ਵੀ ਨਹੀਂ ਕਿ ਉਹਨਾਂ ਵਿਚ ਕੋਈ ਅਭਿਮਾਨ ਹੁੰਦੈ। ਉਹਨਾਂ ਵਿਚ ਕੋਈ ਐਸੀ ਸ਼ਕਤੀ ਹੁੰਦੀ ਹੈ –

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥* *ਅੰਗ– ੧੮੬*

ਜਿਹਦਾ ਕਿਹਾ ਹੋਇਆ ਦਰਗਾਹ ਮੰਨ ਜਾਂਦੀ ਹੈ, ਧਰਮਰਾਜਾ ਵੀ ਮੰਨ ਜਾਂਦੈ, ਲੇਖ ਲਿਖਣ ਵਾਲੇ ਵੀ ਮੰਨ ਜਾਂਦੇ ਨੇ। ਕਾਲ ਦਾ ਦੇਵਤਾ ਵੀ ਮੰਨ ਜਾਂਦੈ। ਉਹ ਕਿਉਂ ਨਹੀਂ ਨਿਗ੍ਹਾ ਥੱਲੇ ਲਿਆਉਂਦਾ। ਉਹ ਤਾਂ ਆਪਣੀ ਮੌਜ ਵਿਚ ਰਹਿੰਦੈ। ਇਹ ਜ਼ਰੂਰੀ ਨਹੀਂ ਕਿ ਉਹ ਆਦਰ ਸਤਿਕਾਰ ਕਰੇ ਕਿ ਬਾਦਸ਼ਾਹ ਆਇਆ ਹੈ। ਇਹ ਨਹੀਂ ਹੁੰਦਾ ਕਿ ਉਹ ਬੜਾ ਅਭਿਮਾਨੀ ਹੈ। ਉਹ ਸਹਿਜ ਨਾਲ ਰਹਿੰਦੈ ਕਿਉਂਕਿ ਉਹਨੂੰ ਲੋੜ ਨਹੀਂ ਕਿਸੇ ਚੀਜ਼ ਦੀ। ਕਿਸੇ ਦੀ ਵੀ ਲੋੜ ਨਹੀਂ। ਨਾ ਉਪਮਾ ਦੀ ਲੋੜ ਹੈ, ਨਾ ਉਹਨੇ ਵੋਟਾਂ ਲੈਣੀਆਂ ਨੇ ਕਿ ਬੰਦਿਆਂ ਦੀ ਲੋੜ ਹੈ। ਨਾ ਡੇਰੇ ਚਲਾਉਣ ਦੀ ਲੋੜ ਹੈ। ਬੇਪਰਵਾਹ ਸੁਭਾਅ ਹੁੰਦੈ ਉਹਨਾਂ ਦਾ। ਜਿਹਦੇ ਬਾਰੇ ਐਸਾ ਮਹਾਰਾਜ ਫੁਰਮਾਨ ਕਰਦੇ ਨੇ –

*ਧਾਰਨਾ – ਰੰਗ ਹਸਦੇ ਤੇ ਰੰਗ ਰੋਂਦੇ,*
*ਪਰਵਾਹ ਨਾ ਕਿਸੇ ਦੀ ਰਖਦੇ ਸਾਧੂ।*

*ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥*
*ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥*

*ਅੰਗ– ੪੭੩*

ਵਾਹਿਗੁਰੂ ਦੇ ਪਿਆਰ ਵਿਚ ਹਸਦੇ ਨੇ, ਵਾਹਿਗੁਰੂ ਦੇ ਪਿਆਰ ਵਿਚ ਰੋ ਵੀ ਪੈਂਦੇ ਨੇ। ਵਾਹਿਗੁਰੂ ਦੀ ਮੌਜ ਵਿਚ ਆਏ ਹੋਏ, ਪਿਆਰ ਨਾਲ ਲਿਵਲੀਨ ਹੋਏ ਚੁੱਪ ਵੀ ਕਰ ਜਾਂਦੇ ਨੇ। ਇਕ ਵਾਹਿਗੁਰੂ ਤੋਂ ਬਗੈਰ ਸੰਸਾਰ ਦੀ ਪ੍ਰਵਾਹ ਨਹੀਂ ਕਰਦੇ। ਕੋਈ ਰਾਜਾ ਆ ਜਾਏ, ਕੋਈ ਦੇਵਤਾ ਆ ਜਾਏ, ਇੰਦਰ ਆ ਜਾਏ, ਬ੍ਰਹਮਾ, ਵਿਸ਼ਨੂੰ, ਮਹੇਸ਼ 'ਚੋਂ ਕੋਈ ਆ ਜਾਓ। ਸੋ ਗੁਰੂ ਮਹਾਰਾਜ ਦੇ ਪਾਸ ਆ ਕੇ ਸਿਜਦਾ ਨਹੀਂ ਕਰਿਆ ਕਿ ਮੈਂ ਬਾਦਸ਼ਾਹ ਹਾਂ। ਤਾਂ ਕੀ ਹੋ ਗਿਆ ਜੇ ਮੈਂ ਇਕ ਲੜਾਈ ਹਾਰ ਗਿਆ। ਹਾਂ, ਤਾਂ ਮੈਂ ਹਿੰਦੁਸਤਾਨ ਦਾ ਬਾਦਸ਼ਾਹ। ਫੇਰ ਹਮਲਾ ਕਰਾਂਗਾ, ਫੇਰ ਜਿੱਤ ਲਵਾਂਗਾ। ਉਸੇ ਤਰ੍ਹਾਂ ਖੜ੍ਹਾ ਰਿਹਾ। ਨੀਵੇਂ ਥਾਂ ਨੂੰ ਤਾਂ ਪਾਣੀ ਚਲਿਆ ਜਾਂਦੈ, ਉੱਚੇ ਥਾਂ ਨੂੰ ਨਹੀਂ ਚੜ੍ਹਦਾ –

*ਫਰੀਦਾ ਗਰਬੁ ਜਿਨ੍ਹਾ ਵਡਿਆਈਆ*
*ਧਨਿ ਜੋਬਨਿ ਆਗਾਹ ॥*
*ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥*

*ਅੰਗ– ੧੩੮੩*

ਉੱਚਿਆਂ ਟਿੱਬਿਆਂ ਦੇ ਉਤੇ ਪਾਣੀ ਨਹੀਂ ਠਹਿਰਦਾ। ਨੀਵੇਂ ਹਿਰਦਿਆਂ ਦੇ ਅੰਦਰ ਦੇ ਪਾਣੀ ਸ਼ਰਧਾ ਦਾ ਠਹਿਰ ਜਾਂਦੈ। ਉਸ ਵੇਲੇ ਪੰਦਰਾਂ ਮਿੰਟ ਤੋਂ ਬਾਅਦ ਉਹਨੇ ਕਿਹਾ ਕਿ ਕਮਾਲ ਹੈ, ਦਰਵੇਸ਼ ਹੈ ਕਿਹੋ ਜਿਹਾ? ਇਹ ਮੈਨੂੰ ਪੁੱਛਦਾ ਨਹੀਂ, ਸ਼ਾਹੀ ਪੁਸ਼ਾਕ ਮੈਂ ਪਹਿਨੀ ਹੋਈ ਹੈ, ਮੇਰੇ ਨਾਲ ਕਿੰਨੇ ਸੂਰਬੀਰ ਬਾਹਰ ਖੜ੍ਹੇ ਨੇ। ਸਭ ਕੁਝ ਜਾਣਦਾ ਹੈ ਪਤਾ ਹੈ ਕਿ ਮੈਂ ਕੌਣ ਹਾਂ। ਮੈਨੂੰ ਇਹਨਾਂ ਨੇ ਦੇਖਿਆ ਤਕ ਨਹੀਂ ਨਿਗ੍ਹਾ ਭਰ ਕੇ। ਐਨਾ ਕ੍ਰੋਧ 'ਚ ਆਇਆ ਕਿ ਮੈਂ ਹੁਣੇ ਹੀ ਇਹਨਾਂ ਦਾ ਸੀਸ ਉਤਾਰ ਦੇਣੈ। ਉਸ ਵੇਲੇ ਤਲਵਾਰ ਦੇ ਮੁੱਠੇ ਦੇ ਉਤੇ ਹੱਥ ਚਲਿਆ ਗਿਆ। ਨਾ ਬਾਂਹ ਏਧਰ ਨੂੰ ਹਿਲਦੀ ਹੈ, ਨਾ ਓਧਰ ਨੂੰ ਹਿਲਦੀ ਹੈ, ਨਾ ਤਲਵਾਰ ਕੱਢ ਹੁੰਦੀ ਹੈ। ਦੋ ਤਿੰਨ ਮਿੰਟ 'ਚ ਪਤਾ ਲਗ ਗਿਆ ਕਿ ਹੈਂ ਮੈਂ ਤਾਂ ਇਹਨਾਂ ਦੇ ਅੱਗੇ ਕੁਛ ਵੀ ਨਹੀਂ ਹਾਂ। ਇਹਨਾਂ ਨੇ ਤਾਂ ਜੜ੍ਹ ਬਣਾ ਦਿਤਾ ਮੈਨੂੰ। ਮੇਰੀ ਤਾਂ ਤਾਕਤ ਹੀ

ਕੋਈ ਨਹੀਂ ਹੈ ਇਹਨਾਂ ਮੂਹਰੇ। ਕਿੱਡਾ ਮੈਂ ਆਪਣੇ ਮਨ ਦੇ ਅੰਦਰ ਅਭਿਮਾਨ ਕਰਿਆ। ਮੈਂ ਮਿਲਿਆ ਨਹੀਂ ਸੀ ਕਦੇ ਪੀਰਾਂ, ਫਕੀਰਾਂ ਨੂੰ। ਮੈਨੂੰ ਮੇਰੀ ਖੁਸ਼ਾਮਦ ਕਰਨ ਵਾਲੇ ਮਿਲਦੇ ਰਹੇ ਨੇ, ਮੇਰੇ ਅੱਗੇ ਲੋਕ ਝੁਕਦੇ ਰਹੇ ਨੇ। ਇਹਨਾਂ ਦੀ ਗਤੀ ਦਾ ਮੈਨੂੰ ਨਹੀਂ ਸੀ ਪਤਾ। ਜਦੋਂ ਕੋਈ ਵੀ ਵਸ ਨਾ ਚੱਲਿਆ ਤਾਂ ਕਹਿਣ ਲੱਗਿਆ, ਦਰਵੇਸ਼ ਸਾਂਈਂ! ਆਪ ਦੇ ਚਰਨਾਂ 'ਚ ਆਇਆ। ਮਹਾਰਾਜ ਕਹਿੰਦੇ, ਤਲਵਾਰ ਚਲਾਉਣ ਵਾਸਤੇ? ਸ਼ੇਰਸ਼ਾਹ ਸੂਰੀ ਦੇ ਖਿਲਾਫ਼ ਨਹੀਂ ਤਲਵਾਰ ਚੱਲੀ ਤੇਰੀ ਤੇ ਆ ਕੇ ਦਰਵੇਸ਼ਾਂ ਦੇ ਉਤੇ ਤਲਵਾਰਾਂ ਚਲਾਉਂਦੈ? ਕੀ ਕੰਮ ਹੈ?

ਮਹਾਰਾਜ ਮੈਂ ਯੁੱਧ ਹਾਰ ਆਇਆ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਚਨ ਸੀ ਕਿ ਪੁਸ਼ਤ ਦਰ ਪੁਸ਼ਤ ਤੁਹਾਡੀ ਬਾਦਸ਼ਾਹੀ ਚੱਲੇਗੀ ਜਿੰਨੀ ਦੇਰ ਤਕ ਤੁਸੀਂ ਨੇਕ ਕੰਮ ਕਰੋਂਗੇ। ਕਹਿੰਦੇ, ਤੇਰਾ ਨੇਕ ਕੰਮ ਤਾਂ ਮੈਂ ਤੈਨੂੰ ਹੁਣੇ ਹੀ ਦਿਖਾ ਦਿਤਾ? ਭੁੱਲ ਗਏ ਨਾ ਤੁਸੀਂ? ਪ੍ਰਮੇਸ਼ਰ ਨੂੰ ਵੀ ਤੁਸੀਂ ਭੁੱਲ ਗਏ, ਉਸਨੂੰ ਵੀ ਭੁੱਲ ਗਏ ਜਿਥੋਂ ਤੁਹਾਨੂੰ ਬਾਦਸ਼ਾਹੀਆਂ ਮਿਲੀਆਂ ਨੇ। ਕੀ ਚਾਹੁੰਦਾ ਹੈਂ? ਕਹਿੰਦਾ, ਮੈਂ ਜੀ ਦੁਬਾਰਾ ਹਿੰਦੁਸਤਾਨ ਦੀ ਬਾਦਸ਼ਾਹੀ ਚਾਹੁੰਦਾ ਹਾਂ? ਅੱਧਾ ਘੰਟਾ ਖੜ੍ਹਾ ਕਰਕੇ ਅਸੀਂ ਤੇਰੇ ਵਿਘਨ ਕੱਟ ਦੇਣੇ ਸੀ। ਜਾਹ, 14 ਸਾਲ ਘੁੰਮਦਾ ਫਿਰ, 14 ਸਾਲ ਬਾਅਦ ਫੇਰ ਤੈਨੂੰ ਬਾਦਸ਼ਾਹੀ ਮਿਲੇਗੀ। ਬੇਪਰਵਾਹ ਨੇ। ਬਹੁਤ ਮਹਾਂਪੁਰਸ਼ਾਂ ਦੀਆ ਮਿਸਾਲਾਂ ਆਉਂਦੀਆ ਨੇ, ਇਕ-ਦੋ-ਚਾਰ ਨਹੀਂ ਹਨ। ਸੰਤ ਜਿਹੜਾ ਹੈ ਉਹ ਵਾਹਿਗੁਰੂ ਤੋਂ ਬਗੈਰ ਨਹੀਂ ਕਿਸੇ ਦੀ ਆਸ ਰਖਦਾ ਹੁੰਦਾ। ਕਿਉਂਕਿ ਆਸ ਹੁੰਦੀ ਹੀ ਨਹੀਂ ਉਹਨੂੰ। ਬੇਗਰਜ਼, ਬੇਲੋੜ ਹੁੰਦੈ। ਕਿਸੇ ਚੀਜ਼ ਦੀ ਲੋੜ ਨਹੀਂ ਹੈ। ਜੇ ਕਹੋ ਕਿ ਆਸ਼ਰਮ ਬਣਾਉਂਣੈ, ਉਹਦੀ ਲੋੜ ਹੈ। ਬਿਲਕੁਲ ਨਹੀਂ, ਸੰਤਾਂ ਨੂੰ ਤਾਂ ਲੋੜ ਹੀ ਨਹੀਂ। ਸਾਂਭਣ ਵਾਲਾ ਆ ਜਾਵੇ, ਉਹ ਕਹਿੰਦੇ ਨੇ ਸਾਂਭ ਲਵੇ ਅਸੀਂ ਚੱਲੇ। ਉਥੋਂ ਪਕੜ ਨਹੀਂ ਕੋਈ ਵੀ।

ਇਥੇ ਲੁਧਿਆਣੇ ਜ਼ਿਲੇ 'ਚ ਜਗਰਾਉਂ ਇਕ ਮਹਾਤਮਾ ਹੁੰਦਾ ਸੀ ਜਹਾਂਗੀਰ ਵੇਲੇ। ਉਹਦਾ ਨਾਉਂ ਸੀ ਮੋਹਕਮਦੀਨ। ਜਹਾਂਗੀਰ ਦੇ ਓਲਾਦ ਨਾ ਹੋਈ। ਕਿਸੇ ਨੇ ਦਸਿਆ ਕਿ ਤੁਸੀਂ ਮੋਹਕਮਦੀਨ ਦੇ ਚਰਨਾਂ ਵਿਚ ਜਾਓ, ਜੇ ਉਹ ਬਚਨ ਕਰ ਦੇਣ ਤਾਂ ਉਲਾਦ ਹੋ ਜਾਏਗੀ। ਕਿਉਂਕਿ ਮਹਾਤਮਾ ਦਾ ਕਿਹਾ ਹੋਇਆ ਦਰਗਾਹ ਮੰਨਦੀ ਹੈ। ਲੇਖ ਨਹੀਂ ਲਿਖਿਆ ਤਾਂ ਲਿਖ ਦਿੰਦੀ ਹੈ। ਬਚਨ ਹੋ ਜਾਂਦੈ, ਕਹਿੰਦੇ ਲਿਖੋ ਲੇਖ ਹੁਣ। ਉਥੇ ਆ ਗਿਆ, ਬੜੀ ਸ਼ਾਨ ਸ਼ੌਕਤ ਨਾਲ ਆ ਰਿਹੈ, ਹਾਥੀ, ਘੋੜੇ ਲਈ ਆਉਂਦਾ ਹੈ। ਮਹਾਤਮਾ ਭੋਰੇ ਵਿਚ ਰਹਿੰਦੇ ਸੀ। ਇਕ ਬੀਬੀ ਉਹਨਾਂ ਦੀ ਸੇਵਾ ਵਿਚ ਸੀ, ਉਹ ਪ੍ਰਸ਼ਾਦ ਪਾਣੀ ਦਾ ਬੰਦੋਬਸਤ, ਕਪੜਾ ਲੀੜਾ ਧੋਣਾ, ਸਾਰਾ ਦੇਖ ਰੇਖ ਕਰਦੀ ਹੈ। ਉਹਨਾਂ ਨੇ ਅਵਾਜ਼ ਦਿਤੀ ਬਾਨੋ! ਇਹ ਰੌਲਾ ਕਾਹਦਾ ਪੈ ਰਿਹੈ। ਕਹਿਣ ਲੱਗੀ, ਹਜ਼ੂਰ! ਸ਼ਹਿਨਸ਼ਾਹੇ ਹਿੰਦ ਜਹਾਂਗੀਰ ਫੌਜਾਂ, ਘੋੜਿਆਂ ਸਮੇਤ ਪਧਾਰ ਰਿਹੈ ਅਤੇ ਆਪ ਦਾ ਦਰਸ਼ਨ ਕਰਨਾ ਚਾਹੁੰਦੇ ਨੇ।

ਕਹਿਣ ਲੱਗੇ, ਜਾਓ ਪੁੱਛ ਕੇ ਆਓ, ਕੀ ਚਾਹੁੰਦੇ ਨੇ?

ਇਸ਼ਾਰਾ ਕਰ ਦਿਤਾ, ਦੂਰ ਹੀ ਖੜ੍ਹਾ ਹੋ ਗਿਆ। ਜਾ ਕੇ ਪੁਛ ਕੇ ਆ ਕੇ ਕਹਿਣ ਲੱਗੀ, ਹਜ਼ੂਰ! ਇਕ ਸ਼ਹਿਜ਼ਾਦਾ ਚਾਹੁੰਦਾ ਹੈ। ਓਲਾਦ ਨਹੀਂ ਉਹਦੇ। ਕਹਿੰਦੇ, ਜਾਓ ਕਹਿ ਦਿਓ ਹੋ ਜਾਏਗਾ। ਵਾਪਸ ਮੁੜ ਜਾਏ, ਅਸੀਂ ਨਹੀਂ ਮਿਲਣਾ ਹੈ। ਵਾਪਸ ਮੁੜ ਗਿਆ। ਕੁਝ ਸਮੇਂ ਬਾਅਦ ਸ਼ਾਹਜਹਾਨ ਦਾ ਜਨਮ ਹੋ ਗਿਆ। ਉਸ ਤੋਂ ਵੀ ਜ਼ਿਆਦਾ ਜਲੌਅ ਦੇ ਨਾਲ ਆਇਆ। ਬੈਂਡ ਵਾਜੇ ਵੀ ਨਾਲ ਲੈ ਆਇਆ। ਜਦੋਂ ਬੈਂਡ ਵਾਜਿਆਂ ਦੀ ਅਵਾਜ਼ ਸੁਣੀ ਪੀਰ ਮੋਹਕਮਦੀਨ ਨੇ, ਕਹਿਣ ਲੱਗੇ, ਇਹ ਕਿਆ ਖੜਕਾ ਦੜਕਾ ਹੈ? ਕਹਿਣ ਲੱਗੀ, ਹਜ਼ੂਰ! ਸ਼ਹਿਨਸ਼ਾਹੇ ਹਿੰਦ ਆਇਆ ਹੈ। ਆਪ ਦੇ ਬਚਨ ਦੇ ਨਾਲ, ਬਖਸ਼ਿਸ਼ ਦੇ ਨਾਲ ਸ਼ਹਿਜ਼ਾਦੇ ਨੇ ਜਨਮ ਲੈ ਲਿਆ। ਤੁਹਾਡੇ ਚਰਨਾਂ 'ਤੇ ਲਿਟਾਉਣ ਆਇਆ ਹੈ। ਕਹਿੰਦੇ, ਉਸ ਨੂੰ ਰੋਕੋ। ਸ਼ਹਿਜ਼ਾਦੇ ਕੋ ਲੇ ਆਓ। ਬੇਗਮ! ਆਪਣੀ ਗੋਦੀ ਦੇ ਵਿਚ ਸ਼ਹਿਜ਼ਾਦੇ ਨੂੰ ਲੈ ਗਈ। ਉਹਨੂੰ ਰੋਕ ਦਿਤਾ। ਉਹਨਾਂ ਨੇ ਚਰਨਾਂ 'ਚ ਲਿਟਾ ਦਿਤਾ, ਉਹਨਾਂ ਨੇ ਦ੍ਰਿਸ਼ਟੀ ਨਾਲ ਦੇਖਿਆ ਕੋਈ ਵਿਘਨ ਤਾਂ ਨਹੀਂ ਹੈ? ਅਸ਼ੀਰਵਾਦ ਦਿਤੀ। ਕਹਿੰਦੇ ਲੈ ਜਾਓ। ਕਹਿੰਦੇ, ਹਜ਼ੂਰ! ਉਹ ਰੌਸ਼ਨੀ ਕਰਨੀ ਚਾਹੁੰਦੈ। ਸੋਨੇ ਦੇ ਦੀਵੇ ਲੈ ਕੇ ਆਏ। ਨੇ ਅਗਰ ਹੁਕਮ ਹੋਵੇ ਤਾਂ ਉਹ ਰੋਸ਼ਨੀ ਕਰ ਦੇਵੇਗਾ। ਕਹਿ ਦਿਓ ਕਰ ਦੇ। ਪਰ ਖੁਦ ਨਾ ਆਏ ਵਾਪਸ ਮੋੜ ਦਿਤਾ। ਸੋਨੇ ਦੇ ਦੀਵੇ ਵੱਡੇ-ਵੱਡੇ ਲਿਆਇਆ ਸੀ। ਉਹਨੇ ਨਾਲ ਕਿਹਾ ਸੀ ਕਿ ਹਜ਼ੂਰ ਮੈਨੂੰ ਹੁਕਮ ਦੇ ਦਿਓ ਮੈਂ ਹਰ ਸਾਲ ਰੌਸ਼ਨੀ ਕਰਿਆ ਕਰਾਂ। ਕਹਿੰਦੇ, ਜੋ ਮਨ 'ਚ ਆਉਂਦੈ ਕਰੋ। ਵਾਪਸ ਮੋੜ ਦਿਤਾ, ਦਰਸ਼ਨ ਹੀ ਨਹੀਂ ਦਿਤੇ, ਕੋਈ ਗੱਲ ਹੀ ਨਹੀਂ ਕਰੀ। ਰੋਸ਼ਨੀ ਹੁਣ ਤਕ ਚਲਦੀ ਰਹੀ ਹੈ ਜਗਰਾਵਾਂ ਦੀ। ਮਸ਼ਹੂਰ ਸੀ ਰੋਸ਼ਨੀ। ਇਹ ਸਾਧੂ ਦਾ ਵਰਤ ਵਰਤਾਰਾ ਹੁੰਦੈ।

ਜਿਸ ਵਕਤ ਬਾਲਮੀਕ ਨੇ ਦੇਖਿਆ - ਉਹਦਾ ਕੰਮ ਸੀ ਦੇਖਦੇ ਸਾਰ ਬੰਦੇ ਨੂੰ ਮਾਰ ਦੇਣਾ। ਉਹਨੇ ਕਿਹਾ ਕਿ ਕਈ ਬੰਦੇ ਨੇ।

*ਸਤਿਗੁਰ ਮਨੂਆ ਰਾਖਿਆ ਹੋਇ ਨ ਆਵੈ ਉਛੋਹਾੜਾ॥*

*ਭਾਈ ਗੁਰਦਾਸ ਜੀ*

ਉਸ ਵੇਲੇ ਉਹਨਾਂ ਨੇ ਪੁੱਛਿਆ ਕਿਉਂ ਮਾਰਦਾ ਹੈਂ ਬੰਦਿਆਂ ਨੂੰ? ਕਹਿੰਦਾ, ਮੇਰਾ ਰੋਜ਼ਗਾਰ ਹੈ। ਇਹ ਰੁਜ਼ਗਾਰ ਕੀਹਨੂੰ ਦਿੰਨੈ? ਕਹਿੰਦਾ, ਮਾਂ ਨੂੰ, ਘਰਵਾਲੀ ਨੂੰ, ਬੱਚਿਆਂ ਨੂੰ। ਕਹਿੰਦੇ, ਤੈਨੂੰ ਇਹਦੇ ਲੇਖੇ ਦੇਣੇ ਪੈਣੇ ਨੇ? ਕਹਿੰਦਾ, ਲੇਖੇ ਹੁੰਦੇ ਨੇ? ਜੇ ਮੈਨੂੰ ਦਿਖਾ ਦੇਵੋਂ ਮੈਂ ਮੰਨ ਜਾਵਾਂਗਾ। ਕਹਿੰਦੇ, ਬਹਿ ਜਾ, ਛਟੀ ਰਖ ਦਿਤੀ ਸਿਰ ਦੇ ਉਤੇ। ਕੀ ਦੇਖਦੈ –

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*
*ਅੰਗ- ੧੪੨੫*

ਦੋਜਖ ਦੇ ਵਿਚ ਕੁਰਲਾਹਟ ਹੋਈ ਪਈ ਹੈ। ਕਹਿੰਦੇ, ਕਿਉਂ ਬਾਲਮੀਕ! ਦੇਖ ਲਿਆ, ਆਹ ਹਾਲ ਤੇਰਾ ਹੋਣੈ। ਜਾਹ, ਪਹਿਲਾਂ ਪੁੱਛ ਕੇ ਆ ਕਿ ਘਰਵਾਲੇ ਤੇਰੀ ਸਹਾਇਤਾ ਕਰਨਗੇ?

*ਅਉਗੁਣ ਸਭ ਪਰਗਾਸਿਅਨੁ ਰੋਜਗਾਰੁ ਹੈ ਏਹੁ ਅਸਾੜਾ॥*
*ਘਰਿ ਵਿਚਿ ਪੁਛਣ ਘਲਿਆ ਅੰਤਕਾਲ ਹੈ ਕੋਇ ਅਸਾੜਾ॥*
*ਭਾਈ ਗੁਰਦਾਸ ਜੀ*

ਇਕੱਲੇ-ਇਕੱਲੇ ਨੂੰ ਪੁੱਛਿਆ, ਉਹ ਕਹਿੰਦੇ ਦੇਖ ਤੇਰੀ ਡਿਊਟੀ ਹੈ। ਮਾਂ ਕਹਿੰਦੇ, ਮੈਂ ਤੈਨੂੰ ਪੈਦਾ ਕਰਿਆ ਹੈ, ਜਵਾਨ ਬਣਾਇਐ। ਹੁਣ ਤੇਰੀ ਡਿਊਟੀ ਹੈ ਕਿ ਚਾਹੇ ਨੇਕ ਕਮਾਈ ਕਰ, ਚਾਹੇ ਵੱਢ ਕੱਟ ਕਰ, ਅਸੀਂ ਤਾਂ ਲੈਣਾ ਹੀ ਲੈਣਾ ਹੈ ਤੇਰੇ ਤੋਂ।

ਵਾਪਸ ਆ ਗਿਆ। ਦਿਲ ਟੁੱਟ ਗਿਆ।

ਕੋਈ ਨਹੀਂ ਉਹਦੀ ਸਹਾਇਤਾ ਕਰਨ ਨੂੰ ਤਿਆਰ ਹੋਇਆ। ਉਸ ਵੇਲੇ ਕਹਿਣ ਲੱਗਿਆ, ਮੇਰੇ ਉਤੇ ਕ੍ਰਿਪਾ ਕਰੋ। ਐਨੇ ਪਾਪ ਮੈਂ ਕਿਵੇਂ ਸਹਿ ਸਕਾਂਗਾ।

ਮਹਾਤਮਾ ਕਹਿਣ ਲੱਗੇ, ਕਿ ਕ੍ਰਿਪਾ ਅਸੀਂ ਤੈਨੂੰ ਨਾਮ ਦਿੰਨੇ ਹਾਂ। ਇਹਦੀ ਸਾਧਨਾ ਕਰ, ਕ੍ਰਿਪਾ ਸਮੇਂ ਸਿਰ ਹੋ ਜਾਏਗੀ। ਉਸ ਵੇਲੇ ਉਹਨਾਂ –

*ਕੋੜਮੜਾ ਚਉਖੰਨੀਐ ਕੋਇ ਨ ਬੇਲੀ ਕਰਦੇ ਝਾੜਾ।*
*ਸਚੁ ਦ੍ਰਿੜਾਇ ਉਧਾਰਿਅਨੁ ਟਪਿ ਨਿਕਥਾ ਉਪਰ ਵਾੜਾ।*
*ਭਾਈ ਗੁਰਦਾਸ ਜੀ*

ਨਾਮ ਦੇ ਦਿਤਾ ਉਸ ਨੂੰ। ਹੁਣ ਲਗਨ ਪੱਕੀ ਸੀ। ਸਾਡੀ ਲਗਨ ਤਾਂ ਪੱਕੀ ਨਹੀਂ ਹੈ ਸਾਧਸੰਗਤ ਜੀ। ਅਸੀਂ ਜਾਣ ਲਈਆਂ ਸਭ ਗੱਲਾਂ ਲੇਕਿਨ ਸਾਡੇ ਵਿਚ ਉਹ ਲਗਨ ਹੀ ਪੈਦਾ ਨਹੀਂ ਹੋ ਸਕਦੀ। ਕਿਹੜਾ ਬੰਦਾ ਹੈ ਜਿਹੜਾ ਭੁੱਲਿਆ ਹੋਇਐ ਕਿ ਦਰਗਾਹ ਵਿਚ ਜਾਣਾ ਹੈ। ਲੇਖੇ ਪੱਤੇ ਦੇਣੇ ਨੇ। ਨਾਮ ਜਪਾਂਗੇ ਛੁਟਕਾਰਾ ਹੋ ਜਾਏਗਾ। ਫੇਰ ਵੀ ਅਸੀਂ ਨਹੀਂ ਜਪ ਸਕਦੇ। ਪਰ ਉਹ ਇਹੋ ਜਿਹਾ ਨਹੀਂ ਸੀ। ਨਿਸੰਗ ਦਿਲ ਦਾ ਬੰਦਾ ਸੀ ਇਰਾਦੇ ਦਾ ਪੱਕਾ। ਜੇ ਬੰਦੇ ਮਾਰਨ ਲੱਗਿਆ ਤਾਂ ਉਹ ਵੀ ਇਰਾਦਾ ਪੱਕਾ ਕਰਕੇ। ਹੁਣ ਜਦ ਸੰਤਾਂ ਦੇ ਬਚਨ ਵਿਚ ਆ ਗਿਆ ਤਾਂ ਵੀ ਇਰਾਦਾ ਪੱਕਾ ਕਰਕੇ ਆਇਆ। ਮਹਾਰਾਜ ਕਹਿੰਦੇ ਜੇ ਸੰਤਾਂ ਦਾ ਬਚਨ ਕਮਾ ਲਓ, ਪਾਰ-ਉਤਾਰਾ ਹੋ ਜਾਇਆ ਕਰਦੈ, ਸਾਗਰ ਤਰ ਹੋ ਜਾਇਆ ਕਰਦੈ–

*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ- ੭੪੭*

ਇਤਿਹਾਸ ਦੇ ਅੰਦਰ ਆਉਂਦੈ ਕਿ ਉਸ ਵੇਲੇ ਪ੍ਰਤੀਲੋਮ ਨਾਮ ਦੇ ਦਿਤਾ। ਪ੍ਰਤੀਲੋਮ ਉਹਨੂੰ ਕਹਿੰਦੇ ਨੇ ਜਿਹੜਾ ਅਧਿਕਾਰੀ ਨਾ ਹੋਵੇ। ਜਿਵੇਂ 'ਗੁਰੂ ਵਾਹਿ' 'ਗੁਰੂ ਵਾਹਿ' ਕਹਿ ਦਿਤਾ ਜਾਵੇ। ਉਸ ਨੇ ਉਸ ਨਾਮ ਨੂੰ ਜਪਿਆ। ਮਹਾਤਮਾ 14 ਸਾਲ ਬਾਅਦ ਆਏ, ਦੇਖਿਆ ਤਾ ਸਮਾਧੀ ਲੱਗੀ ਹੋਈ ਹੈ, ਆਲੇ-ਦੁਆਲੇ ਪੱਤੇ ਜਮ੍ਹਾਂ ਹੋ ਗਏ, ਪੱਤਿਆਂ 'ਤੇ ਮਿੱਟੀ ਆ ਗਈ। ਉਸ ਤੋਂ ਬਾਅਦ ਸਿਉਂਕ ਚੜ੍ਹਨੀ ਸ਼ੁਰੂ ਹੋ ਗਈ। ਵਿਚੋਂ ਕੱਢਿਆ ਇਹਨੂੰ, ਸੁਰਜੀਤ ਕੀਤਾ ਤਾਂ ਉਸ ਵੇਲੇ ਉਸ ਨੂੰ ਤੱਤਵ ਦਾ ਗਿਆਨ ਦਿਤਾ। ਉਹ ਗਿਆਨ ਜਿਹੜਾ ਸਾਨੂੰ ਪ੍ਰਾਪਤ ਨਹੀਂ ਹੁੰਦਾ, ਪ੍ਰਾਪਤ ਤਾਂ ਹੁੰਦੈ –

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਅੰਗ- ੩੦੬*

ਅਸੀਂ ਮੰਤਰ ਤਾਂ ਲੈ ਲੈਂਦੇ ਹਾਂ ਪੰਜ ਪਿਆਰਿਆਂ ਤੋਂ ਪਰ ਜੋ ਬ੍ਰਹਮਗਿਆਨ ਅੰਮ੍ਰਿਤ ਹੈ, ਉਹਦੀ ਸਾਨੂੰ ਪ੍ਰਾਪਤੀ ਨਹੀਂ ਹੁੰਦੀ। ਕਿਉਂਕਿ ਉਹ ਕਰਨੀ ਕਮਾਈ ਤੋਂ ਬਾਅਦ ਪ੍ਰਾਪਤ ਹੋਇਆ ਕਰਦੈ। ਸੋ ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ! ਮੈਂ ਬੇਨਤੀ ਕਰੀ ਸੀ ਕਿ ਜੇ ਇਰਾਦਾ ਪੱਕਾ ਹੋਵੇ ਤਾਂ ਅਸੀਂ ਹੁਣ ਵੀ ਤਰ ਸਕਦੇ ਹਾਂ –

*ਆਗੈ ਸਮਝ ਚਲਹੁ ਨੰਦਲਾਲਾ ਪੀਛੇ ਜੋ ਬੀਤੀ ਸੋ ਬੀਤੀ ।*

ਜਿਹੜਾ ਬੀਤਣਾ ਸੀ ਬੀਤ ਗਿਆ। ਹੁਣ ਇਹਦੇ ਵਿਚ ਸਵਾਲ ਆਉਂਦੈ ਕਿ ਇਕ ਤਾਂ ਬਚਪਨ ਤੋਂ ਹੀ ਖੇਤੀ ਕਰ ਰਿਹੈ। ਕਾਰੋਬਾਰ ਕਰ ਰਿਹੈ, ਬਿਜ਼ਨਸ ਕਰ ਰਿਹੈ। ਬੇਅੰਤ ਧਨੀ ਹੋ ਗਿਆ। ਇਕ ਅੱਜ ਲਗਿਐ ਇਕ ਦਮ ਤਾਂ ਨਹੀਂ ਹੋਣਾ। ਪਰ ਨਾਮ ਦੇ ਰਸਤੇ 'ਚ ਇਹ ਗੱਲ ਨਹੀਂ ਆਉਂਦੀ। ਨਾਮ ਦੇ ਵਿਚ ਤਾਂ ਆਉਂਦੀ ਹੈ ਕਿ ਤੁਹਾਡੇ ਅੰਦਰਲੇ ਪਾਸੇ ਲਗਨ ਕਿੰਨੀ ਹੈ। ਕਿੰਨੀ ਤੁਹਾਡੇ ਅੰਦਰ ਸ਼ਰਧਾ ਹੈ। ਕਿੰਨੇ ਪਿਆਰ ਦੇ ਨਾਲ ਤੁਸੀਂ ਇਸ ਪਾਸੇ ਲਗ ਸਕਦੇ ਹੋ। ਕਿੰਨਾ ਵੈਰਾਗ ਹੈ ਉਹਨੇ ਤੁਹਾਨੂੰ ਚੜ੍ਹਾ ਦੇਣੈ। ਸਮੇਂ ਦੀ ਬੰਧਸ਼ ਨਹੀਂ ਹੈ ਭਜਨ ਦੇ ਵਿਚ। ਨਾ ਹੋਵੇ ਤਾਂ ਆਦਮੀ ਸੈਂਕੜੇ ਜਨਮ ਵੀ ਕਰੀ ਜਾਂਦੈ। ਲੰਘਣਾ ਹੁੰਦੈ ਇਕ ਜਨਮ ਵਿਚ ਵੀ ਲੰਘ ਜਾਂਦੈ। ਮਹਾਰਾਜ ਕਹਿੰਦੇ, ਦੇਖ ਲਓ ਬਾਲਮੀਕ ਨੂੰ।

ਪਾਂਡਵਾਂ ਨੇ ਮਹਾਂਭਾਰਤ ਦੇ ਯੁੱਧ ਤੋਂ ਬਾਅਦ ਰਾਜਸੀ ਯੱਗ ਕਰਿਆ। ਜਦੋਂ ਯੱਗ ਕਰ ਰਹੇ ਸੀ ਤਾਂ ਬਾਂਸ ਉਤੇ ਸੰਖ ਬੰਨ੍ਹ ਦਿਤਾ। ਜਦ ਉਹਨਾਂ ਦਿਨਾਂ 'ਚ ਇਸ ਤਰ੍ਹਾਂ ਹੀ ਹੁੰਦਾ। ਹੁਣ ਕਲਜੁਗ ਵਿਚ ਆ

ਗਏ। ਪਹਿਲਾਂ ਸ੍ਰੀ ਅਖੰਡਪਾਠ ਕਰਨ ਵੇਲੇ ਨਾਰੀਅਲ ਦੇ ਵਿਚੋਂ ਸੁਆਹ ਜਿਹੀ ਨਿਕਲਦੀ ਹੁੰਦੀ। ਹੁਣ ਇਹਨਾਂ ਗੱਲਾਂ ਦਾ ਹੈ ਹੀ ਨਹੀਂ। ਕਿਉਂਕਿ ਐਸਾ ਹੀ ਹੈ ਸੰਸਾਰ ਦੇ ਵਿਚ, ਸ਼ਰਧਾ ਘਟੀ ਹੋਈ ਹੈ ਰਸਮ ਬਣ ਗਈ। ਸੋ ਜਿਸ ਵਕਤ ਯੱਗ ਸੰਪੂਰਨ ਹੋ ਗਿਆ, ਕ੍ਰਿਸ਼ਨ ਮਹਾਰਾਜ ਨੇ ਕਿਹਾ, ਮੈਂ ਦੋ ਡਿਊਟੀਆ ਦੇਵਾਂਗਾ। ਇਕ ਤਾਂ ਮੈਂ ਸੰਤਾਂ ਦੀ ਸੇਵਾ ਕਰਨੀ-ਚਰਨ ਧੋ ਕੇ, ਇਕ ਮੈਂ ਜੂਠੀਆ ਪੱਤਲਾਂ ਚੁੱਕਣੀਆਂ ਨੇ। ਉਹਨਾਂ ਨੇ ਇਹ ਡਿਊਟੀ ਦਿਤੀ, ਫੇਰ ਵੀ ਨਾਂਹ ਵੱਜਿਆ ਸੰਖ। ਪਾਂਡਵ ਕਹਿਣ ਲੱਗੇ, ਮਹਾਰਾਜ! ਤੁਸੀਂ 16 ਕਲਾ ਸੰਪੂਰਨ ਦੁਆਪਰ ਯੁੱਗ ਦੇ ਅਵਤਾਰ ਹੋ ਤੇ ਯੱਗ ਸੰਪੂਰਨ ਨਹੀਂ ਹੋਇਆ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਇਕ ਮਹਾਤਮਾ ਨੂੰ ਤੁਸੀਂ ਨਿਮੰਤਰਣ ਨਹੀਂ ਦਿਤਾ। ਤੁਸੀਂ ਜਾਤ-ਪਾਤ ਦੇ ਝਗੜੇ 'ਚ ਪੈ ਗਏ। ਆਤਮਾ ਦੀ ਕੋਈ ਜਾਤ ਨਹੀਂ ਹੋਇਆ ਕਰਦੀ। ਆਤਮਾ ਵਾਹਿਗੁਰੂ ਦੀ ਅੰਸ ਹੁੰਦੀ ਹੈ ਜੀਵ ਆਤਮਾ। ਕਹਿਣ ਲੱਗੇ, ਮਹਾਰਾਜ! ਸਾਨੂੰ ਦੱਸੋ ਉਹ ਕਿੱਥੇ ਨੇ? ਕਹਿਣ ਲੱਗੇ, ਯਮੁਨਾ ਦੇ ਕਿਨਾਰੇ 'ਤੇ ਬੈਠੇ ਨੇ ਫਲਾਣੇ ਥਾਂ 'ਤੇ, ਕਿਰਤ ਕਰਦੇ ਨੇ ਛੱਜ ਬਣਾ ਰਹੇ ਨੇ। ਉਹਨਾਂ ਦਾ ਪਤਾ ਉਹਨਾਂ ਦੇ ਸਮਾਜ ਨੂੰ ਵੀ ਹੈ ਨਹੀਂ। ਲੇਕਿਨ ਦਰਗਾਹ ਦੇ ਵਿਚ ਉਹ ਸੂਰਜ ਚੰਦਰਮਾ ਦੀ ਤਰ੍ਹਾਂ ਚਮਕ ਰਹੇ ਨੇ। ਜਾਓ ਉਹਨਾਂ ਨੂੰ ਲੈ ਕੇ ਆਓ। ਉਥੇ ਵਾਰੀ-ਵਾਰੀ ਪੰਜੋ ਪਾਂਡਵ ਜਾਂਦੇ ਨੇ। ਉਹ ਕਹਿਣ ਲੱਗੇ, ਮੇਰੀ ਇਕ ਸ਼ਰਤ ਹੈ। ਤੁਹਾਡੇ ਸ਼ਾਸਤਰਾਂ ਦੇ ਮੁਤਾਬਿਕ ਜੇ ਮੈਂ ਤੁਹਾਡੇ ਬਰਾਬਰ ਬੈਠ ਕੇ ਪ੍ਰਸ਼ਾਦਾ ਛਕ ਲਿਆ ਤਾਂ ਮੈਨੂੰ ਦੋਸ਼ ਲੱਗੇਗਾ। ਓਸ ਦੋਸ਼ ਨੂੰ ਲਾਹੁਣ ਵਾਸਤੇ ਇਕ ਯੱਗ ਦਾ ਫਲ ਮੈਨੂੰ ਦਿਓ। ਉਹ ਕਹਿੰਦੇ ਅਸੀਂ ਤਾਂ ਪਹਿਲਾ ਹੀ ਯੱਗ ਕਰ ਰਹੇ ਹਾਂ। ਉਹਨਾਂ ਨੇ ਪੰਜਾਂ ਪਾਂਡਵਾਂ ਨੂੰ ਆਉਣ ਤੋਂ ਜਵਾਬ ਦੇ ਦਿਤਾ। ਉਹਦੇ ਵਿਚ ਇਕ ਰਹੱਸ ਸੀ ਸਾਧਸੰਗਤ ਜੀ! ਉਹ ਇਹ ਸੀ ਕਿ ਜੇ ਸਾਧੂ ਨੂੰ ਮਿਲਣ ਜਾਣਾ ਹੈ ਨਾ, ਵਿਚ ਅਭਿਮਾਨ ਲੈ ਕੇ ਨਾ ਜਾਓ, ਖਾਲੀ ਹੋ ਕੇ ਜਾਓ। ਜਲੌਅ ਨਾਲ ਨਾ ਜਾਓ, ਕੁਛ ਵੀ ਨਹੀਂ ਮਿਲਦਾ।

ਮਾਤਾ ਜੀ ਨੂੰ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਤੁਸੀਂ ਬਾਬਾ ਬੁੱਢਾ ਜੀ ਕੋਲ ਜਾਓ। ਪਹਿਲੇ ਦਿਨ ਬੜੇ ਜਲੌਅ ਨਾਲ ਗਏ, ਉਹਨਾਂ ਨੇ ਜਵਾਬ ਦੇ ਦਿਤਾ ਕਿ ਮੈਂ ਤਾ ਸਿੱਖ ਹਾਂ, ਮੈਂ ਕੀ ਦੇ ਸਕਦਾ ਹਾਂ। ਇਹ ਸਭ ਦਾਤਾਂ ਤਾ ਗੁਰੂ ਕੋਲ ਨੇ। ਗੁਰੂ ਮਹਾਰਾਜ ਨੇ ਸਮਝਾਇਆ ਕਿ ਇਸ ਤਰ੍ਹਾਂ ਨਹੀਂ ਸਾਧੂ ਕੋਲ ਜਾਈਦਾ, ਨਿਮਰਤਾ ਧਾਰ ਕੇ, ਭਾਵਨਾ ਸਹਿਤ ਜਾਈਦੈ। ਦੂਸਰੀ ਵਾਰੀ ਜਦੋਂ ਉਸ ਤਰ੍ਹਾਂ ਜਾਂਦੇ ਨੇ ਤਾਂ ਪੁੱਤਰ ਦਾ, ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਦਾ ਪ੍ਰਕਾਸ਼ ਹੋਇਆ ਉਹਨਾਂ ਦੇ ਬਚਨਾਂ ਕਰਕੇ।

ਸੋ ਇਹ ਜਿਹੜੇ ਪੰਜੇ ਭਰਾ ਸੀ ਇਹ ਚੱਕਰਵਰਤੀ ਰਾਜੇ ਸੀ। ਇਹ ਬਾਦਸ਼ਾਹ ਬਣ ਕੇ ਸੰਤਾਂ ਕੋਲ ਗਏ। ਉਹਨਾਂ ਨੇ ਜਵਾਬ ਦੇ ਦਿਤਾ। ਉਸ ਤੋਂ ਬਾਅਦ ਦਰੋਪਤੀ ਨੇ ਕਿਹਾ ਕਿ ਮੈਨੂੰ ਦੱਸੋ ਮੈਂ ਜਾਂਦੀ ਹਾ। ਮੈਨੂੰ ਢੰਗ ਦੱਸੋ ਪਹਿਲਾਂ ਸੰਤਾ ਦਾ। ਉਹ ਉਸ ਢੰਗ ਨਾਲ ਚਲੀ ਜਾਂਦੀ ਹੈ। ਉਸ ਨੇ ਚਿਤਵਿਆ ਕਿ ਮੈਂ ਬ੍ਰਹਮਗਿਆਨੀ ਮਹਾਂਪੁਰਸ਼ ਦੇ ਦਰਸ਼ਨ ਕਰਨ ਜਾ ਰਹੀ ਹਾਂ ਤੇ ਸ਼ਰਧਾ ਸਹਿਤ ਨੰਗੇ ਪੈਰੀਂ ਤੁਰੀ ਉਥੇ ਚਲੀ ਜਾਂਦੀ ਹੈ। ਉਥੇ ਜਾ ਕੇ ਨਮਸ਼ਕਾਰ ਕਰੀ, ਮਹਾਤਮਾ ਨੇ ਅਸ਼ੀਰਵਾਦ ਦਿਤੀ, ਬੈਠ ਗਈ ਚੁੱਪ ਕਰਕੇ। ਕਹਿਣ ਲੱਗੀ, ਮਹਾਰਾਜ! ਮੇਰੇ ਮਨ ਦੇ ਵਿਚ ਇਕ ਪ੍ਰਸ਼ਨ ਉਠਿਆ ਹੈ, ਕ੍ਰਿਪਾ ਕਰਕੇ ਆਪ ਸਮਾਧਾਨ ਕਰੋ। ਕਹਿੰਦੇ, ਦਸ ਬੇਟੀ। ਕਹਿੰਦੀ, ਮੈਂ ਸੁਣਿਆ ਹੈ ਸ਼ਾਸਤਰਾਂ ਵਿਚ ਕਿ ਜੇ ਕੋਈ ਪ੍ਰੇਮੀ ਆਪਣੇ ਗੁਰੂ ਵਲ, ਬ੍ਰਹਮਗਿਆਨੀ ਮਹਾਂਪੁਰਸ਼ ਵਲ, ਆਪਣੇ ਇਸ਼ਟ ਵਲ ਸ਼ਰਧਾ ਧਾਰ ਕੇ ਘਰੋਂ ਚਲਦੈ ਤਾਂ ਹਰ ਕਦਮ ਦਾ ਫਲ ਇਕ ਯੱਗ ਦੇ ਬਰਾਬਰ ਹੁੰਦੈ। ਕਹਿੰਦੇ, ਹਾਂ। ਕਹਿਣ ਲੱਗੀ, ਮਹਾਰਾਜ! ਮੇਰੀ ਇਕ ਬੇਨਤੀ ਹੋਰ ਹੈ ਉਹ ਇਹ ਹੈ ਕਿ ਅਸੀਂ ਯੱਗ ਕਰਿਆ ਹੈ। ਇੱਕੋ ਹੀ ਯੱਗ ਕਰਿਆ ਹੈ। ਮੈਂ ਆਪ ਨੂੰ ਨਿਮੰਤਰਣ ਦੇਣ ਆਈ ਹਾਂ। ਕਹਿੰਦੇ, ਬੀਬੀ! ਮੈਂ ਤਾਂ ਪਹਿਲਾਂ ਹੀ ਕਿਹਾ ਹੋਇਆ ਹੈ ਕਿ ਇਕ ਯੱਗ ਦਾ ਫਲ ਦੇ ਦਿਓ। ਉਹ ਕਹਿਣ ਲੱਗੀ, ਇਸ ਤਰ੍ਹਾਂ ਕਰਿਓ ਵਾਪਸ ਜਾਂਦੇ ਕਦਮਾਂ ਪਾ ਲਿਓ, ਇਕ ਯੱਗ ਕੱਟ ਕੇ ਬਾਕੀ ਮੇਰੀ ਝੋਲੀ 'ਚ ਪਾ ਦਿਓ। ਉਸੇ ਵੇਲੇ ਉਠ ਕੇ ਤੁਰ ਪੈਂਦੇ ਨੇ। ਉਥੇ ਜਾ ਕੇ ਯੱਗ ਸੰਪੂਰਨ ਹੋਇਆ। ਉਥੇ ਗੱਲ ਚੱਲੀ ਕਿ ਪਹਿਲਾਂ ਯੁਧਿਸ਼ਟਰ ਵੀ ਗਿਐ, ਦੂਜੇ ਵੀ ਗਏ ਨੇ। ਮਹਾਰਾਜ! ਤੁਸੀਂ ਇਹਨਾਂ ਨੂੰ ਜਵਾਬ ਹੀ ਦੇ ਦਿਤਾ, ਦੇਖਿਆ ਵੀ ਨਹੀਂ ਇਹਨਾਂ ਵਲ। ਉਹ ਕਹਿੰਦੇ, ਭਾਈ ਇਹ ਬਾਦਸ਼ਾਹ ਬਣ ਕੇ ਆਏ ਸੀ। ਜਿਹੜਾ ਕੋਈ ਬਣ ਕੇ ਆਉਂਦੈ, ਉਹ ਪ੍ਰਵਾਨ ਨਹੀਂ ਹੁੰਦਾ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*

*ਅੰਗ- ੧੧੦੨*

ਗੁਰੂ ਕੋਲ ਆਉਣੈ। ਜਿਹੜਾ ਬਣ ਕੇ ਆਏਗਾ, ਅਭਿਮਾਨ ਧਾਰ ਕੇ ਆਏਗਾ, ਉਹ ਖਾਲੀ ਜਾਏਗਾ। ਜਿਹੜਾ ਨਿਮਰਤਾ ਦੇ ਨਾਲ, ਸ਼ਰਧਾ ਭਾਵਨਾ ਦੇ ਨਾਲ ਆਏਗਾ, ਉਹਦੀਆਂ ਝੋਲੀਆਂ ਭਰ ਜਾਣਗੀਆ। ਕਿਉਂਕਿ ਸ਼ਰਧਾ ਦੀ ਝੋਲੀ ਲੈ ਆਇਐ। ਕਹਿੰਦੇ ਨੇ -

*ਫਰੀਦਾ ਗਰਬੁ ਜਿਨ੍ਹਾ ਵਡਿਆਈਆ*
*ਧਨਿ ਜੋਬਨਿ ਆਗਾਹ ॥*
*ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥*

*ਅੰਗ- ੧੩੮੩*

ਸੋ ਇਸ ਤਰ੍ਹਾਂ ਸਾਧਸੰਗਤ ਜੀ! ਮੈਂ ਬੇਨਤੀ ਕਰੀ ਸੀ ਕਿ ਬੜੀ ਮੁਸ਼ਕਲ ਦੇ ਨਾਲ ਮਾਨਸ ਜਨਮ ਪ੍ਰਾਪਤ ਹੋਇਆ ਹੈ। ਗੁਰੂ ਸਾਹਿਬ ਕਿਤੇ ਵੀ ਇਹ ਨਹੀਂ ਕਹਿੰਦੇ ਕਿ ਆਹ ਕੰਮ ਕਰੋ, ਆਹ ਨਾ ਕਰੋ। ਗ੍ਰਹਿਸਤ 'ਚੋਂ ਨਠਾਉਂਦੇ ਨਹੀਂ। ਗ੍ਰਹਿਸਤ ਦੀਆਂ ਜਿੰਨੀਆਂ ਜ਼ਿੰਮੇਵਾਰੀਆਂ ਨੇ, ਉਹ ਕਹਿੰਦੇ, ਪੂਰੀ ਤਨਦੇਹੀ ਦੇ ਨਾਲ ਪੂਰੀਆਂ ਕਰੋ। ਪਿੱਠ ਨਾ ਦਿਓ। ਹਰੀ ਨੇ ਤੁਹਾਨੂੰ ਪੁੱਤਰ ਧੀਆਂ ਦੇ ਦਿਤੇ। ਤੁਸੀਂ ਇਹਨਾਂ ਦੀ ਪੂਰੀ ਤਰ੍ਹਾਂ ਪਾਲਣਾ ਕਰੋ। ਜੇ ਕੋਈ ਨੌਕਰੀ ਦਿਤੀ ਹੈ –

*ਇਹੁ ਜਗੁ ਸਚੈ ਕੀ ਹੈ ਕੋਠੜੀ*
*ਸਚੇ ਕਾ ਵਿਚਿ ਵਾਸੁ ॥* *ਅੰਗ- ੪੬੩*

ਇਕ ਵਾਰੀ ਜਦੋਂ ਮੈਂ ਨੌਕਰੀ ਕਰਦਾ ਸੀ। ਮੇਰੇ ਕੰਮ ਐਨਾ ਸੀ ਕਿ ਮੈਂ ਸਵੇਰੇ 4 ਵਜੇ ਸ਼ੁਰੂ ਕਰਨਾ, ਰਾਤ ਦੇ 11 ਵਜੇ ਖਤਮ ਹੋਣਾ। ਮੈਂ ਕਦੇ ਸ਼ਿਕਾਇਤ ਹੀ ਨਾ ਕਰੀ। ਮੇਰਾ ਇਕ ਆਫ਼ੀਸਰ ਸੀ ਬੜਾ ਚੰਗਾ, ਉਹ ਮੈਨੂੰ ਘਰ ਛੱਡ ਕੇ ਜਾਇਆ ਕਰੇ ਰਾਤ ਨੂੰ 11 ਵਜੇ। ਉਹ ਮੈਨੂੰ ਕਹਿਣ ਲੱਗਿਆ, ਜਿੰਨੀਆਂ ਬਰਾਂਚਾਂ ਨੇ ਐਨਾ ਕੰਮ ਤੇਰੇ ਇਕੱਲੇ ਕੋਲ ਹੈ। ਤੂੰ ਸ਼ਿਕਾਇਤ ਕਿਉਂ ਨਹੀਂ ਕਰਦਾ? ਮੈਂ ਕਿਹਾ, ਭਲੈਂਟ ਸਾਹਿਬ! ਤੈਨੂੰ ਮੈਂ ਇੱਕ ਗੱਲ ਦੱਸਾਂ? ਕਹਿੰਦਾ, ਹਾਂ। ਮੈਂ ਕਿਹਾ, ਤੁਹਾਡਾ ਚਰਚ ਹੈ ਨਾ, ਕਿੰਨਾ ਲੰਮਾ ਚੌੜਾ ਹੁੰਦੈ। ਕਹਿੰਦਾ, ਆਹ ਆਹੀ 40-60 ਦਾ ਹੁੰਦੈ ਐਡਾ ਕੁ ਲਾ ਲੈ। ਮੈਂ ਕਿਹਾ, ਸਾਡਾ ਗੁਰਦੁਆਰਾ। ਮੈਂ ਕਿਹਾ, ਇਹਦੀ ਲੰਬਾਈ ਚੌੜਾਈ ਦਾ ਪਤਾ ਹੈ ਤੈਨੂੰ, ਕਿੰਨੀ ਹੈ? ਕਹਿੰਦਾ, ਓਨਾਂ ਹੀ ਹੁੰਦੈ। ਮੈਂ ਕਿਹਾ, ਨਹੀਂ ਸਾਡੇ ਗੁਰੂ ਸਾਹਿਬ ਨਹੀਂ ਇਸ ਗੱਲ ਨੂੰ ਮੰਨਦੇ। ਮੈਂ ਤੈਨੂੰ ਮੋਟੀ ਜਿਹੀ ਮਿਸਾਲ ਨਾਲ ਦਸਦਾ ਹਾਂ ਕਿ ਤਿੱਬਤ ਤੋਂ ਲੈ ਕੇ ਹਰਿਆਣੇ ਦੀ ਹੱਦ ਤਕ, ਏਧਰ ਜਮਨਾ ਦਰਿਆ ਤੇ ਏਧਰ ਪਾਕਿਸਤਾਨ, ਇਹ ਮੇਰਾ ਗੁਰਦੁਆਰਾ ਹੈ। ਇਹਦੇ ਵਿਚ ਕੋਈ ਬੰਦਾ ਝਾੜੂ ਦਿੰਦੈ, ਕੋਈ ਕੁਛ ਕਰਦੈ, ਮੇਰੀ ਡਿਊਟੀ ਇਹ ਲੱਗੀ ਹੋਈ ਹੈ ਕਿ ਜਿਹੜੇ ਲੋਕ ਦੁਖੀ ਹੋਏ-ਹੋਏ ਨੇ ਉਹਨਾਂ ਨੂੰ compensation (ਮੁਆਵਜ਼ਾ) ਦੇ। ਕੁਦਰਤੀ ਆਫ਼ਤਾਂ ਦਾ ਹਿਸਾਬ ਸੀ ਮੇਰੇ ਕੋਲ। ਮੈਂ ਕਿਹਾ ਇਕ ਬੰਦਾ ਵੀ ਜੇ ਰੁੜ੍ਹ ਗਿਆ ਨਾ, ਮੈਂ ਦਰਗਾਹ ਦੇ ਵਿਚ ਜਵਾਬ ਦੇਹ ਹੋਵਾਂਗਾ। ਮੇਰਾ ਗੁਰਦੁਆਰਾ ਹੈ ਇਹ, ਮੈਂ ਗੁਰੂ ਦੀ ਸੇਵਾ 'ਚ ਲੱਗਿਆ ਹੋਇਆ ਹਾਂ। ਮੇਰਾ ਗੁਰੂ ਇਹ ਕਹਿੰਦਾ ਹੈ ਕਿ – ***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥'*** ਜਦੋਂ ਸੰਸਾਰ ਵਾਹਿਗੁਰੂ ਦਾ ਹੈ। ਕੋਠੜੀ ਲਾ ਲਓ, ਮਕਾਨ ਹੈ, ਕਿਲ੍ਹਾ ਹੈ, ਅਸੀਂ ਇਹਦੇ ਵਿਚ ਸੇਵਾਦਾਰ ਲੱਗੇ ਹੋਏ ਹਾਂ। ਜੋ ਡਿਊਟੀ ਹੈ ਉਹ ਪੂਰੀ ਕਰੋ। ਜੇ ਕਿਸਾਨੀ ਕਰਨ ਨੂੰ ਮਿਲ ਗਈ ਤਾਂ ਕੋਸ਼ਿਸ਼ ਕਰੋ ਕਿ ਮੇਰਾ ਕੋਈ ਕੋਨਾ, ਫਸਲ ਮੇਰੀ ਘਟੇ ਨਾ, ਪੂਰੀ ਵਧ ਤੋਂ ਵਧ ਫਸਲ ਕੱਢਾਂ। ਜੇ ਫੌਜ 'ਚ ਮਿਲ ਗਈ ਤਾਂ ਫੌਜ ਵਿਚ ਵੀ ਇਸੇ ਤਰ੍ਹਾਂ ਕੰਮ ਕਰੇ। ਜੇ ਡਾਕਟਰ ਬਣ ਗਿਆ ਤਾਂ ਇਹ ਸਮਝ ਕਿ ਮੇਰੇ ਕੋਲ ਆਇਆ ਮਰੀਜ਼ ਕੋਈ ਐਸਾ ਨਾ ਹੋਵੇ ਕਿ ਜਿਹਦਾ ਇਲਾਜ ਨਾ ਹੋ ਸਕਦਾ ਹੋਵੇ। ਜੇ ਮਾਸਟਰ ਦੀ ਮਿਲ ਗਈ ਤਾਂ ਇਹ ਕਹੇ ਕਿ ਮੈਂ ਚੰਗੇ ਮਨੁੱਖ ਪੈਦਾ ਕਰਨੇ ਨੇ। ਮੇਰਾ ਪੜ੍ਹਾਇਆ ਹੋਇਆ ਕਦੇ ਚੋਰ ਨਾ ਹੋਵੇ, ਸ਼ਰਾਬੀ ਨਾ ਹੋਵੇ, ਬਦਮਾਸ਼ ਨਾ ਹੋਵੇ। ਸੋ ਇਹ ਡਿਊਟੀਆਂ ਨੇ। ਗੁਰੂ ਸਾਹਿਬ ਸਾਨੂੰ ਇਹਨਾਂ ਡਿਊਟੀਆਂ ਤੋਂ ਲਾਂਭੇ ਕਰਕੇ ਨਹੀਂ ਕਹਿੰਦੇ ਕਿ ਨਾਮ ਜਪੋ। ਲੇਕਿਨ ਸਮਝੋ ਗੱਲ ਨੂੰ। 24 ਘੰਟੇ ਦਾ ਦਿਨ ਹੁੰਦਾ ਰਾਤ ਸਮੇਤ। ਇਹਦੇ 'ਚ ਕਿੰਨਾ ਸੌਣਾ ਹੈ, ਕਿੰਨਾ ਕੰਮ ਕਰਨਾ ਹੈ ਤੇ ਉਸ ਪਰਵਰਦਿਗਾਰ ਦੇ ਨਾਲ ਕਿੰਨਾ ਚਿਰ ਜੁੜਨੈ ਜਿਹਨੇ ਸਾਨੂੰ ਮਾਨਸ ਜਨਮ ਦਿਤਾ ਹੈ। ਜਿਹਨੇ ਸਾਰੀਆਂ ਬਰਕਤਾਂ ਦਿਤੀਆਂ ਨੇ। ਮਹਾਰਾਜ ਕਹਿੰਦੇ, ਢਾਈ ਘੰਟੇ ਜੇ ਤੂੰ ਕਰ ਲਿਆ ਕਰੇਂ, ਦਸਵੰਧ ਕੱਢ ਦਿਆ ਕਰੇਂ, ਸਮੇਂ ਦਾ ਵੀ ਤੇ ਕਮਾਈ ਦਾ ਵੀ। ਸਾਰੇ ਕੰਮ ਕਰਦੇ ਤੇਰਾ ਉਧਾਰ ਹੋ ਜਾਏਗਾ। ਤੈਨੂੰ ਛੱਡਣ ਦੀ ਲੋੜ ਨਹੀਂ ਹੈ, ਨੱਠਣ ਦੀ ਲੋੜ ਨਹੀਂ ਹੈ। ਨੱਠਦੇ ਭਗੌੜੇ ਹੁੰਦੇ ਨੇ-

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥* *ਅੰਗ- ੧੨*

ਵਾਰੀ ਆਪਣੀ ਆਈ ਹੋਈ ਹੈ। ਇਹ ਵਾਰੀ ਦਾ ਜੇ ਤਾਂ ਲਾਭ ਲੈ ਲਿਆ, ਤਾਂ ਅਸੀਂ ਕੁਛ ਖੱਟ ਕੇ ਚਲੇ ਗਏ। ਉਹਦੇ ਬਾਰੇ ਮਹਾਰਾਜ ਕਹਿੰਦੇ ਨੇ ਕਿ –

*ਕਰਉ ਬੇਨੰਤੀ ਸੁਨਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥*
*ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥*
*ਅੰਗ- ੨੦੪*

ਅੱਗੇ ਬੜੇ ਸੌਖੇ ਆਪਾਂ ਰਹਾਂਗੇ। ਸੰਸਾਰ ਦੇ ਵਿਚੋਂ ਲੰਘਣ ਵਾਸਤੇ, ਦੋ ਚੀਜ਼ਾਂ ਜਿਵੇਂ ਜਹਾਜ਼ ਉਡਦੈ ਦੋ ਫੰਘਾਂ ਨਾਲ ਸੰਤੁਲਨ ਲਈ ਦੋ ਕਰਤੱਬ ਗੁਰੂ ਮਹਾਰਾਜ ਨੇ ਦਸ ਦਿਤੇ। ਬੇਹੱਦ ਨਹੀਂ ਕੋਈ ਵੀ ਦੱਸੀ। ਉਹ ਕਹਿੰਦੇ ਸੰਤੁਲਨ ਦੇ ਵਿਚ ਰਹੋ –

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥* *ਅੰਗ- ੫੨੨*

ਇਹੋ ਜਿਹਾ ਸੁਖਾਲਾ ਰਸਤਾ ਕਿੱਥੇ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਿੱਧ ਪੁੱਛਦੇ ਨੇ, ਕਹਿਣ ਲੱਗੇ ਕਿ ਹੇ ਨਾਨਕ! ਤੂੰ ਗ੍ਰਹਿਸਤੀਆਂ ਦੇ ਮਗਰ ਪਿਆ ਹੈਂ, ਇਹਨਾਂ ਨੂੰ ਉਧਾਰਨ ਦਾ ਯਤਨ ਕਰ ਰਿਹੈ, ਇਹ ਲੰਘ ਕਿਵੇਂ ਜਾਣਗੇ? ਕਿਹੜੀ ਤੇਰੀ ਕੋਲ ਚੀਜ਼ ਹੈ ਜਿਹਦੇ ਨਾਲ ਤੂੰ ਲੰਘਾ ਦੇਵੇਂਗਾ। ਇਹ

ਦੁਖੀ ਲੋਕ ਨੇ, ਦੁੱਖਾਂ 'ਚ ਪਏ ਹੋਏ ਦਿਨ ਰਾਤ ਆਪਣਾ ਸੰਤੁਲਨ ਗਵਾਈ ਬੈਠੇ ਨੇ। ਇਹ ਭਜਨ ਕਿਹੜੇ ਵੇਲੇ ਕਰਨਗੇ।

ਮਹਾਰਾਜ ਕਹਿੰਦੇ, ਅਸੀਂ ਤੁਹਾਡੇ ਵਾਲੇ ਸਾਧਨਾਂ ਦੀ ਗੱਲ ਨਹੀਂ ਕਰ ਰਹੇ ਜੋ ਹੱਦ ਤੋਂ ਜ਼ਿਆਦਾ ਔਖੇ ਨੇ। ਗ੍ਰਿਹਸਤੀ ਬੰਦਾ ਕਰ ਨਹੀਂ ਸਕਦਾ। ਬੜੀ ਲੰਮੀ ਚੌੜੀ ਵਾਰਤਾ ਹੋਈ ਹੈ ਤੇ ਗੱਲ ਸਮਝੋ ਗੱਲ ਕੀ ਹੈ। ਗੱਲ ਦਾ ਤੁਹਾਡੇ ਸਾਮ੍ਹਣੇ ਵੀ ਓਹੀ ਮਸਲਾ ਹੈ ਉਹਨਾਂ ਦੇ ਸਾਮ੍ਹਣੇ ਵੀ ਓਹੀ ਮਸਲਾ ਹੈ। ਇਲਾਜ ਸਾਡਾ ਬਹੁਤਾ ਸੁਖਾਲਾ ਹੈ –

*ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥*
*ਅੰਗ- ੧੧੮੫*

ਸੋ ਅਸੀਂ ਜੀਵ ਦੇ ਉਧਾਰ ਵਾਸਤੇ ਨਾਮ ਤੇ ਸੇਵਾ ਦੋ ਸਾਧਨ ਪ੍ਰਮੁੱਖ ਕੀਤੇ ਨੇ। ਸੇਵਾ ਦਾ ਸਾਧਨ ਕੀਤਾ ਹੈ ਕਿ ਇਹ ਧੂਣੀਆਂ ਤਾਪ ਕੇ ਨਿਰਾਰਥਕ ਗੱਲ ਨਾ ਕਰੇ। ਐਵੇਂ ਨਾ ਤਨ ਨੂੰ ਸੁਕਾਵੇ, ਅਸੰਭਾਵਿਕ ਗੱਲਾਂ ਕਰੇ, ਇਹ ਪਾਣੀਆਂ ਵਿਚ ਖੜ੍ਹਾ ਨਾ ਹੋਵੇ। ਸੁੰਦਰ ਸਰੀਰ ਵਾਹਿਗੁਰੂ ਨੇ ਦਿਤਾ ਹੈ ਇਹਨੂੰ ਰਾਜ਼ੀ ਰੱਖਣੈ –

*ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥*
*ਅੰਗ- ੫੫੪*

ਦਿਮਾਗ ਦਾ ਸੰਤੁਲਨ ਨਹੀਂ ਵਿਗਾੜਨਾ। ਪ੍ਰਾਣਾਯਾਮ ਨਾਲ ਇਕ ਵਾਰੀ ਖਰਾਬ ਹੋਇਆ, ਕਦੇ ਵੀ ਰਾਜ਼ੀ ਨਹੀਂ ਹੁੰਦਾ। ਸੋ ਨਾਥ ਜੀ! ਅਸੀਂ ਸੰਸਾਰ ਨੂੰ ਸੁਨੇਹਾ ਦੇਣ ਵਾਸਤੇ ਆਏ ਹਾਂ, ਤੁਸੀਂ ਆਏ ਹੋਂ ਜਿਹੜਾ ਰਾਜਾ ਚੰਗਾ ਹੈ, ਉਹਨੂੰ ਖਿੱਚ ਕੇ ਲੈ ਆਏ, ਗੋਪੀ ਚੰਦ ਨੂੰ ਲੈ ਆਂਦਾ, ਭਰਥਰੀ ਨੂੰ ਲੈ ਆਂਦਾ। ਸੰਸਾਰ ਕੀ ਕਰੇ, ਚੰਗਿਆਈ ਸਾਰੀ ਕੱਢ ਲਈ। ਉਥੇ ਬਾਕੀ ਕੀ ਰਹਿ ਗਿਆ, ਬੁਰਿਆਈ ਰਹਿ ਗਈ ਸੁਸਾਇਟੀ 'ਚ –

*ਸਿਧ ਛੁਪ ਬੈਠੇ ਪਰਬਤੀ ਕੌਨ ਜਗਤ ਕਉ ਪਾਰ ਉਤਾਰਾ।*

ਕਿਹੜਾ ਸਾਧਨ ਹੈ? ਕਹਿੰਦੇ, ਸੇਵਾ ਤੇ ਸਿਮਰਨ ਦਾ ਸਾਧਨ ਅਸੀਂ ਆਪਣੇ ਗੁਰਸਿੱਖਾਂ ਵਿਚ ਪ੍ਰਚਲਤ ਕੀਤਾ ਹੈ। ਜਿਹਦੇ ਨਾਲ ਕਿਰਤ-ਵਿਰਤ ਸਭ ਕੁਛ ਕਰਦੇ ਹੋਏ ਫੇਰ ਇਹ ਪਾਰ ਲੰਘ ਜਾਂਦੇ ਨੇ, ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ।*

ਦੋ ਸਾਧਨ ਨੇ –

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥* *ਅੰਗ- ੨੬*

ਦੂਸਰਾ ਹੈ 'ਨਾਮ'। ਸਾਰੇ ਦੁੱਖਾਂ ਦਾ ਜੇ ਇਲਾਜ ਹੈ ਤਾਂ ਕੇਵਲ ਪ੍ਰਮੇਸ਼ਰ ਦਾ ਨਾਮ ਹੈ। ਦੁਖ ਕਿੰਨੇ ਨੇ। ਕੋਈ ਨਹੀਂ ਗਿਣ ਸਕਦਾ ਦੁੱਖਾਂ ਦੀ ਲਿਸਟ। ਫੇਰ ਵੀ ਗਿਣੇ ਗਏ ਨੇ –

*ਦੁਖੁ ਵੇਛੋੜਾ ਇਕੁ ਦੁਖੁ ਭੂਖ ॥*
*ਇਕੁ ਦੁਖੁ ਸਕਤਵਾਰ ਜਮਦੂਤ ॥*
*ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥*
*ਵੈਦ ਨ ਭੋਲੇ ਦਾਰੂ ਲਾਇ ॥* *ਅੰਗ- ੧੨੫੬*

ਦੁਖ ਕਹਿ ਲਓ, ਕਲੇਸ਼ ਕਹਿ ਲਓ, ਸਿਆਣਿਆਂ ਨੇ ਪੰਜ ਕਲੇਸ਼ਾਂ ਵਿਚ ਦੁਨੀਆਂ ਵੰਡ ਦਿਤੀ। ਹਰ ਮਨ ਦੇ ਵਿਚ ਪੰਜ ਕਲੇਸ਼ ਨੇ। ਪੰਜਾਂ ਕਲੇਸ਼ਾਂ ਨੇ ਪੀੜਤ ਕਰਿਆ ਪਿਆ ਹੈ। ਇਲਾਜ ਕੀ ਹੈ? –

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥* *ਅੰਗ- ੨੬੨*

ਹੁਣ ਹਰੇਕ ਦੇ ਚਿੱਤ 'ਚ ਕਲੇਸ਼ ਹੈ। ਕਲੇਸ਼ਾਂ ਨੂੰ ਪੰਜ ਹਿੱਸਿਆਂ ਵਿਚ ਵੰਡਿਆ ਹੈ। ਪਹਿਲਾ ਕਲੇਸ਼ ਸਭ ਤੋਂ ਵੱਡਾ ਹੈ ਅਵਿਦਿਆ, ਅਗਿਆਨ, ignorance, illusion, ਹਉਮੈ ਕੋਈ ਨਾਉਂ ਦੇ ਦਿਓ। ਅਵਿਦਿਆ ਕੀ ਹੁੰਦੀ ਹੈ ਅਸਲੀ ਚੀਜ਼ ਨੂੰ ਨਕਲੀ ਕਹਿਣਾ, ਨਕਲੀ ਨੂੰ ਅਸਲੀ ਕਹਿਣਾ। ਮਿਸਾਲ ਦਿੰਦਾ ਹਾਂ ਮੈਂ। ਹਨ੍ਹੇਰਾ ਹੈ। ਉਥੇ ਇਕ ਰੱਸੀ ਪਈ ਹੈ, ਘਰ ਦੇ ਕੋਲ ਨੇੜੇ ਜਾਂ ਇਸ ਤਰ੍ਹਾਂ ਸਮਝ ਲਓ ਕਿ ਕਮਰੇ ਦੇ ਅੰਦਰ ਪਈ ਹੈ, ਬਿਜਲੀ ਚਲਾਈ ਬਲਬ ਫਿਊਜ਼ ਹੋ ਗਿਆ। ਹੁਣ ਇਹ ਦੇਖਦੈ ਕਿ ਆਹ ਕੀ ਪਿਐ? ਡਰ ਗਿਆ ਕਿ ਸੱਪ ਪਿਐ। ਹੁਣ ਅੰਦਰ ਆ ਚੁਕਿਐ, ਮੰਜੇ 'ਤੇ ਜੇ ਚੜ੍ਹ ਗਿਆ, ਚਾਨਣ ਹੈ ਨਹੀਂ। ਬੈਠ ਕੇ ਡਰੀ ਜਾਂਦੈ ਕਿ ਸੱਪ ਪਿਐ। ਮੇਰੇ ਉਪਰ ਨਾ ਚੜ੍ਹ ਜਾਵੇ, ਰਾਤ ਨੂੰ ਨੀਂਦ ਨਹੀਂ ਆਈ। ਦੁਖੀ ਹੋ ਗਿਆ। ਜਦੋਂ ਦਿਨ ਚੜ੍ਹਿਆ, ਚਾਨਣਾ ਹੋਇਆ ਤਾਂ ਉਠਿਆ। ਫੇਰ ਵੀ ਸੋਚਦੈ ਕਿ ਸੋਟੀ ਲਿਆਵਾਂ, ਜਦੋਂ ਦਰਵਾਜ਼ੇ ਕੋਲ ਗਿਆ, ਹੈਰਾਨ ਹੋ ਗਿਆ ਕਿ ਲੈ ਇਹ ਤਾਂ ਰੱਸੀ ਪਈ ਸੀ, ਮੈਂ ਸਾਰੀ ਰਾਤ ਡਰੀ ਗਿਆ। ਇਹ ਇਕ ਮਿਸਾਲ ਹੈ ਬੜੀ ਜ਼ਬਰਦਸਤ ਸਾਡੇ ਸਾਰਿਆਂ ਨਾਲ ਵਰਤ ਰਹੀ ਹੈ। ਇਹਨੂੰ ਅਵਿਦਿਆ ਕਹਿੰਦੇ ਨੇ ਜਾਂ ਭਰਮ ਕਹਿੰਦੇ ਨੇ। ਭਰਮ ਪੈ ਗਿਆ।

ਦੂਸਰੀ ਇਹ ਹੈ ਕਿ ਤੁਸੀਂ ਜਦੋਂ ਰੜੇ ਮੈਦਾਨ ਵਿਚ ਜਾਂਦੇ ਹੋਂ, ਉਥੇ ਰੜੇ ਦੇ ਵਿਚ ਜਾ ਕੇ ਕੀ ਦੇਖਦੇ ਹੋਂ ਕਿ ਪਾਣੀ ਦਾ ਦਰਿਆ ਚਲ ਰਿਹੈ, ਪਿਆਸ ਲੱਗੀ ਹੋਈ ਹੈ, ਹਰਨ ਤਾਂ ਸਾਡੇ ਨਾਲੋਂ ਵਿਚਾਰਾ ਘੱਟ ਅਕਲ ਵਾਲਾ ਹੈ, ਉਹਨੇ ਤਾਂ ਨੱਠ-ਨੱਠ ਕੇ ਹਫਣਾ ਹੀ ਸੀ, ਬੰਦਾ ਵੀ ਨੱਠਦੈ।

ਇਕ ਵਾਰੀ ਅਸੀਂ ਬੜੇ ਸਾਲਾਂ ਦੀ ਗੱਲ ਹੈ। ਇਥੇ ਪ੍ਰੇਮੀ ਬੈਠੇ ਵੀ ਨੇ, ਉਹਨਾਂ ਨੇ ਕਿਹਾ ਕਿ

ਜ਼ਮੀਨ ਲਈਏ ਰਾਜਸਥਾਨ 'ਚ। ਮੈਂ ਵੀ ਨਾਲ ਹੋ ਲਿਆ। ਅਸੀਂ ਜਦੋਂ ਅੱਗੇ ਗਏ, ਹਨੂੰਮਾਨਗੜ੍ਹ ਤੋਂ ਪਰ੍ਹੇ ਹੋ ਕੇ ਗਏ, ਉਥੇ ਵੱਡੇ-ਵੱਡੇ ਰੜ੍ਹੇ ਮੈਦਾਨ ਸੀ। ਕਹਿੰਦੇ, ਜਦੋਂ ਪਹਿਲਾਂ ਇਕ-ਦੋ ਟਿੱਬੇ ਚੜ੍ਹੇ ਉਹ ਕਹਿੰਦਾ, ਪਾਣੀ ਮਿਲੂ ਕਿਤੇ? ਜਿਹੜਾ ਗਾਈਡ ਸੀ ਉਹ ਕਹਿੰਦਾ, 10 ਮੀਲ 'ਤੇ ਹੈ ਪਾਣੀ ਤਾਂ। ਆਪਾਂ ਲੈ ਕੇ ਵੀ ਨਹੀਂ ਆਏ ਪਾਣੀ। ਉਹ ਥੋੜ੍ਹੀ ਦੇਰ ਤਾਂ ਟਿਕਿਆ। ਉਹ ਕਹਿੰਦਾ, ਮੈਂ ਤਾਂ ਪਾਣੀ ਬਿਨਾਂ ਨਹੀਂ ਬਚ ਸਕਣਾ ਤੇ ਉਹ ਦੇਖੋ ਸਾਮ੍ਹਣੇ ਪਾਣੀ ਚਲਦਾ। ਅਸੀਂ ਕਿਹਾ ਕਿ ਸਾਨੂੰ ਤਾਂ ਦੀਂਹਦਾ ਨਹੀਂ। ਉਹ ਕਹਿੰਦਾ, ਔਹ ਦੇਖੋ ਪਰਛਾਵੇਂ। ਅਸੀਂ ਕਿਹਾ, ਤੇਰੀਆਂ ਅੱਖਾਂ ਨੂੰ ਧੋਖਾ ਲਗ ਰਿਹੈ। ਉਹ ਕਹਿੰਦਾ ਬਿਲਕੁਲ ਨਹੀਂ। ਅਸੀਂ ਕਿਹਾ, ਜਾਹ ਪੀ ਆ। ਅਸੀਂ ਉਥੇ ਖੜ੍ਹ ਗਏ, ਦਰਖ਼ਤ ਕੋਲ, ਜਿਥੇ ਉਹਨੂੰ ਦਿਸਦਾ ਸੀ ਪਰਛਾਵਾਂ, ਉਹ ਉਥੇ ਗਿਆ, ਉਸ ਤੋਂ ਅਗਾਹਾਂ-ਅਗਾਹਾਂ ਹੋਰ ਦਿਸਣ ਲਗ ਗਿਆ। ਮੁੜ ਆਇਆ। ਮੈਂ ਕਿਹਾ, ਹੈ ਨਹੀਂ? ਕਹਿੰਦਾ, ਨਾ ਹੈ ਨਹੀਂ, ਦਿਸਦਾ ਹੈ ਪਰ ਹੈ ਨਹੀਂ, ਬੜੀ ਹੈਰਾਨੀ ਦੀ ਗੱਲ ਹੈ। ਉਸ ਦਾ ਨਿਸ਼ਚਾ ਇਹ ਸੀ ਕਿ ਸਚਮੁੱਚ ਪਾਣੀ ਹੈ ਪਰ ਉਹ ਪਾਣੀ ਹੈ ਨਹੀਂ ਸੀ। ਸੂਰਜ ਦੀਆਂ ਕਿਰਨਾਂ ਕਰਕੇ ਸਾਡੀਆਂ ਅੱਖਾਂ ਦੇ ਵਿਚ ਜਿਹੜੀ ਨਮੀ ਹੈ ਉਹਦੇ ਵਿਚ ਅਕਸ਼ ਪੈ ਜਾਂਦੈ ਧਰਤੀ 'ਤੇ। ਇਸ ਚੀਜ਼ ਨੂੰ ਅਗਿਆਨ ਕਹਿੰਦੇ ਨੇ। ਹੁਣ ਵੱਡਾ ਅਗਿਆਨ ਕੀ ਹੈ ਜਿਸ ਵਿਚ ਤੁਸੀਂ ਤੇ ਮੈਂ ਸਾਰੇ ਫਸੇ ਹੋਏ ਹਾਂ। ਕੋਈ ਹੋਣੈ ਇਕ ਅੱਧਾ। ਬਾਕੀ ਤਾਂ ਆਪਾਂ ਫਸੇ ਹੋਏ ਹਾਂ ਸਾਰੇ। ਵੱਡਾ ਅਗਿਆਨ ਇਹ ਹੈ ਕਿ ਇਹ ਸੰਸਾਰ ਜਿਹੜਾ ਹੈ ਇਹ ਵਾਹਿਗੁਰੂ ਦਾ ਰੂਪ ਹੈ ਇਥੇ ਕੋਈ ਹੈ ਨਹੀਂ ਹੋਰ। ਬਿਲਕੁਲ ਖਿਆਲ ਕੱਢ ਦਿਓ ਇਹ ਜੇ ਨਿਕਲ ਸਕਦੈ। ਇਥੇ ਵਾਹਿਗੁਰੂ ਬਿਨਾਂ ਨਹੀਂ ਕੋਈ ਵੀ ਹੈ -

*ਏਕ ਮੂਰਤ ਅਨੇਕ ਦਰਸਨ ਕੀਨ ਰੂਪ ਅਨੇਕ।*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।*

ਮਹਾਰਾਜ ਕਹਿੰਦੇ, ਇਕ ਪਸਰਿਐ -

*ਪਾਰਬ੍ਰਹਮ ਕੇ ਸਗਲੇ ਠਾਉ ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥*
*ਆਪੇ ਕਰਨ ਕਰਾਵਨ ਜੋਗੁ ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ ॥*
*ਪਸਰਿਓ ਆਪਿ ਹੋਇ ਅਨਤ ਤਰੰਗ ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥ ਅੰਗ- ੨੭੫*

ਜਿਵੇਂ ਬੋਹੜ ਦਾ ਬੀਜ ਹੈ, ਉਹ ਪਸਰਦਾ ਹੈ ਤਾਂ ਕਿੱਡਾ ਵੱਡਾ ਬੋਹੜ ਬਣ ਜਾਂਦੈ। ਵਾਹਿਗੁਰੂ ਜੀ ਜਿਸ ਵਕਤ ਇਕ ਤੋਂ ਅਨੇਕ ਹੋਏ -

*ਨਿਰੰਕਾਰ ਅਕਾਰ ਹੋਇ ਏਕੰਕਾਰ ਅਪਾਰ ਸਦਾਇਆ।*
*ਭਾਈ ਗੁਰਦਾਸ ਜੀ*

ਨਾਉਂ ਏਕੰਕਾਰ ਹੋਇਆ। ਸਭ ਤੋਂ ਪਹਿਲਾਂ ਜਿਹੜਾ ਵਜੂਦ ਆਇਆ ਜਿਹਨੂੰ ਅਸੀਂ ਸਾਕਾਰ ਕਹਿੰਦੇ ਹਾਂ, ਉਹ ਏਕੰਕਾਰ ਹੈ। ਗੁਰੂ ਮਹਾਰਾਜ ਨੇ ਏਕਾ ਸਭ ਤੋਂ ਪਹਿਲਾਂ ਰੱਖ ਦਿਤਾ। ਪਹਿਲਿਆਂ ਵਿਚ ਨਹੀਂ ਸੀ। ਪਹਿਲੀ study ਕਰ ਲਓ, ਏਕਾ ਨਹੀਂ ਕਿਤੇ ਵੀ ਆਉਂਦਾ।

ਮੈਂ ਅਮਰੀਕਾ ਵਿਚ ਲਾਸ ਐਂਜਲ 'ਚ ਗਿਆ। ਉਥੇ ਗੁਰਦੁਆਰੇ ਦੀ ਕੰਧ 'ਤੇ ਲਿਖਿਆ ਹੋਇਆ ਸੀ ੴ। ਉਹਦੇ ਅਰਥ ਕੀਤੇ ਹੋਏ ਸਨ ਅੰਗਰੇਜ਼ੀ 'ਚ। There is only One God. ਜਦੋਂ ਮੈਂ ਕੀਰਤਨ ਸ਼ੁਰੂ ਕਰਿਆ, ਮੈਂ ਕਿਹਾ, ਦੇਖੋ ਪ੍ਰੇਮੀਓ! ਇਹ ਜਿਹੜੀ ਕੰਧ ਦੇ ਉਤੇ ਅੰਗਰੇਜ਼ੀ ਲਿਖੀ ਹੈ ਉਹ ਗਲਤ ਲਿਖੀ ਹੈ। ੴ ਦਾ ਇਹ ਅਰਥ ਨਹੀਂ ਹੈ, ਜਿਹੜਾ ਤੁਸੀਂ ਕਰ ਲਿਆ ਕਿ ਵਾਹਿਗੁਰੂ ਇੱਕੋ ਹੈ। ਮੈਨੂੰ ਦੁਨੀਆਂ ਦੇ ਵਿਚ ਦੋ ਦਿਖਾਓ ਕਿਤੇ। ਮੇਰੇ ਨਾਲ ਦਾ ਹੀ ਦੂਜਾ ਦਿਖਾਓ ਕੋਈ। ਇਥੇ ਸਭ ਕੁਛ ਇੱਕੋ ਹੀ ਹੈ, ਦੋ ਨਹੀਂ ਹੁੰਦੇ। ਵਾਹਿਗੁਰੂ ਗਿਣਤੀ ਮਿਣਤੀ ਵਿਚ ਆ ਗਿਆ, ਤੁਸੀਂ ਤਾਂ ਗਿਣਤੀਆਂ-ਮਿਣਤੀਆਂ ਕਰ ਲਈਆਂ, ਵਾਹਿਗੁਰੂ ਇਕ ਹੈ। ਦੋ ਕੌਣ ਹੈ? ਕੋਈ ਦਸ ਦਿਓ ਦੁਨੀਆ 'ਚ ਦੋ ਹੈਗਾ। ਸਭ ਚੀਜ਼ ਇੱਕੋ ਇਕ ਹੈ। ਇੱਕੋ ਜਿਹਾ ਹੀ ਰੂਪ, ਉਹੋ ਜਿਹੇ ਹੀ ਕੰਮ, ਦੂਜਾ ਨਹੀਂ ਉਹਦੇ ਨਾਲ ਮੇਚ ਖਾਂਦਾ। ਮੈਂ ਕਿਹਾ ਤੁਹਾਨੂੰ ਲਿਖਣਾ ਚਾਹੀਦਾ ਸੀ, Only God none else. ਇਹਦਾ ਸਹੀ ਅਰਥ ਇਹ ਹੈ ਕਿ ਵਾਹਿਗੁਰੂ ਤੋਂ ਬਿਨਾਂ ਕੋਈ ਹੋਰ ਹੈ ਨਹੀਂ। ਜਿਹਨੂੰ ੴ ਦਾ ਅਰਥ ਹੀ ਨਹੀਂ ਸਮਝ ਆਇਆ, ਰੂਹਾਨੀਅਤ 'ਚ ਅਗਾਂਹਾਂ ਕਿੱਥੇ ਚੱਲੇਗਾ। ਉਸ ਤੋਂ ਬਾਅਦ ਗੁਰੂ ਮਹਾਰਾਜ ਨੇ ਆਪਣਾ ਵਿਸ਼ਾ ਦੇ ਦਿਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਉਹਨਾਂ ਨੇ ਦੇ ਦਿਤਾ-

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*

ਸਾਡੇ ਜਿਹੜੇ ਐਡੀਟਰ ਨੇ ਇਹਨਾਂ ਨੇ ਗਿਆਰ੍ਹਾਂ ਸਾਲ ਗੁਰਮਤਿ ਕਾਲਜ ਵਿਚ ਪੜ੍ਹਾਈ ਕਰਾਈ ਹੈ। ਡਾ. ਜਗਜੀਤ ਸਿੰਘ ਪ੍ਰਿੰਸੀਪਲ ਰਹੇ ਨੇ।

ਮੈਂ ਇਹਨਾਂ ਨੂੰ ਪੁੱਛਿਆ ਕਿ ਪ੍ਰਿੰਸੀਪਲ ਸਾਹਿਬ! 'ਆਦਿ ਸਚੁ ਜੁਗਾਦਿ ਸਚੁ ॥' ਦਾ ਅਰਥ ਕੀ ਕਰਦੇ ਹੋਂ ਤੁਸੀਂ। ਉਹਨਾਂ ਜਿਵੇਂ ਸੁਣਾਉਂਦੇ ਉਵੇਂ ਸੁਣਾ ਦਿਤਾ ਕਿ ਉਹ ਪਹਿਲਾਂ ਵੀ ਸੀ, ਹੁਣ ਵੀ ਓਹੀ ਹੈ, ਜਦੋਂ ਕੁਛ ਨਹੀਂ ਹੋਏਗਾ ਫੇਰ ਵੀ ਓਹੀ ਹੋਵੇਗਾ। ਮੈਂ ਕਿਹਾ, ਇਹ ਗੱਲ ਤੁਹਾਡੀ ਸਮਝ ਵਿਚ ਆਈ ਕਿ ਨਹੀਂ? ਮੈਂ ਕਿਹਾ, ਤੁਸੀਂ ਵੀ ਤਾਂ ਹੈਗੇ। ਜਦੋਂ ਦੂਜਾ ਵਿਅਕਤੀ ਹੈਗਾ, ਪਹਿਲਾਂ ਵਿਅਕਤੀ ਕਿਥੇ ਰਹਿ ਗਿਆ? ਕਹਿਣ ਲੱਗੇ, ਕੀ ਹੈ ਇਹਦਾ ਅਰਥ? ਮੈਂ ਕਿਹਾ, ਇਹਦਾ ਅਰਥ ਹੈਗਾ ਕਿ ਪਹਿਲਾਂ ਵਾਹਿਗੁਰੂ

ਹੀ ਸੀ ਆਪ ਹੀ, ਉਹ ਨਿਰੰਕਾਰ ਅਕਾਰ ਕਰਕੇ ਏਕੰਕਾਰ ਦੇ ਰੂਪ ਵਿਚ ਪ੍ਰਗਟ ਹੋਇਆ। ਦੂਜਾ ਨਹੀਂ ਹੋਇਆ, ਇਹੀ ਰੂਪ ਪ੍ਰਗਟ ਹੋਇਆ। ਏਕੰਕਾਰ ਤੋਂ ਉਹਦੀ ਐਨਰਜੀ ਜਿਹੜੀ ਸੀ ਸ਼ਬਦ ਧੁਨ, ਜਦੋਂ ਸ਼ਬਦ ਧੁਨ ਹੋਈ, ਸ਼ਬਦ ਨੇ ਵਿਸਥਾਰ ਕਰਿਆ, 'ਓਅੰਕਾਰ ਆਕਾਰ ਉਪਾਇਆ।' ਇਹ ਪਹਿਲਾਂ ਵੀ ਵਾਹਿਗੁਰੂ ਸੀਗਾ 'ਆਦਿ ਸਚੁ', 'ਜੁਗਾਦਿ ਸਚੁ', ਸਮਾਂ ਤੇ ਖਲਾਅ ਹੋਂਦ ਵਿਚ ਆਏ, ਉਸ ਵੇਲੇ ਕੁਝ ਵੀ ਨਹੀਂ ਆਇਆ, ਉਸ ਵੇਲੇ ਵੀ ਵਾਹਿਗੁਰੂ ਹੀ ਸੀ। 'ਹੈ ਭੀ ਸਚੁ' ਹੁਣ ਜਦ ਅਸੀਂ ਫਿਰਦੇ ਹਾਂ, ਇਹ ਸੰਸਾਰ ਕੀ ਹੈ? ਮਹਾਰਾਜ ਕਹਿੰਦੇ, ਇਸ ਸੰਸਾਰ ਬਾਰੇ ਤੁਸੀਂ ਜਾਨਣਾ ਚਾਹੁੰਦੇ ਹੋਂ ਕਿ ਕੀ ਹੈ? –

*ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ ॥ ਅੰਗ– ੯੨੨*

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।*

ਉਹ ਖੇਲ੍ਹ ਕਰਕੇ ਇਹਦੇ ਵਿਚ ਅਗਿਆਨ ਪਾਉਣ ਨਾਲ –

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥*
*ਅੰਗ – ੯੯੯*

ਹਉਮੈ ਨਾਲ ਪਾ ਦਿਤੀ। ਹਉਮੈ ਕੀ ਹੁੰਦੀ ਹੈ? ਬਹੁਤਿਆਂ ਨੂੰ ਪਤਾ ਹੀ ਨਹੀਂ। ਸਾਡੇ ਇਥੇ ਮੇਰੀਆਂ ਕਿਤਾਬਾਂ ਅੰਗਰੇਜ਼ੀ ਵਿਚ ਉਲਥਾ ਕਰਨ ਲੱਗੇ, ਉਹ ਵੱਡਾ ਸ਼ਾਸਤਰੀ ਸੀ ਬੰਬੇ ਦਾ, ਉਹ ਕਹਿੰਦਾ ਮੈਂ ਸਹੀ ਕਰਦਾਂ। ਉਹਨੇ ਲਿਖ ਦਿਤਾ ਹਉਮੈ ਨੂੰ ego, ਮੈਂ ਕਿਹਾ ਸਾਸ਼ਤਰੀ ਜੀ ਇਹ ਤਾਂ ਤੂੰ ਅਨਰਥ ਕਰ ਦਿਤਾ। ਹਉਮੈ ego ਨਹੀਂ ਹੁੰਦੀ, ਹਉਮੈ ਇਕ ਭਾਵਨਾ ਹੈ ਕਿ ਮੈਂ ਹਾਂ, I am, ਮੇਰਾ ਤੇ ਮੈਂ ਦੋ ਚੀਜ਼ਾਂ ਹੁੰਦੀਆਂ ਨੇ। ਇਹਦੇ ਵਿਚ ਅਸੀਂ ਗ੍ਰਸਤ ਹਾਂ ਸਾਰੇ ਜਿੰਨੇ ਵੀ ਹੈਗੇ। ਜਦੋਂ ਤਕ ਹਉਮੈ ਨਹੀਂ ਗਈ, ਉਦੋਂ ਤਕ ਜੰਮਦੇ ਮਰਦੇ ਰਹਿਣੈ। ਸੋ ਸਭ ਤੋਂ ਵੱਡਾ ਕਲੇਸ਼ ਜਿਹੜਾ ਹੈ, ਉਹ 'ਸਤਿ' ਨੂੰ ਨਾ ਸਮਝ ਕੇ, ਅਸਤਿ ਨੂੰ ਜਿਹੜੀ ਝੂਠ ਚੀਜ਼ ਹੈ, ਉਸ ਨੂੰ ਅਪਣਾਅ ਲੈਣਾ, ਉਹਨੂੰ ਅਵਿਦਿਆ ਕਹਿੰਦੇ ਨੇ। ਸੋ ਅਵਿਦਿਆ ਦਾ ਕਲੇਸ਼ ਸਭ ਤੋਂ ਵੱਡਾ ਹੈ। ਦੂਸਰਾ ਹੈ ਅਸਿਮਿਤਾ। ਉਹ ਹੈ ਕਾਲ ਦਾ ਡਰ ਕਿ ਮੇਰੀਆਂ ਚੀਜ਼ਾਂ ਨਾ ਖਰਾਬ ਹੋ ਜਾਣ, ਮੈਂ ਚੜ੍ਹਾਈ ਨਾ ਕਰ ਜਾਵਾਂ। ਤੀਸਰੀ ਹੈ ਅਭਿਨਿਵੇਸ਼। ਗੁਰੂ ਦੀ ਬਾਣੀ ਉਤੇ ਵਿਸ਼ਵਾਸ਼ ਆਉਣਾ ਹੀ ਨਾ। ਗੁਰੂ ਕਹਿੰਦਾ ਹੈ ਕਿ ਭਾਈ! ਇਥੇ ਵਾਹਿਗੁਰੂ ਹੈ ਹੋਰ ਕੋਈ ਨਹੀਂ –

*ਬਾਜੀਗਰਿ ਜੈਸੇ ਬਾਜੀ ਪਾਈ ॥*
*ਨਾਨਾ ਰੂਪ ਭੇਖ ਦਿਖਲਾਈ ॥*
*ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥*
*ਤਬ ਏਕੋ ਏਕੰਕਾਰਾ ॥ ਅੰਗ– ੭੩੬*

ਉਹ ਆਪ ਹੀ ਆਪਣੇ ਆਪ ਦਾ ਵਿਸਥਾਰ ਕਰਕੇ ਬਹੁਤ ਰੂਪ ਧਾਰਨ ਕਰੇ ਹੋਏ ਨੇ। ਇਹ ਗੱਲ ਨੂੰ ਨਾ ਮੰਨਣਾ ਇਹ ਕਲੇਸ਼ ਹੈ ਬੜਾ ਜ਼ਬਰਦਸਤ। ਫੇਰ ਕਲੇਸ਼ ਹੈਗਾ ਰਾਗ। ਜਿਹੜੇ ਆਪਣੇ ਹਿਤ ਦੇ ਬੰਦੇ ਨੇ ਉਹਨਾਂ ਦੇ ਨਾਲ ਪਿਆਰ ਪਾ ਲੈਣਾ। ਉਹਨਾਂ ਨੂੰ ਆਪਣੇ ਕਹਿਣਾ, ਆਪਣੀ ਕੌਮ ਹੈ, ਆਪਣਾ ਭਾਈਚਾਰਾ ਹੈ, ਰਾਗ ਹੋ ਗਿਆ। ਇਹ ਸਾਡੇ ਵਿਚੋਂ ਨਹੀਂ ਹੈਗੇ, ਇਹ ਬਾਹਰਲੇ ਨੇ, ਇਹ ਹਿੰਦੂ ਹੈ, ਇਹ ਮੁਸਲਮਾਨ ਹੈ, ਦਵੈਸ਼ ਪੈਦਾ ਹੋ ਗਈ। ਪੰਜ ਕਲੇਸ਼ ਜਿਹੜੇ ਨੇ ਇਹ ਸਭ ਤੋਂ ਵੱਡੇ ਨੇ। ਜਿਹਦਾ ਇਲਾਜ ਗੁਰੂ ਮਹਾਰਾਜ ਜੀ ਨੇ ਬਹੁਤ ਹੀ ਸੁਖੈਨ ਤਰੀਕੇ ਨਾਲ ਦਸਿਆ ਹੈ। ਪੜ੍ਹੋ ਪਿਆਰ ਨਾਲ –

*ਧਾਰਨਾ – ਸਿਮਰ ਪਿਆਰੇ ਨੂੰ,*
*ਸਿਮਰੋ ਸਿਮਰਿ ਸਿਮਰਿ ਸੁਖ ਪਾਵਹੁ।*
*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥ ਅੰਗ – ੨੬੨*

ਪੰਜਾਂ ਕਲੇਸ਼ਾ ਦਾ ਇਲਾਜ ਹੈ ਕਿ ਵਾਹਿਗੁਰੂ ਦੇ ਸਿਮਰਨ ਵਿਚ ਆ ਜਾਓ। ਸਿਮਰਨ ਕਹਿੰਦੇ ਨੇ ਯਾਦ ਨੂੰ। ਦੇਖੋ, ਇਥੇ ਵੀ ਭੇਤ ਹੈ, ਇਸ ਸ਼ਬਦ ਦੇ ਅਰਥ ਦਾ। ਯਾਦ ਹੈ, ਇਕ ਅਸੀਂ ਕਹਿੰਦੇ ਹਾਂ ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ। ਇਹ ਹੈ 'ਜਪੁ'। ਇਹ 'ਜਪੁ' ਲਗਾਤਾਰ ਜਪਦੇ–ਜਪਦੇ ਯਾਦ ਵਿਚ ਬਦਲ ਜਾਂਦਾ ਹੈ। ਯਾਦ ਬਣ ਜਾਏਗੀ, ਜਦੋਂ ਯਾਦ ਵਿਚ ਵਾਹਿਗੁਰੂ ਆ ਗਿਆ, ਕਲੇਸ਼ ਘਟਣੇ ਸ਼ੁਰੂ ਹੋ ਜਾਣਗੇ, ਜਿੰਨਾਂ ਦੁਖ ਸਾਨੂੰ ਆਇਐ ਸਾਰਾ ਘਟ ਜਾਣੈ। ਸੋ ਇਸ ਕਰਕੇ ਨਾਮ ਜਪਣ ਨਾਲ ਦੁੱਖਾਂ ਦਾ ਖਾਤਮਾ ਹੋ ਜਾਂਦੈ, ਸਾਰਿਆਂ ਦਾ। ਮਹਾਰਾਜ ਨੇ ਨਾਮ ਦੀ ਦਾਰੂ ਦੱਸੀ ਹੈ। ਪ੍ਰੈਕਟੀਕਲੀ ਇਸ ਸਾਖੀ ਨਾਲ ਗੱਲ ਸਮਝ ਵਿਚ ਆ ਜਾਏਗੀ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਕਿਸ਼ੋਰ ਅਵਸਥਾ ਲੰਘ ਚੁੱਕੇ ਨੇ। ਆਪ ਚਾਰਪਾਈ ਦੇ ਉਤੇ ਪਏ ਰਹਿੰਦੇ ਨੇ। ਬੇਬੇ ਨਾਨਕੀ ਜੀ ਵੀ ਬੁਲਾਉਂਦੇ ਨੇ, ਮਾਤਾ ਤ੍ਰਿਪਤਾ ਜੀ ਵੀ ਬੁਲਾਉਂਦੇ ਨੇ, ਪਿਤਾ ਕਾਲੂ ਜੀ ਵੀ ਬੁਲਾਉਂਦੇ ਨੇ, ਮੌਜ ਕਰੇ, ਹੁੰਗਾਰਾ ਭਰ ਦਿੰਦੇ ਨੇ, ਨਹੀਂ ਤਾਂ ਚੁੱਪ ਰਹਿੰਦੇ ਨੇ। ਲੋਕਾਂ ਨੇ ਕਿਹਾ ਕਿ ਇਕੋ ਇਕ ਪੁੱਤਰ ਹੈ, ਉਹਦਾ ਹੀ ਇਲਾਜ ਨਹੀਂ ਕਰਾਉਂਦੇ। ਪਤਾ ਨਹੀਂ ਕੋਈ ਦਿਓ ਚਿੰਬੜਿਆ ਹੋਇਐ, ਜੰਗਲਾ 'ਚ ਇਹ ਘੁੰਮਦਾ ਰਹਿੰਦੈ, ਉਥੋਂ ਕੋਈ ਭੂਤ-ਪ੍ਰੇਤ, ਅਵਿਅਕਤ ਰੂਹਾਂ ਚਿੰਬੜ ਗਈਆਂ। ਇਹ ਕਿਤੇ ਮੁੱਲਾਂ ਕੋਲ ਜਾਣ, ਉਥੋਂ ਮੰਤਰ ਵਗੈਰਾ ਕਰਾਉਣ, ਝਾੜੇ ਕਰਵਾਉਣ ਰਾਜ਼ੀ ਹੋ ਜਾਏਗਾ। ਜਿਹੜੇ ਸਿਆਣੇ ਸੀ, ਉਹ ਕਹਿੰਦੇ ਸੀ ਇਹਦੇ ਦਿਮਾਗ਼ ਵਿਚ ਤਣਾਅ (tention) ਹੈ ਜਿਹਦੇ ਕਰਕੇ ਇਹ ਪਿਆ ਰਹਿੰਦੈ। ਉਹਨਾਂ ਨੇ ਪਿਤਾ ਮਹਿਤਾ ਕਾਲੂ ਜੀ ਨੂੰ ਕਿਹਾ ਕਿ ਤੁਸੀਂ ਕਿਸੇ ਚੰਗੇ ਹਕੀਮ, ਵੈਦ

ਨੂੰ ਦਿਖਾਓ ਤੇ ਇਲਾਜ ਕਰਾਓ ਇਹਨਾਂ ਦਾ। ਉਹਨੇ ਆ ਕੇ ਆਪਣੇ ਵੱਡੇ ਭਰਾਤਾ ਨੂੰ ਕਿਹਾ। ਭਰਾਤਾ ਜੀ! ਕਿੰਨੀ ਦੇਰ ਦੇ ਪਏ ਨੇ, ਕਿੰਨੇ ਮਹੀਨੇ ਇਹਨਾਂ ਨੂੰ ਲੰਘ ਗਏ। ਇਲਾਜ ਕੋਈ ਵੀ ਨਹੀਂ ਕਰਾਇਆ। ਉਹ ਕਹਿਣ ਲੱਗੇ, ਮੈਂ ਵੀ ਇਹ ਸੋਚਦਾ ਸੀ। ਮੇਰਾ ਖਿਆਲ ਸੀ ਕੋਈ ਐਸੀ ਬਦਰੂਹ ਚਿੰਬੜ ਗਈ। ਮੈਂ ਚੋਰੀ-ਚੋਰੀ ਇਲਾਜ ਕਰ ਚੁੱਕਿਆ ਹਾਂ ਉਹਦਾ ਤੇ ਮੈਂ ਹੁਣੇ ਜਾਂਦਾ ਹਾਂ ਵੈਦ ਜੀ ਕੋਲ, ਉਥੇ ਦੇ ਵੈਦ ਹਰਿਦਾਸ ਬਹੁਤ ਹੀ ਅਸਰਦਾਰ ਵੈਦ ਸੀ ਉਸ ਇਲਾਕੇ ਦਾ। ਇਹ ਉਸ ਕੋਲ ਗਏ, ਉਹ ਦਵਾਈਆਂ ਵਗੈਰਾ ਦੇ ਰਿਹਾ ਸੀ ਲੋਕਾਂ ਨੂੰ। ਇਹਨਾਂ ਨੂੰ ਮੂੜ੍ਹਾ ਦੇ ਕੇ ਉਸ ਨੇ ਬਿਠਾ ਦਿਤਾ। ਜਦੋਂ ਸਾਰੇ ਚਲੇ ਗਏ। ਵੈਦ ਕਹਿਣ ਲੱਗਿਆ, ਮਹਿਤਾ ਜੀ! ਵੈਸੇ ਤਾਂ ਡਾਕਟਰਾਂ ਕੋਲ ਸੁਖੀ-ਸਾਂਦੀ ਕੋਈ ਆਉਂਦਾ ਨਹੀਂ, ਕਹਿ ਨਹੀਂ ਸਕਦੇ ਕਿ ਤੁਹਾਡੇ ਦਰਸ਼ਨ ਹੀ ਨਹੀਂ ਹੁੰਦੇ ਕਦੇ। ਡਾਕਟਰਾਂ ਦੇ ਦਰਸ਼ਨ ਕਰਨੇ ਤਾਂ ਕੋਈ ਬਿਮਾਰੀ ਹੁੰਦੀ ਹੈ ਤਾਂ ਹੀ ਬੰਦਾ ਜਾਂਦਾ। ਉਸ ਤਰ੍ਹਾਂ ਤਾਂ ਆਦਮੀ ਜਾਂਦਾ ਨਹੀਂ ਹੈ। ਪਰ ਧੰਨਵਾਦ ਤੁਹਾਡੇ ਦਰਸ਼ਨਾਂ ਦਾ ਅੱਜ ਕਿਵੇਂ ਆਏ ਤੁਸੀਂ?

ਕਹਿਣ ਲੱਗੇ, ਵੈਦ ਜੀ! ਨਾਨਕ ਜੀ! ਕਾਫੀ ਦੇਰ ਤੋਂ ਇਸ ਤਰ੍ਹਾਂ ਇਸ ਅਵਸਥਾ ਵਿਚ ਰਹਿੰਦੇ ਨੇ। ਖਾਂਦੇ ਨਹੀਂ, ਪੀਂਦੇ ਨਹੀਂ, ਕਈ-ਕਈ ਦਿਨ ਲੰਘ ਜਾਂਦੇ ਨੇ ਬੋਲਦੇ ਨਹੀਂ ਹਨ ਤੇ ਲੋਕ ਆਹ ਗੱਲਾਂ ਕਹਿੰਦੇ ਨੇ। ਮੈਂ ਸੋਚਦਾ ਹਾਂ ਕਿ ਇਹ ਡਾਕਟਰੀ ਇਲਾਜ ਹੈ, ਭੂਤ-ਪ੍ਰੇਤ ਨਹੀਂ ਹੈ ਕੋਈ। ਉਹ ਕਹਿਣ ਲੱਗਿਆ, ਤੁਸੀਂ ਫ਼ਿਕਰ ਨਾ ਕਰੋ ਸਾਡੇ ਵੈਦਿਕ ਦਾ ਇਹ ਅਸੂਲ ਹੈ ਕਿ ਅਸੀਂ ਨਿਹਾਰ ਮੂੰਹ ਰੋਗ ਦੇਖਦੇ ਹਾਂ, ਜਾਂ ਪੇਸ਼ਾਬ ਤੋਂ ਦੇਖਦੇ ਹਾਂ ਜਾਂ ਨਬਜ਼ ਤੋਂ ਦੇਖਦੇ ਹਾਂ। ਤੁਸੀਂ ਸਵੇਰੇ ਤੋਂ ਨਾਨਕ ਜੀ ਨੂੰ ਕੁਛ ਦਿਓ ਨਾ। ਮੈਂ ਦੇਖ ਲਵਾਂਗਾ, ਤਿੰਨ ਤੱਤ ਹੁੰਦੇ ਨੇ, ਕਫ਼ ਹੁੰਦੀ ਹੈ, ਵਾਇ ਹੁੰਦੀ ਹੈ, ਪਿੱਤ ਹੁੰਦੀ ਹੈ। ਉਹਨਾਂ ਤਿੰਨਾਂ ਦਾ ਜੇ ਸੰਤੁਲਨ ਵਿਗੜ ਜਾਵੇ ਤਾਂ ਆਦਮੀ ਬਿਮਾਰ ਹੋ ਜਾਂਦਾ ਹੈ। ਬਹੁਤੀ ਵਾਇ ਹੋ ਜਾਵੇ, ਗੋਡੇ ਦੁਖਣ ਲਗ ਜਾਂਦੇ ਨੇ। ਗਰਮੀ ਹੋ ਜਾਏ ਦਿਮਾਗ ਘੁੰਮਣਾ ਸ਼ੁਰੂ ਹੋ ਜਾਂਦੈ। ਸੋ ਇਸ ਤਰ੍ਹਾਂ ਮੈਂ ਦੇਖ ਲਵਾਂਗਾ। ਦੂਸਰੇ ਦਿਨ ਵੈਦ ਜੀ ਜਾਂਦੇ ਨੇ। ਉਹ ਅਗਾਂਹਾਂ ਖੜ੍ਹੇ ਨੇ, ਦੂਰੋਂ ਦੇਖ ਲਿਆ। ਚਾਰ ਕਦਮ ਅੱਗੇ ਵਧੇ ਜਾ ਕੇ ਪਰਸਪਰ ਨਮੋ-ਨਮਸ਼ਕਾਰ ਕਰੀ। ਅੰਦਰ ਲਿਆਏ, ਮੂੜ੍ਹਾ ਚੁੱਕਿਆ, ਲਿਆ ਕੇ ਅੰਦਰ ਸ੍ਰੀ ਗੁਰੂ ਨਾਨਕ ਪਾਤਸ਼ਾਹ ਜਿਸ ਪਲੰਘ ਉਤੇ ਪਏ ਸੀ ਉਥੇ ਕੋਲ ਡਾਹ ਦਿਤਾ। ਅਵਾਜ਼ ਦਿਤੀ ਨਾਨਕ ਜੀ! ਪੁੱਤਰ ਨਾਨਕ! ਵੈਦ ਜੀ ਆਏ ਨੇ। ਸਾਵਧਾਨ ਹੋਵੋ। ਉਹਨਾਂ ਨੇ ਕੋਈ ਜਵਾਬ ਹੀ ਨਾ ਦਿਤਾ। ਕਹਿਣ ਲੱਗੇ, ਕੋਈ ਗੱਲ ਨਹੀਂ ਜੇ ਜਵਾਬ ਨਹੀਂ ਦਿਤਾ, ਮੈਂ ਤਾਂ ਨਬਜ਼ ਹੀ ਦੇਖਣੀ ਹੈ, ਉਸ ਵੇਲੇ ਕੱਪੜੇ 'ਚੋਂ ਹੀ, ਜਿਹੜਾ ਉਤੇ ਲਿਆ ਹੋਇਆ ਸੀ, ਜਿਸ ਵਕਤ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਨਬਜ਼ 'ਤੇ ਹੱਥ ਰੱਖਿਆ, ਮੌਜ ਹੈ ਉਹਨਾਂ ਦੀ ਉੱਠ ਕੇ ਬੈਠ ਗਏ। ਉੱਠਦੇ ਵੈਦ ਦੇ ਉਤੇ ਸਵਾਲ ਕਰ ਦਿਤਾ।

*ਧਾਰਨਾ - ਵੈਦਾ ਮੇਰੀ ਓ ਬਾਂਹ ਛੱਡ ਦੇ,*
*ਤੈਨੂੰ ਰੋਗ ਦਾ ਪਤਾ ਨਾ ਕੋਈ।*
*ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥*
*ਅੰਗ- ੧੨੭੯*

ਕਹਿਣ ਲੱਗਿਆ ਕਿ ਮੈਂ ਤੁਹਾਡਾ ਰੋਗ ਦੇਖਦਾ ਹਾਂ। ਦਵਾਈ ਦੇਵੇਂਗਾ ਭੁੱਖ ਵੀ ਲੱਗੇਗੀ। ਬਾਹਰ ਵੀ ਤੁਰਨ ਫਿਰਨਗੇ, ਦਿਮਾਗ ਦੀ ਪਰੇਸ਼ਾਨੀ ਵੀ ਹਟ ਜਾਏਗੀ। ਜੀਅ ਵੀ ਕਰੇਗਾ ਮਾਂ-ਬਾਪ ਨਾਲ ਗੱਲਾਂ ਕਰਨ ਨੂੰ। ਮਹਾਰਾਜ ਕਹਿੰਦੇ, ਕਿੰਨਾ ਪੜ੍ਹਿਆ ਹੋਇਐਂ?

ਗੁਰੂ ਮਹਾਰਾਜ ਜਦੋਂ ਪਾਂਧੇ ਕੋਲ ਗਏ ਸੀ ਤਾਂ ਪਹਿਲਾਂ ਸਵਾਲ ਇਹ ਕਰਿਆ ਸੀ ਕਿ 'ਓਮ ਨਮੋ ਸਿਧੰ', ਪਾਂਧਾ ਜੀ! ਜਿਸ ਓਅੰਕਾਰ ਦਾ ਤੁਸੀਂ ਜ਼ਿਕਰ ਕਰੀ ਜਾਂਦੇ ਹੋਂ, ਉਹਨੂੰ ਜਾਣਦੇ ਹੋਂ ਕੌਣ ਹੈ? ਪਾਂਧਾ ਨਿਰਉੱਤਰ ਹੋ ਗਿਆ।

ਅੱਜ ਵੈਦ ਜੀ ਨਾਲ ਗੱਲ ਚੱਲ ਪਈ? ਕਹਿੰਦੇ, ਕਿੰਨੇ ਪੜ੍ਹੇ ਹੋਏ ਹੋਂ।

ਵੈਦ ਕਹਿਣ ਲੱਗਿਆ, ਹੇ ਨਾਨਕ ਜੀ! ਮੈਂ ਅਥਰਵਣ ਵੇਦ ਦੇ ਵਿਚ ਜਿੰਨਾਂ ਔਸ਼ਧੀਆਂ ਦੀ ਵਾਕਫ਼ੀਅਤ ਆਉਂਦੀ ਹੈ ਉਹਦੇ ਬਾਰੇ ਮੈਂ ਸਾਰਾ ਪੜ੍ਹਿਆ ਹੋਇਆ ਹਾਂ। ਵੈਦ ਦੇ ਬਾਰੇ ਹੋਰ ਮੈਂ ਬਹੁਤ ਕੁਛ ਪੜ੍ਹਿਆ ਹੋਇਆ ਹਾਂ। ਮੇਰਾ ਵੀ ਤਜਰਬਾ ਹੈ ਮੈਂ ਕਾਮਲ ਵੈਦਾਂ ਦੇ ਕੋਲ ਬੈਠ ਕੇ ਵੈਦਗੀ ਸਿੱਖੀ ਹੋਈ ਹੈ।

ਕਿੰਨੇ ਰੋਗਾਂ ਦਾ ਇਲਾਜ ਜਾਣਦੇ ਹੋਂ?

ਕਹਿਣ ਲੱਗਿਆ, ਮੈਂ 99 ਰੋਗਾਂ ਦਾ ਇਲਾਜ ਜਾਣਦਾ ਹਾਂ। ਉਹਨਾਂ ਵਿਚੋਂ ਜਿਹੜਾ ਰੋਗ 'ਚੋਂ ਰੋਗ ਨਿਕਲਦਾ ਹੈ, ਜਿਹਨੂੰ ਅਸੀਂ ਕਹਿ ਦਿੰਦੇ ਹਾਂ ਕਿ ਦਵਾਈਆ ਖਾ ਕੇ ਉਲਟਾ ਅਸਰ ਹੋ ਜਾਂਦੈ। ਇਲਾਜ ਕਰਦੇ-ਕਰਦੇ ਕੋਈ ਹੋਰ ਹੀ ਗੱਲ ਹੋ ਜਾਂਦੀ ਹੈ। ਉਹ ਵੀ ਮੈਂ ਸਾਰੇ ਇਲਾਜ ਜਾਣਦਾ ਹਾਂ। ਮਹਾਰਾਜ ਕਹਿੰਦੇ, ਫੇਰ ਮੈਨੂੰ ਜਿਹੜਾ ਕੁਛ ਹੋਇਆ ਹੋਇਐ, ਉਹਦੀ ਤੈਨੂੰ ਖ਼ਬਰ ਨਹੀਂ ਹੈ। ਮੇਰੇ ਸਰੀਰ ਵਿਚ ਕੋਈ ਨੁਕਸ ਨਹੀਂ ਹੈ।

ਨਾਮ ਜਪਣ ਵਾਲੇ ਦੇ ਸਰੀਰ ਦੇ ਵਿਚ ਨੁਕਸ ਬਹੁਤ ਘੱਟ ਪੈਂਦੈ। ਪਹਿਲੀ ਗੱਲ ਤਾਂ ਪੈਂਦਾ ਹੀ ਨਹੀਂ। ਨਾਮ ਜਪਣ ਵਾਲਾ, ਜੇ ਚਾਹੇਗਾ ਸਾਧਸੰਗਤ ਜੀ! ਮੈਂ ਸਹੀ ਗੱਲ ਦਸਦਾ ਹਾਂ, ਬਿਮਾਰ ਨਹੀਂ ਹੁੰਦਾ

ਕਦੇ ਵੀ। ਉਹ ਬੀਮਾਰ ਹੁੰਦਾ ਕਿਉਂ ਹੈ? ਕਿਉਂਕਿ ਆਪਣੀ ਬਿਮਾਰੀ ਬਾਰੇ ਫੁਰਨਾ ਨਹੀਂ ਕਰਦਾ। ਉਹਦਾ ਕੋਈ ਵਾਲੀ ਵਾਰਿਸ ਨਹੀਂ ਹੁੰਦਾ, ਸਾਧੂ, ਸੰਤਾਂ ਦਾ ਕਿ ਰਾਜ਼ੀ ਕਰੋ ਇਹਨੂੰ। ਬਾਕੀ ਤਾਂ ਅਸੀਂ ਨੱਠਦੇ ਹਾਂ ਕਿ ਦਵਾਈ ਲਿਆਓ ਜੀ, ਫਲਾਣਾ ਲਿਆਓ ਜੀ।

ਮਹਾਰਾਜ ਜੀ ਨੂੰ ਮੈਂ ਇਕ ਵਾਰੀ ਪੁੱਛਿਆ ਕਿ ਮਹਾਰਾਜ! ਤੁਹਾਡਾ ਸਵਾਸ ਵੀ ਵਿਗੜ ਜਾਂਦੈ। ਕਹਿੰਦੇ, ਇਹਦਾ ਮਾਲਕ ਨਹੀਂ ਕੋਈ। ਇਹਦਾ ਮਾਲਕ ਈਸ਼ਰ ਸਿੰਘ ਸੀਗਾ, ਉਹਨੂੰ ਗਏ ਨੂੰ ਬਹੁਤ ਮੁੱਦਤਾਂ ਹੋ ਗਈਆਂ। ਇਹ ਗੱਲ ਨੂੰ ਸਮਝਣਾ ਸਭ ਤੋਂ ਔਖਾ ਹੈ। ਉਹ ਬ੍ਰਹਮ ਬਿਰਤੀ ਦੇ ਵਿਚ ਰਹਿੰਦੇ ਸੀ। ਸਾਰੇ ਸਰੀਰ ਬ੍ਰਹਮ ਬਿਰਤੀ ਵਾਲੇ ਆਪਣੇ ਹੁੰਦੇ ਨੇ ਜਿੰਨੇ ਵੀ ਤੁਸੀਂ ਬੈਠੇ ਹੋਂ। ਉਹ ਕਹਿੰਦੇ, ਇਹਦਾ ਵਾਰਿਸ ਨਹੀਂ ਹੈ ਕੋਈ। ਜਦੋਂ ਵਾਰਿਸ ਨਹੀਂ ਹੈ ਕੋਈ ਤਾਂ ਫੁਰਨਾ ਕੀ ਕਰਨੈ ਸੰਤਾਂ ਨੇ ਕਿ ਇਹ ਰਾਜ਼ੀ ਹੋ ਜਾਏ। ਫੁਰਨਾ ਸਾਡਾ ਹੈ ਕਿ ਇਹਦੀ ਦਵਾਈ ਕਰ ਦਿਓ, ਫਲਾਣਾ ਕਰ ਦਿਓ। ਜੇ ਉਹ ਇੱਛਾ (wish) ਕਰਨ ਤਾਂ ਬਹੁਤ ਵੱਡੀ ਬਾਤ ਹੈ।

ਡਾ. ਸਵਾਮੀ ਰਾਮ ਜੀ ਉਹ ਮੇਰੇ ਕੋਲ ਆਉਂਦੇ ਹੁੰਦੇ। ਉਹਨਾਂ ਨੇ 2500 ਬੈੱਡ ਦਾ ਹਸਪਤਾਲ ਜੌਲੀ ਗ੍ਰਾਂਟ ਦੇਹਰਾਦੂਨ ਬਣਾਇਆ। ਜਦੋਂ ਉਥੇ ਮੈਡੀਕਲ ਕਾਲਜ ਦੀ ਬੁਨਿਆਦ ਰੱਖੀ ਤੇ ਪਹਿਲਾਂ ਕਾਲਜ ਦਾ ਉਦਘਾਟਨ, ਮੈਨੂੰ ਕਿਹਾ ਤੁਹਾਡੇ ਤੋਂ ਕਰਾਉਣਾ ਹੈ। ਮੈਂ ਗਿਆ ਨਾ ਜਾਣ ਕੇ ਨਾ ਗਿਆ। ਫੇਰ ਉਹ ਆਪ ਆ ਗਏ। ਕਹਿੰਦੇ ਮੈਡੀਕਲ ਕਾਲਜ ਦੀ ਬੁਨਿਆਦ ਤੁਹਾਡੇ ਤੋਂ ਰਖਾਉਣੀ ਹੈ। ਮੈਂ ਕਿਹਾ, ਐਨੇ ਸਵਾਮੀ ਨੇ, ਐਡੇ ਵੱਡੇ-ਵੱਡੇ ਆਫ਼ੀਸਰ ਨੇ, ਤੁਸੀਂ ਉਹਨਾਂ ਤੋਂ ਕਰਾਂਓ। ਕੱਲ੍ਹ ਨੂੰ ਤੁਹਾਨੂੰ ਗ੍ਰਾਂਟ ਮਿਲਣੀ ਹੈ। ਪੈਸੇ ਮਿਲਣੇ ਨੇ ਵੀਹ ਚੀਜ਼ਾਂ ਹੋਣੀਆ ਨੇ। ਕਹਿੰਦੇ, ਨਹੀਂ ਮੈਂ ਤਾਂ ਤੁਹਾਡੇ ਤੋਂ ਹੀ ਰਖਵਾਉਣਾ। ਉਥੇ ਉਹਨਾਂ ਨਾਲ ਕਾਫੀ ਮੇਲ-ਜੋਲ ਵਧਿਆ। ਮੈਂ ਪੁੱਛਿਆ, ਸਵਾਮੀ ਜੀ! ਤੁਹਾਡੀ ਜਿਹੜੀ ਟੈਕਨੀਕ ਹੈ ਬਿਮਾਰ ਨੂੰ ਰਾਜ਼ੀ ਕਰਨ ਦੀ, ਉਹ ਗਲਤ ਹੈ। ਉਹ ਕੋਂਹਿੰਦੇਂ, ਕਿਉਂ? ਮੈਂ ਕਿਹਾ, ਯੋਗ ਦੇ ਵਿਚ ਬਿਮਾਰ ਆਦਮੀ ਦੀ ਬਿਮਾਰੀ ਆਪਣੇ ਸਰੀਰ 'ਤੇ ਖਿੱਚਦੇ ਹੋ, ਯੋਗਿਕ ਕ੍ਰਿਆ ਨਾਲ। ਉਹ ਤਾਂ ਰਾਜ਼ੀ ਹੋ ਜਾਂਦਾ ਹੈ। ਫੇਰ ਤੁਸੀਂ ਉਹਨੂੰ ਕਿਸੇ ਦਰਖ਼ਤ 'ਤੇ ਸੁੱਟਦੇ ਹੋਂ, ਕਦੇ ਕਿਤੇ ਸੁੱਟਦੇ ਹੋਂ। ਕਹਿੰਦੇ, ਇਹ ਤਾਂ ਠੀਕ ਹੈ, ਇਸੇ ਤਰ੍ਹਾਂ ਰਾਜ਼ੀ ਹੁੰਦੈ। ਮੈਂ ਕਿਹਾ ਨਹੀਂ, ਸਾਡੇ ਨਹੀਂ ਹੈ, ਸਾਡੇ ਗੁਰੂ ਘਰ ਦੇ ਅੰਦਰ ਬਿਮਾਰੀ ਦਾ ਮੂਲ ਕਾਰਨ ਹੈ ਪ੍ਰਮੇਸ਼ਰ ਨੂੰ ਭੁੱਲਣਾ, ਅਸੀਂ ਪ੍ਰਮੇਸ਼ਰ ਦੇ ਨਾਲ ਜੋੜ ਦਿੰਦੇ ਹਾਂ। ਅਸੀਂ ਕਹਿੰਦੇ ਹਾਂ ਸ਼ਬਦ ਦੀ ਅਰਾਧਨਾ ਕਰ, ਜਪੁਜੀ ਸਾਹਿਬ ਦੇ ਐਨੇ ਪਾਠ ਕਰ, ਉਹ ਰਾਜ਼ੀ ਹੋ ਜਾਂਦੈ। ਤੁਹਾਡੇ ਵਿਚ ਬੜਾ ਭਾਰੀ ਖਤਰਾ ਹੈ। ਅਸੀਂ ਆਪਣੇ ਉਤੇ ਕੁਛ ਨਹੀਂ ਲੈਂਦੇ। ਅਸੀਂ ਗੁਰੂ ਦੇ ਲੜ ਲਾ ਦਿੰਦੇ ਹਾਂ। ਗੁਰੂ ਦੀ ਬਾਣੀ 'ਤੇ ਸਾਨੂੰ ਨਿਹਚਾ ਹੈ ਕਿ ਇਹ ਸਾਰੇ ਰੋਗ ਦੂਰ ਕਰ ਸਕਦੀ ਹੈ। ਵਿਘਨ ਦੂਰ ਕਰ ਸਕਦੀ ਹੈ ਤੇ ਤੁਸੀਂ ਆਪਣੇ ਆਪ 'ਤੇ ਲੈਂਦੇ ਹੋਂ। ਇਸ ਵਿਚ ਤੁਸੀਂ ਫਸ ਜਾਓਂਗੇ। ਅਖੀਰ ਹੋਇਆ ਕੀ ਇਕ ਸੇਠ ਆ ਗਿਆ। ਉਹ ਸੀ ਇਹਨਾਂ ਦਾ ਪ੍ਰੇਮੀ। ਉਹਨੂੰ ਕੈਂਸਰ ਹੋਇਆ-ਹੋਇਆ ਸੀ। ਸਵਾਮੀ ਜੀ ਨੇ ਉਹਦਾ ਕੈਂਸਰ ਖਿੱਚ ਲਿਆ। ਹੁਣ ਆ ਕੇ ਉਹ ਕ੍ਰਿਆ ਨਹੀਂ ਸੀ ਹੋ ਸਕਦੀ, ਸਰੀਰ 'ਚ ਐਨਾ ਬਲ ਨਾ ਹੋਇਆ, 70 ਸਾਲ ਦੇ ਹੋ ਗਏ, ਮੈਨੂੰ ਕਹਿੰਦੇ, ਕੈਂਸਰ ਹੋ ਗਿਆ। ਮੈਂ ਕਿਹਾ, ਫਸ ਗਏ ਨਾ ਤੁਸੀਂ? ਮੈਂ ਤੁਹਾਨੂੰ ਇਕ ਸਾਲ ਪਹਿਲਾਂ ਵਾਰਨਿੰਗ ਦਿਤੀ ਸੀ ਕਿ ਤੁਸੀਂ ਫਸ ਜਾਓਂਗੇ ਕਿਤੇ ਨਾ ਕਿਤੇ। ਕਹਿੰਦੇ, ਹੁਣ ਤਾਂ ਫੇਰ ਸਰੀਰ ਛੱਡਣਾ ਹੀ ਪੈਣੈ। ਮੈਂ ਚਲੇ ਹੀ ਜਾਣੈ। ਉਹ ਠੀਕ ਹੈ, ਜਿਹੜੀ ਤਰੀਕ ਉਹਨਾਂ ਨੇ ਮੈਨੂੰ ਦੱਸੀ ਸੀ, ਉਹ ਚਲੇ ਗਏ। ਉਹ ਬਿਮਾਰ ਨਹੀਂ ਸੀ ਹੋਣੇ, ਜੇ ਬਿਮਾਰੀ ਨਾ ਖਿੱਚਦੇ। ਇਸੇ ਤਰ੍ਹਾਂ ਜਿਹੜਾ ਬੰਦਗੀ ਵਾਲਾ ਬੰਦਾ ਹੈ, ਨਾਮ ਜਪਣ ਵਾਲਾ ਹੈ ਜੇ ਉਹ ਚਾਹੇ ਨਹੀਂ ਬਿਮਾਰ ਹੁੰਦਾ। ਜਦੋਂ ਦੂਜਿਆਂ ਨੂੰ ਰਾਜ਼ੀ ਕਰ ਸਕਦੈ, ਆਪ ਚਾਹੁੰਦਾ ਨਹੀਂ ਹੈ, ਸਾਮ੍ਹਣੇ ਬਿਮਾਰੀ ਕੱਟੀ ਜਾਂਦੈ। ਸਾਰੇ ਮਹਾਂਪੁਰਸ਼ ਇਸੇ ਤਰ੍ਹਾਂ ਕਰਦੇ ਨੇ।

ਸੋ ਮਹਾਰਾਜ ਕਹਿਣ ਲੱਗੇ, ਵੈਦ ਜੀ! ਪਹਿਲਾਂ ਬਿਮਾਰੀ ਦਾ ਮੂਲ ਕਾਰਨ ਲੱਭੋ ਤੁਸੀਂ। ਮੈਨੂੰ ਬਿਮਾਰੀ ਕੋਈ ਨਹੀਂ -

*ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥*

*ਅੰਗ- ੧੨੭੯*

ਮੈਂ ਤਾਂ ਪ੍ਰਮੇਸ਼ਰ ਦੇ ਪਿਆਰ ਵਿਚ ਮਰਦਾਂ। ਤੁਹਾਨੂੰ ਪਤੈ ਬਿਮਾਰੀ ਲਗਦੀ ਕਿੱਥੋਂ ਹੈ? ਤੁਸੀਂ ਕਹਿੰਦੇ ਹੋਂ, ਖਾਣ ਪੀਣ ਤੋਂ। ਖਾਣ ਪੀਣ ਤੋਂ ਨਹੀਂ ਹੁੰਦੀ, ਬਿਮਾਰੀ ਲਗਦੀ ਹੈ ਜਦੋਂ ਵਾਹਿਗੁਰੂ ਨੂੰ ਭੁੱਲ ਜਾਂਦੈ। ਵਾਹਿਗੁਰੂ ਨਾਲੋਂ ਸਬੰਧ ਟੁੱਟ ਜਾਂਦੈ। ਇਸ ਤਰ੍ਹਾਂ ਨਾਲ ਮਹਾਰਾਜ ਜੀ ਫੁਰਮਾਨ ਕਰਦੇ ਨੇ ਪੜ੍ਹੋ ਪਿਆਰ ਨਾਲ -

*ਧਾਰਨਾ - ਸਾਰੇ ਰੋਗ ਲਗਦੇ ਨੇ,*
*ਭੁੱਲ ਜਾਏ ਜੇ ਰਾਮ ਪਿਆਰਾ।*

ਮਹਾਰਾਜ ਕਹਿਣ ਲੱਗੇ, ਵੈਦ ਜੀ! ਮਨ ਮਜ਼ਬੂਤ ਤਾਂ ਰਹਿੰਦਾ ਹੈ ਜੇ ਵਜੂਦ ਨਾਲ ਜੁੜਿਆ ਰਹੇ। ਜੇ ਕਮਜ਼ੋਰ ਚੀਜ਼ ਨਾਲ ਜੁੜੇ ਤਾਂ ਇਹ ਕਮਜ਼ੋਰ ਹੋ ਜਾਂਦੈ। ਸ਼ੰਕਾ ਹੋ ਜਾਂਦੈ, ਚਿੰਤਾ ਹੋ ਜਾਂਦੀ ਹੈ। ਮਜ਼ਬੂਤ ਹੈ ਇਥੇ ਵਾਹਿਗੁਰੂ। ਵਾਹਿਗੁਰੂ ਤੋਂ ਵੱਡਾ ਕੋਈ ਹੈ

ਨਹੀਂ। ਜੇ ਤਾਂ ਵਾਹਿਗੁਰੂ ਨਾਲ ਜੁੜਿਆ ਰਹਿੰਦੈ ਫੇਰ ਤਾਂ ਰੋਗ ਇਹਦੇ ਨੇੜੇ ਨਹੀਂ ਆਉਂਦਾ, ਸੁਪਨੇ 'ਚ ਵੀ ਨਹੀਂ ਆਉਂਦਾ। ਵਾਹਿਗੁਰੂ ਨਾਲ ਜੁੜਨ ਦਾ ਸਾਧਨ ਹੈ ਉਹਦਾ ਨਾਮ ਜਪਣਾ। ਉਸ ਨੇ ਮਨੁੱਖ ਨੂੰ ਬਿਮਾਰ ਨਹੀਂ ਸੀ ਕਰਨਾ, ਵਾਹਿਗੁਰੂ ਨੇ ਐਸਾ ਸਰੀਰ ਬਣਾਇਆ ਸੀ ਕਿ ਇਹ ਕਦੇ ਵੀ ਬਿਮਾਰ ਨਾ ਹੋਵੇ। ਕਿਉਂਕਿ ਉਹਨੇ ਦਵਾਈ ਰੱਖ ਦਿਤੀ ਸਰੀਰ ਦੇ ਵਿਚ। ਦਵਾਈ ਦਾ ਸਾਨੂੰ ਪਤਾ ਨਹੀਂ, ਵਰਤੋਂ ਅਸੀਂ ਕਰ ਨਹੀਂ ਸਕਦੇ। ਡਾਕਟਰਾਂ ਨੇ ਕਿੰਨੇ ਖੋਲ੍ਹੇ ਹੋਏ ਨੇ, ਪੀ.ਜੀ.ਆਈ ਦੇ ਵਿਚ ਥਾਂ ਹੀ ਨਹੀਂ ਰਿਹਾ, ਹੋਰ ਖੋਲ੍ਹਣ ਨੂੰ ਫਿਰਦੇ ਨੇ। ਖੋਲ੍ਹੀ ਜਾਣ। 80% ਬੰਦਾ ਦਿਮਾਗ ਦੀ tention (ਖਿੱਚ) ਦਾ ਬਿਮਾਰ ਹੁੰਦਾ ਹੈ। ਉਹਦੇ ਨਾਲ ਸਾਰਾ nervous system ਢਿੱਲਾ ਪੈ ਜਾਂਦੈ। ਢਿੱਲਾ ਪੈ ਕੇ ਆਪਣਾ-ਆਪਣਾ ਕੰਮ ਛੱਡ ਦਿੰਦੈ। ਬਿਮਾਰ ਹੋ ਜਾਂਦੈ। ਮਹਾਰਾਜ ਕਹਿੰਦੇ -

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*

*ਅੰਗ- ੧੩੫*

ਇਹ ਅਸੂਲ ਹੈ, ਇਹਨੂੰ ਕੋਈ ਟਾਲ ਨਹੀਂ ਸਕਦਾ। ਦੇਹਰਾਦੂਨ, ਜੌਲੀ ਗਰਾਂਟ ਬਹੁਤ ਸਾਰੇ ਡਾਕਟਰ ਸੀਗੇ, ਡਾਕਟਰ ਚਟਾਨੀ ਵਰਗੇ, ਹੋਰ ਅਮਰੀਕਨ ਡਾਕਟਰ, ਪੀ.ਜੀ.ਆਈ ਦੇ ਡਾਕਟਰ ਵੀ ਸੀ। ਮੈਂ ਕਿਹਾ ਤੁਸੀਂ ਸਾਰੇ ਡਾਕਟਰ ਬੈਠੇ ਹੋਂ। ਮੈਂ ਜਿਹੜੀ ਗੱਲ ਕਰਨੀ ਹੈ, ਮੈਂ ਗੁਰੂ ਦੇ ਸਿਧਾਂਤ ਅਨੁਸਾਰ ਕਰਨੀ ਹੈ ਤੁਹਾਡੇ ਨਾਲ। ਠੀਕ ਹੈ ਮੈਡੀਕਲ ਕਾਲਜ ਬਣਾ ਲਿਆ, ਬੱਚੇ ਪੜ੍ਹਨਗੇ, 2500 ਬੈੱਡ ਦਾ ਸਵਾਮੀ ਜੀ ਨੇ ਬਣਾ ਦਿਤਾ। ਪਰ ਇਹਨੂੰ ਪਹਿਲਾਂ ਹੀ ਰੋਕਣਾ ਚਾਹੀਦਾ ਹੈ ਕਿ ਬਿਮਾਰੀ ਆਉਂਦੀ ਕਿਉਂ ਹੈ? ਮੈਂ ਕਿਹਾ, ਗੁਰੂ ਮਹਾਰਾਜ ਕਹਿੰਦੇ ਨੇ- ***'ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥'***

*ਖਸਮੁ ਵਿਸਾਰਿ ਕੀਏ ਰਸ ਭੋਗ ॥*
*ਤਾਂ ਤਨਿ ਉਠਿ ਖਲੋਏ ਰੋਗ ॥* *ਅੰਗ- ੧੨੫੬*

ਡਾਕਟਰ ਇਸ ਚੀਜ਼ ਨੂੰ ਇਨਕਾਰ ਨਹੀਂ ਕਰਦੇ, ਸਵਾਦੀ ਚੀਜ਼ਾਂ ਬਹੁਤੀਆਂ ਖਾਈ ਜਾਓ, ਸ਼ੂਗਰ ਹੋ ਜਾਏਗੀ, ਹੋਰ ਬਿਮਾਰੀਆਂ ਚਲ ਪੈਣਗੀਆਂ। ਜਿਹੜਾ ਆਦਮੀ ਸਿਆਣਾ ਹੈ, ਉਹ ਨਹੀਂ ਖਾਂਦਾ ਅਲ-ਬਲਾ, ਉਹ ਸਿੱਧੀ ਰੋਟੀ ਖਾਂਦਾ ਹੈ। ਪ੍ਰਮੇਸ਼ਰ ਦੇ ਭੁੱਲਣ ਨਾਲ ਮਨ ਕਮਜ਼ੋਰ ਹੁੰਦਾ ਹੈ। ਮਨ ਕਮਜ਼ੋਰ ਹੋਣ ਨਾਲ ਰੋਗ ਚਲਦੇ ਨੇ ਸਾਰੇ। ਬੜੀ ਲੰਮੀ ਚੌੜੀ ਮੈਂ ਵਿਆਖਿਆ ਕਰੀ। ਮੈਂ ਉਹਨਾਂ ਨੂੰ ਦੱਸਿਆ ਕਿ ਤੁਸੀਂ ਪੱਕੀ (concrete) ਮਿਸਾਲ ਚਾਹੁੰਦੇ ਹੋ, ਉਹ ਮੈਂ ਤੁਹਾਨੂੰ ਦਸਦਾ ਹਾਂ ਪੀ.ਜੀ.ਆਈ ਦਾ ਹੀ ਕੇਸ ਹੈ। ਦੋ-ਤਿੰਨ ਕੇਸ ਮੈਂ ਤੁਹਾਨੂੰ ਦਸਦਾ ਹਾਂ, ਉਥੋਂ ਰਿਕਾਰਡ ਕਢਾ ਲਿਓ, ਡਾਕਟਰ ਸਾਹਿਬ ਬੈਠੇ ਨੇ। ਡਾ. ਪਾਠਕ ਵੀ ਆਏ ਬੈਠੇ ਨੇ ਪੀ.ਜੀ.ਆਈ ਦੇ ਹੈੱਡ, ਉਹ ਇਹ ਹੈ ਕਿ ਇਕ ਬੀਬੀ ਆਈ ਸਾਡੇ ਕੋਲ। ਉਹਨੇ ਆਪਣੀਆਂ 7 ਬਿਮਾਰੀਆਂ ਗਿਣਾਈਆਂ। ਮੈਂ ਕਿਹਾ, ਬੀਬੀ! ਕੌਣ ਤੇਰਾ ਇਲਾਜ ਕਰੂਗਾ, ਤੂੰ ਰੱਬ ਨੂੰ ਭੁੱਲ ਕੇ ਬਿਮਾਰ ਕਰ ਸਰੀਰ। ਦੋਵੇਂ ਤਾਂ ਅੱਖਾਂ ਦੀ ਜੋਤੀ ਚਲੀ ਗਈ। ਇਕ ਅੱਖ ਤੋਂ ਮਾੜਾ-ਮਾੜਾ ਦਿਸਦਾ ਸੀ, ਧੁੱਪ-ਛਾਂ, ਮੈਂ ਕਿਹਾ ਤੁਹਾਨੂੰ ਵਾਹਿਗੁਰੂ ਦਾ ਭਜਨ ਕਰਨਾ ਪੈਣੈ ਬੜਾ ਜ਼ਬਰਦਸਤ। ਕਹਿੰਦੀ, ਮੈਂ ਕਰ ਲਵਾਂਗੀ। ਮੈਂ ਕਿਹਾ, ਪੰਜ ਘੰਟੇ ਬੈਠ ਕੇ ਸਾਧਨ ਕਰਿਆ ਕਰ। ਉਹ ਕਰਨ ਲਗ ਗਈ। ਵੀਹ ਦਿਨ ਤੋਂ ਬਾਅਦ ਮੈਨੂੰ ਕਹਿਣ ਲੱਗੀ, ਵੀਰ ਜੀ! ਮੈਂ ਤੁਹਾਨੂੰ ਪਛਾਣ ਲਿਆ, ਮੈਨੂੰ ਤੁਹਾਡਾ ਚਿਹਰਾ ਸਾਫ਼ ਦਿਸਣ ਲਗ ਗਿਆ। ਮੇਰੀ ਅੱਖ ਖੁਲ੍ਹ ਗਈ ਇਧਰਲੀ। ਜੇ ਮੈਨੂੰ ਆਗਿਆ ਹੋਵੇ ਤਾਂ ਮੈਂ ਪੀ.ਜੀ.ਆਈ ਜਾ ਕੇ ਕਾਰਡ ਦਿਖਾ ਆਵਾਂ, ਮੈਨੂੰ ਬਲੱਡ ਪਰੈਸ਼ਰ, ਬਲੱਡ ਸ਼ੂਗਰ ਹੈ। ਮੈਂ ਕਿਹਾ, ਦਿਖਾ ਆ। ਉਥੇ ਗਈ ਤਾਂ ਕਹਿੰਦੇ ਕਿ ਨਾ ਤੈਨੂੰ ਬਲੱਡ ਪਰੈਸ਼ਰ ਹੈ, ਨਾ ਬਲੱਡ ਸ਼ੂਗਰ ਹੈ। ਤੂੰ ਕੀ ਕਰਿਆ ਹੈ? ਤੇਰੀ ਜਿਹੜੀ ਪਿਛਲੀ ਰਿਪੋਰਟ ਹੈ ਉਸ ਉਤੇ 245 ਬਲੱਡ ਸ਼ੂਗਰ ਹੈ, 245 ਬਲੱਡ ਪਰੈਸ਼ਰ, 250 ਹੋ ਜਾਏ ਨਾੜ ਫਟ ਜਾਂਦੀ ਹੈ। ਕੀ ਇਲਾਜ ਕਰਿਆ ਹੈ? ਕਹਿੰਦੀ, ਮੈਂ ਤਾਂ ਕੁਛ ਨਹੀਂ ਕਰਿਆ। ਮੈਂ ਗੁਰਦੁਆਰੇ ਚਲੀ ਗਈ, ਉਥੇ ਸੇਵਾ ਕਰਦੀ ਹਾਂ, ਪੰਜ ਘੰਟੇ ਰੱਬ ਦਾ ਨਾਮ ਜਪਦੀ ਹਾਂ। ਜਿਹੜੀ ਚਰਨ ਧੂੜ ਹੁੰਦੀ ਹੈ ਸੰਗਤ ਦੀ, ਉਹਨੂੰ ਮੱਥੇ ਨਾਲ ਮਲ ਲੈਂਦੀ ਹਾਂ। ਮੈਂ ਤਾਂ ਕੋਈ ਦਵਾਈ ਨਹੀਂ ਲਈ। ਮੈਂ ਕਿਹਾ, ਡਾਕਟਰ ਪਾਠਕ ਬੈਠੇ ਨੇ ਕੇਸ ਕਢਾ ਲੈਣ, ਕਾਰਡ ਮੈਂ ਭੇਜ ਦੇਵਾਂਗਾ। ਤੀਜਾ ਉਹਦੇ ਗੁਰਦੇ ਵਿਚ ਪੱਥਰੀ ਸੀ, ਇਕ ਕਾਗਜ਼ ਵਿਚ ਚੁੱਕੀਂ ਫਿਰੇ। ਮੈਂ ਕਿਹਾ, ਇਹ ਕੀ ਹੈ ਬੀਬੀ? ਕਹਿੰਦੀ, ਵੀਰ ਜੀ! ਇਹ ਪੱਥਰ ਨਿਕਲ ਗਿਆ ਮੇਰਾ ਗੁਰਦੇ ਦਾ। ਟੁਕੜੇ-ਟੁਕੜੇ ਹੋ ਕੇ ਨਿਕਲ ਗਿਆ। ਉਸ ਤੋਂ ਬਾਅਦ ਮੈਂ ਅਮਰੀਕਾ ਚਲਿਆ ਗਿਆ। ਜਦੋਂ ਮੈਂ ਆਇਆ, 1 ਜਨਵਰੀ 1990 ਨੂੰ ਮੇਰੇ ਕੋਲ ਆਈ, ਕਹਿੰਦੀ, ਮੇਰੀ ਇਕ ਅੱਖ ਰਾਜ਼ੀ ਨਹੀਂ ਹੋਈ। ਸਾਲ ਭਰ ਮੈਂ ਤੁਹਾਡੇ ਕੋਲ ਰਹੀ ਹਾਂ, ਸਾਲ ਭਰ ਪਹਿਲਾਂ ਦੀ ਬੰਦ ਹੈ। ਮੈਂ ਕਿਹਾ, ਤੂੰ ਚਾਰ ਮਹੀਨੇ ਹੋਰ ਠਹਿਰ, ਹੋ ਨਹੀਂ ਸਕਦਾ ਕਿ ਗੁਰੂ ਸਾਹਿਬ ਦਾ ਤੂੰ ਭਜਨ ਕਰੇਂ ਤੇ ਬਿਮਾਰ ਹੋ ਜਾਏਂ। ਬਾਣੀ ਵਿਚ ਜਦ ਇਹ ਗੱਲਾਂ ਆਉਂਦੀਆਂ ਨੇ -

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥* *ਅੰਗ- ੬੧੧*

ਇਹਨੂੰ ਅਸੀਂ ਕਿਵੇਂ ਟਾਲ ਦੇਵਾਂਗੇ। ਨਿਹਚਾ ਜੇ ਤੇਰਾ ਕਾਇਮ ਹੈ ਤੂੰ ਰਾਜ਼ੀ ਹੋ ਜਾਏਂਗੀ। 20 ਜਨਵਰੀ ਨੂੰ ਅੱਖ ਖੁਲ੍ਹ ਗਈ ਦੂਜੀ ਵੀ। ਦੋ ਸਾਲ ਤੋਂ ਬੰਦ ਸੀ। ਡਾਕਟਰਾਂ ਨੇ ਕਹਿ ਦਿਤਾ ਸੀ ਕਿ ਤੁਹਾਡੇ ਅੰਦਰੋਂ ਰੋਸ਼ਨੀ ਖਤਮ ਹੋ ਚੁੱਕੀ ਹੈ। ਅਪਰੇਸ਼ਨ

ਨਹੀਂ ਹੁੰਦਾ। ਬੜੀ ਖੁਸ਼ ਹੋਈ। ਘਰ ਦੇ ਮਿਲਣ ਆ ਗਏ, ਜਾ ਕੇ ਟੈਸਟ ਕਰਾਇਆ, ਐਕਸਰੇ ਕਰਾਇਆ, ਰੀੜ੍ਹ ਦੀ ਹੱਡੀ ਦਾ ਜੋ ਕਰੈਕ (ਤ੍ਰੇੜ) ਸੀ, ਉਹ ਰਿਹਾ ਹੀ ਨਹੀਂ। ਜਿਗਰ ਦੇ ਵਿਚ ਰਸੌਲੀ ਸੀ ਉਹ ਕਹਿੰਦੇ ਵਿਚੇ ਖੁਰ ਗਈ। ਗੁਰਦਾ ਵੀ ਠੀਕ ਹੋ ਗਿਆ, ਦੋਵੇਂ ਅੱਖਾਂ ਵੀ ਠੀਕ ਹੋ ਗਈਆਂ। ਕਹਿਣ ਲੱਗੀ, ਵੀਰ ਜੀ! ਮੈਨੂੰ ਛੁੱਟੀ ਦੇ ਦਿਓ, ਮੇਰੀ ਪੋਤੀ ਦਾ ਇਮਤਿਹਾਨ ਹੈ। ਮੈਂ ਕਿਹਾ, ਬੀਬੀ ਜੇ ਤੂੰ ਤਿੰਨ ਮਹੀਨੇ ਹੋਰ ਠਹਿਰ ਜਾਵੇਂ ਤੇਰੇ ਐਨਕ ਵੀ ਨਹੀਂ ਲੱਗਣੀ। ਤੈਨੂੰ ਉਹ ਅੱਖ ਦਿਤੀ ਹੈ ਰੱਬ ਨੇ, ਬਿਲਕੁਲ ਬੱਚਿਆਂ ਵਾਲੀ। ਕਹਿੰਦੀ, ਨਹੀਂ ਮੈਨੂੰ ਛੁੱਟੀ ਦੇ ਦਿਓ, ਉਹਦਾ ਇਮਤਿਹਾਨ ਹੈ। ਮੈਂ ਕਿਹਾ, ਚੰਗਾ ਜਾਹ। ਐਨਕ ਲਵਾ ਕੇ ਲਿਆਈ। ਮੈਂ ਕਿਹਾ, ਕਿੰਨਾ ਨੰਬਰ ਲੱਗਿਐ? ਕਹਿੰਦੀ, ਡੇਢ। ਮੈਂ ਕਿਹਾ, ਜੇ ਤੂੰ ਹੋਰ ਸੇਵਾ ਕਰ ਲੈਂਦੀ, ਡੇਢ ਵੀ ਨਹੀਂ ਸੀ ਲੱਗਣਾ। ਦੂਜੀ ਮਿਸਾਲ ਇਕ ਹੋਰ ਦਿਤੀ। ਤੀਜੀ ਮੈਂ ਉਸ ਭਈਏ ਦੀ ਦਿਤੀ। ਮੈਂ ਕਿਹਾ, ਸਿੱਖ ਤਾਂ ਰਾਜ਼ੀ ਹੁੰਦੇ ਹੀ ਨੇ, ਭਈਏ ਵੀ ਰਾਜ਼ੀ ਹੁੰਦੇ ਨੇ ਬਾਣੀ ਪੜ੍ਹ ਕੇ। ਉਸ ਨੂੰ ਟੀ.ਬੀ ਸੀ ਤੀਜੀ ਸਟੇਜ ਦੀ। ਪਾਠ ਕਰਿਆ ਰਾਜ਼ੀ ਹੋ ਗਿਆ।

ਸੰਤ ਮਹਾਰਾਜ ਜੀ ਦੇ ਜੀਵਨ ਦੇ ਅੰਦਰ ਕਿੰਨੀਆਂ ਮਿਸਾਲਾਂ ਆਉਂਦੀਆਂ ਨੇ। ਟੀ.ਬੀ ਵਾਲਾ ਆ ਗਿਆ। ਮਹਾਰਾਜ ਜੀ ਨੇ ਪਾਠ ਦਸ ਦਿਤਾ, ਸੇਵਾ ਕੀਤੀ, ਰਾਜ਼ੀ ਹੋ ਗਿਆ।

ਸੋ ਇਸ ਤਰ੍ਹਾਂ ਕਹਿਣ ਲੱਗੇ, ਵੈਦ ਜੀ! ਬਿਮਾਰੀ ਆਦਮੀ ਦੇ ਸਰੀਰ 'ਚ ਗਫ਼ਲਤ ਨਾਲ ਤੇ ਅਣਗਹਿਲੀ ਨਾਲ ਆਉਂਦੀ ਹੈ। ਇਹ ਜੇ ਪ੍ਰਮੇਸ਼ਰ ਦਾ ਭਜਨ ਕਰੇ, ਸੁਰਤੀ ਬਿਰਤੀ ਇਹਦੀ ਪ੍ਰਮੇਸ਼ਰ ਦੇ ਨਾਮ ਨਾਲ ਲਗ ਜਾਵੇ ਤਾਂ ਬਿਮਾਰ ਨਹੀਂ ਹੁੰਦਾ। ਇਹ ਜਦੋਂ ਗਲਤ ਹੁੰਦੈ ਉਸ ਵੇਲੇ ਇਹਦੇ ਅੰਦਰ ਬਿਮਾਰੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਨੇ। ਫੇਰ ਕਹਿਣ ਲੱਗੇ, ਦੇਖੋ ਸਰੀਰ ਦੀਆ ਬਿਮਾਰੀਆਂ ਤਾਂ ਤੁਸੀਂ ਪੜ੍ਹ ਲਈਆਂ ਨਾ? ਬਿਮਾਰੀ ਜਿਥੋਂ ਚਲਦੀ ਹੈ, ਉਹ ਮਨ ਤੋਂ ਚਲਦੀ ਹੈ। ਮਨ ਦੇ ਵਿਚ ਕਿੰਨੀਆਂ ਬਿਮਾਰੀਆਂ ਨੇ। ਕਹਿੰਦਾ, ਸੱਚੇ ਪਾਤਸ਼ਾਹ! ਮੈਂ ਤਾਂ ਪੜ੍ਹਾਈ (study) ਨਹੀਂ ਕਰੀ ਇਹਨਾਂ ਚੀਜ਼ਾਂ ਦੀ, ਆਪ ਕ੍ਰਿਪਾ ਕਰਕੇ ਦੱਸੋ।

ਮਹਾਰਾਜ ਕਹਿੰਦੇ, ਐਨੀਆਂ ਭਿਆਨਕ ਨੇ, ਜਿਹੜੀ ਸਰੀਰ ਦੀ ਬਿਮਾਰੀ ਹੈ, ਜੇ ਮਰ ਗਏ, ਅਗਲਾ ਜਨਮ ਮਿਲ ਜਾਏਗਾ। ਕੁਛ ਨਹੀਂ ਸਾਡਾ ਵਿਗੜਦਾ, ਪਰ ਜਿਹੜੀਆਂ ਮਨ ਦੀਆ ਬਿਮਾਰੀਆਂ ਨੇ, ਇਹ ਸਾਨੂੰ ਚੱਕਰ 'ਚ ਪਾਈ ਫਿਰਦੀਆਂ ਨੇ। ਮਹਾਰਾਜ ਕਹਿੰਦੇ, ਸਭ ਤੋਂ ਵੱਡੀ ਬਿਮਾਰੀ ਹਉਮੈ ਦੀ ਹੈ ਮਨੁੱਖ ਨੂੰ –

*ਹਉਮੈ ਰੋਗੁ ਮਾਨੁਖ ਕਉ ਦੀਨਾ ॥* *ਅੰਗ– ੧੧੪੦*

ਮਨੁੱਖ ਨੂੰ ਹਉਮੈ ਰੋਗ ਲਗ ਗਿਆ, ਲਗਦਾ ਕਦੋਂ ਹੈ? –

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ ਜੇਹੀ*
*ਕਰਤੈ ਖੇਲੁ ਰਚਾਇਆ ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥*
*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ ॥* *ਅੰਗ– ੯੨੧*

ਇਥੇ ਸਾਡਾ ਤੇ ਤੁਹਾਡਾ ਆਹੀ ਹਾਲ ਹੋ ਰਿਹੈ। ਮਾਤਾ ਦੇ ਪੇਟ ਵਿਚ ਲਿਵ ਲੱਗੀ ਹੋਈ ਸੀ, ਨਾਮ ਧੁਨ ਚੱਲ ਰਹੀ ਸੀ। ਉਹ ਨਾਮ ਦੀ ਧੁਨ –

*ਪ੍ਰਿਥਮ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮੋ ਰਹਾ।*

ਜਿਸ ਧੁਨ ਨੇ ਸ੍ਰਿਸ਼ਟੀ ਪੈਦਾ ਕਰੀ ਹੈ, ਜਿਹਨੂੰ ਸ਼ਬਦ ਕਹਿੰਦੇ ਨੇ –

*ਓਅੰਕਾਰਿ ਬ੍ਰਹਮਾ ਉਤਪਤਿ ॥*
*ਓਅੰਕਾਰੁ ਕੀਆ ਜਿਨਿ ਚਿਤਿ ॥*
*ਓਅੰਕਾਰਿ ਸੈਲ ਜੁਗ ਭਏ ॥*
*ਓਅੰਕਾਰਿ ਬੇਦ ਨਿਰਮਏ ॥* *ਅੰਗ– ੯੩੦*

ਉਸ ਸ਼ਬਦ ਦੇ ਨਾਲ ਬ੍ਰਹਮਾ ਦੀ, ਵਿਸ਼ਨੂੰ ਦੀ, ਸ਼ਿਵ ਜੀ ਉਤਪਤੀ ਹੋਈ। ਉਸੇ ਸ਼ਬਦ ਨਾਲ ਸਾਰੇ ਖੰਡ ਬ੍ਰਹਿਮੰਡ ਉਤਪਤ ਹੋਏ। ਗੁਰੂ ਦਸਵੇਂ ਦਾ ਫੁਰਮਾਨ ਹੈ –

*ਪ੍ਰਥਮ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮੋ ਰਹਾ।*

ਓਹੀ ਧੁਨ ਸਾਡੇ ਅੰਦਰ ਹੈ। ਉਹਨੂੰ ਹਰਿ ਅਉਖਧ ਕਹਿੰਦੇ ਨੇ ਗੁਰੂ ਸਾਹਿਬ।

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥* *ਅੰਗ – ੨੫੯*

ਜਦੋਂ ਪੂਰੇ ਸਤਿਗੁਰੂ ਨੇ ਸੰਜਮੁ ਦੇ ਨਾਲ ਨਾਮ ਦੀ ਦਵਾਈ ਦੇ ਦਿਤੀ। ਮਹਾਰਾਜ ਕਹਿੰਦੇ –

*ਨਾਨਕ ਤਉ ਫਿਰਿ ਦੂਖ ਨ ਥੀਆ ॥* *ਅੰਗ – ੨੫੯*

ਸੁਪਨੇ ਵਿਚ ਵੀ ਰੋਗੀ ਨਹੀਂ ਹੁੰਦਾ ਆਦਮੀ ਜਿਹਦੇ ਕੋਲ ਨਾਮ ਦੀ ਅਉਖਦੁ ਹੈ। ਮਹਾਰਾਜ ਕਹਿਣ ਲੱਗੇ, ਵੈਦ ਜੀ! ਹਉਮੈ ਦਾ ਰੋਗ ਕਿੱਡਾ ਭਿਆਨਕ ਹੈ। ਜਦੋਂ ਤਕ ਹਉਮੈ ਰਹੇਗੀ, ਆਦਮੀ ਜੰਮਦਾ ਰਹੇਗਾ, ਮਰਦਾ ਰਹੇਗਾ। ਮਤ ਸੋਚੇ ਕਿ ਮੈਂ ਸਚਖੰਡ ਚਲਿਆ ਜਾਵਾਂਗਾ।

ਇਹੋ ਜਿਹੇ ਲਾਰੇ ਗੁਰੂ ਸਾਹਿਬ ਨਹੀਂ

*(ਬਾਕੀ ਪੰਨਾ 36 'ਤੇ)*

# ਲੰਮੀ ਨਦਰਿ ਦੇ ਪਾਧੀ ਸਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ

(ਪਿਆਰੇ ਮਹਾਂਪੁਰਸ਼ਾਂ ਅਤੇ ਸਤਿਕਾਰਯੋਗ ਬੀਜੀ (ਮਾਤਾ ਜੀ) ਦੀ ਨਿੱਘੀ ਯਾਦ ਨੂੰ ਸਮਰਪਿਤ)

ਭਾਈ (ਡਾ.) ਸੁਖਵਿੰਦਰ ਸਿੰਘ, ਮੈਨੇਜਿੰਗ ਐਡੀਟਰ

ਗੁਰਬਾਣੀ ਅੰਦਰ 'ਨਦਰਿ' ਦਾ ਸੰਕਲਪ ਬਹੁਪੱਖੀ ਸਿਧਾਂਤਾਂ ਦੀ ਰੂਪਮਾਨਤਾ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਨਦਰਿ ਸ਼ਬਦ ਵੱਖ-ਵੱਖ ਰੂਪਾਂ ਵਿਚ ਆਇਆ ਹੈ। ਜਿਵੇਂ ਕਿ -

ਜਿਨੀ ਜਿਣਿਆ ਗੁਰ ਵੀਚਾਰਿ ॥ ਨਦਰੀ ਕਰਮਿ ਲਘਾਏ ਪਾਰਿ ॥ ਅੰਗ- ੪੬੫

ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰ ਪਾਇਆ ॥ ਅੰਗ - ੪੬੫

ਜੈਸੀ ਨਦਰਿ ਕਰੇ ਤੈਸਾ ਹੋਇ ॥ ਵਿਣੁ ਨਦਰੀ ਨਾਨਕ ਨਹੀ ਕੋਇ ॥ ਅੰਗ - ੬੬੧

ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥

ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥ ੨ ॥ ਅੰਗ- ੧੨੪੨

ਸਹੁ ਮੇਰਾ ਏਕੁ ਦੂਜਾ ਨਹੀ ਕੋਈ ॥ ਨਦਰਿ ਕਰੇ ਮੇਲਾਵਾ ਹੋਈ ॥ ੧ ॥ ਰਹਾਉ ॥ ਅੰਗ - ੩੫੭

ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥ ਅੰਗ- ੪੪



ਸਭ ਨਦਰੀ ਕਰਮ ਕਮਾਵਦੇ ਨਦਰੀ ਬਾਹਰਿ ਨ ਕੋਇ ॥
ਜੈਸੀ ਨਦਰਿ ਕਰਿ ਦੇਖੈ ਸਚਾ ਤੈਸਾ ਹੀ ਕੋ ਹੋਇ ॥ ਅੰਗ- 66
ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥ ਦਰਿ ਮੰਗਨਿ ਭਿਖ ਨ ਪਾਇਦਾ ॥ ਅੰਗ - ੪੭੨

# ਅਭੁੱਲ ਯਾਦਾਂ



ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥ ਅੰਗ-੪੭੪

ਇਨ੍ਹਾਂ ਬਹੁਪੱਖੀ ਗੁਰਬਾਣੀ ਦੇ ਪਵਿੱਤਰ ਸਿਧਾਂਤਾਂ ਵਿਚੋਂ ਅਸੀਂ 'ਦੇ ਲੰਮੀ ਨਦਰਿ ਨਿਹਾਲੀਐ' ਤੇ ਵਿਚਾਰ ਸਾਂਝੀ ਕਰਨ ਜਾ ਰਹੇ ਹਾਂ। ਮਨੁੱਖ ਦੀ ਚਾਰ ਹਿੱਸਿਆਂ ਵਿਚ ਕੀਤੀ ਗਈ ਵੰਡ ਵਿਚ ਪਾਮਰ, ਭੋਗੀ, ਜਗਿਆਸੂ ਤੇ ਮੁਕਤ ਆਤਮਾਵਾਂ ਹਨ। ਇਨ੍ਹਾਂ ਵਿਚੋਂ ਪਹਿਲੇ ਦੋ ਦੀ ਨਜ਼ਰ ਦਿਸਦੇ ਸੰਸਾਰ ਤਕ ਹੀ ਸੀਮਿਤ ਹੈ। ਦਿਸਦੇ ਸੰਸਾਰ ਵਿਚ ਵੀ ਇਹ ਪੂਰੀ ਤਰ੍ਹਾਂ ਨਾਲ ਨਹੀਂ ਦੇਖ ਸਕਦੇ, ਕੇਵਲ ਅੱਖਾਂ ਦੀ ਰੋਸ਼ਨੀ ਹੀ ਸਹਾਰਾ ਬਣਦੀ ਹੈ। ਇਹ ਦੋ ਕਿਸਮ ਦੇ ਬੰਦੇ ਲੋਕ ਦੇ ਸੁਖਾਂ ਤੱਕ ਸੀਮਤ ਹੁੰਦੇ ਹਨ। ਦਿਸਦੇ ਸੰਸਾਰ ਤੋਂ ਨਿਗ੍ਹਾ ਨਹੀਂ ਚੁਕਦੇ। ਇਨ੍ਹਾਂ ਦੀ ਦ੍ਰਿਸ਼ਟੀ ਦਿਸਦੇ ਤੋਂ ਅੱਗੇ ਜਾਣ ਲਈ ਤਿਆਰ ਨਹੀਂ ਹੁੰਦੀ। ਖਾਓ, ਪੀਓ ਐਸ਼ ਕਰੋ। ਇਨ੍ਹਾਂ ਬਾਰੇ ਗੁਰਬਾਣੀ ਦਾ ਫੁਰਮਾਨ ਹੈ -

ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ ॥ ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥ ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥
ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥ ਅੰਗ- 450

ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥ ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥ ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥ ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥ ਮਨਿ ਅੰਧੈ ਜਨਮੁ ਗਵਾਇਆ ॥
ਅੰਗ - ੪੬੪

ਇਨ੍ਹਾਂ ਦੀ ਬਿਰਤੀ ਦੁਨਿਆਵੀ ਸੁੱਖਾਂ, ਭੋਗਾਂ, ਵਿਸ਼ਿਆਂ ਵਿਚੋਂ ਹੀ ਨਹੀਂ ਨਿਕਲਦੀ। ਇਸੇ ਅੰਧਕਾਰਮਈ ਜੀਵਨ ਨੂੰ ਸਚਾਈ ਸਮਝ ਬੈਠੇ ਹਨ। ਜੋ ਸਚ ਹੈ ਉਹ ਇਨ੍ਹਾਂ ਨੂੰ ਨਜ਼ਰ ਨਹੀਂ ਆਉਂਦਾ, ਜੋ ਨਜ਼ਰ ਆਉਂਦਾ ਹੈ ਉਹ ਸੱਚ ਨਹੀਂ। ਇਸ ਤਰ੍ਹਾਂ ਦੀ ਬਿਰਤੀ ਵਾਲੇ ਕਿਸੇ ਗੁਰੂ, ਪੀਰ, ਰਿਸ਼ੀ-ਮੁਨੀ, ਫਕੀਰ, ਆਰਫ ਭਗਤ ਜਨ ਦੇ ਬਚਨ ਸੁਣਨ ਨੂੰ ਤਿਆਰ ਹੀ ਨਹੀਂ ਹੁੰਦੇ -

ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥ ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥ ਅੰਗ - ੧੩੭੮

ਤੀਜੀ ਕਿਸਮ ਦੇ ਮਨੁੱਖ ਹਨ ਜਗਿਆਸੂ ਜਨ ਇਨ੍ਹਾਂ ਦੀ ਗਿਣਤੀ ਪਹਿਲੇ ਤੇ ਦੂਜਿਆਂ ਨਾਲੋਂ ਬਹੁਤ ਘੱਟ ਹੁੰਦੀ ਹੈ। ਰੱਬ ਦੇ ਪਿਆਰਿਆਂ ਦੇ ਬਚਨ ਅਤੇ ਗੁਰਬਾਣੀ ਦੇ ਸਿਧਾਂਤ ਸੁਣ ਸਮਝ ਕੇ ਇਨ੍ਹਾਂ ਦੇ ਅੰਦਰ ਦੀ ਬਿਰਤੀ ਦਿਸਦੇ ਸੰਸਾਰ ਵਿਚੋਂ ਉਪਰ




ਉੱਠ ਕੇ ਅਣਦਿਸਦੇ ਵਲ ਵਧਦੀ ਹੈ।

ਦਿਸਦਾ ਸੰਸਾਰ ਇਨ੍ਹਾਂ ਵਾਸਤੇ ਸਾਧਨ ਤਾਂ ਹੋ ਸਕਦਾ ਹੈ ਪਰ ਮੰਜ਼ਿਲ ਨਹੀਂ। ਇਨ੍ਹਾਂ ਦੀ ਮੰਜ਼ਿਲ ਹੋਰ ਹੁੰਦੀ ਹੈ। ਇਨ੍ਹਾਂ ਨੂੰ ਇਹ ਸੋਝੀ ਆ ਗਈ ਹੁੰਦੀ ਹੈ ਕਿ -

ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥
ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥ ਅੰਗ - ੪੩

ਜਿਸੁ ਵਖਰ ਕਉ ਲੈਨਿ ਤੂ ਆਇਆ ॥
ਰਾਮ ਨਾਮੁ ਸੰਤਨ ਘਰਿ ਪਾਇਆ ॥ ਅੰਗ - ੨੮੩

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਅੰਗ - ੪੪੧

ਫਿਰ ਇਹ ਮੰਜ਼ਲ-ਏ ਮਕਸੂਦ ਤੱਕ ਪਹੁੰਚਣ ਲਈ ਅਰਦਾਸ ਕਰਦੇ ਹਨ -

ਜਿਨ੍ਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥ ਅੰਗ - ੫੨੦




ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥
ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ ॥ ਅੰਗ- ੫੨੦

ਸੋਈ ਪਿਆਰੇ ਮੇਲਿ ਜਿਨਾ ਮਿਲਿਆ ਤੇਰਾ ਨਾਮ ਚਿਤੁ ਆਵੈ। ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥ ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥੧॥
ਅੰਗ - ੭੦੧

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥ ਅੰਗ - ੭੫੭

## ਅਭੁੱਲ ਯਾਦਾਂ



ਕੀਤੀ ਗਈ ਅਰਦਾਸ ਵਿਚੋਂ ਸੋਝੀ ਮਿਲਦੀ ਹੈ ਕਿ-

ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥ ਅੰਗ- ੧੧੫੯

ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥
ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥ ੨੭ ॥ ਅੰਗ - ੧੩੬੫
ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥ ਅੰਗ- ੧੩

ਐਸੇ ਪ੍ਰਾਣੀ ਗੁਰਬਾਣੀ ਦੇ ਸਿਧਾਂਤ ਸਮਝ ਕੇ ਆਪਣੀ ਮੰਜ਼ਿਲੇ-ਮਕਸੂਦ ਵਲ ਨੂੰ ਵਧਣ ਦੀ ਲੋਚਾ ਰਖਦੇ ਹਨ। ਚੌਥੀ ਕਿਸਮ ਮੁਕਤ ਆਤਮਾਵਾਂ ਦੀ ਹੈ। ਇਨ੍ਹਾਂ ਰੱਬ ਦੇ ਪਿਆਰਿਆਂ ਨੂੰ, ਭਗਤ ਜਨ, ਗੁਰਸਿੱਖ, ਗੁਰਮੁਖ, ਸਾਧੂ, ਸੰਤ, ਬ੍ਰਹਮਗਿਆਨੀ ਇਤਿਆਦਿਕ ਨਾਵਾਂ ਨਾਲ ਸਤਿਕਾਰ ਤੇ ਮਾਣ ਦਿਤਾ ਜਾਂਦਾ ਹੈ। ਜਗਿਆਸੂ ਜਨਾਂ ਨੂੰ ਆਪਣੇ ਧੇਅ, ਮੰਜ਼ਲੇ ਮਕਸੂਦ ਤੱਕ ਪਹੁੰਚਾਉਣ ਲਈ ਇਹ ਮੁਕਤ ਆਤਮਾਵਾਂ ਸਹਾਈ ਹੁੰਦੀਆਂ ਹਨ -



ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ ॥
ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ ॥ ਅੰਗ- ੯੨੯

ਇਨ੍ਹਾਂ ਪਵਿੱਤਰ ਰੂਹਾਂ ਨੂੰ ਵਾਹਿਗੁਰੂ ਜੀ ਆਪ ਸੰਸਾਰ ਮੰਚ ਤੇ ਕਿਸੇ ਖਾਸ ਕਾਰਜਾਂ ਲਈ ਭੇਜਦੇ ਹਨ -

ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥
ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥
ਅੰਗ - ੧੩੭੩

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥
ਅੰਗ - ੭੪੯

ਟੁੱਟੀਆਂ ਹੋਈਆਂ ਰੂਹਾਂ ਨੂੰ ਰੱਬ ਨਾਲ ਜੋੜਨਾ ਇਨ੍ਹਾਂ ਦਾ ਮੁੱਖ



ਕਾਰਜ ਹੁੰਦਾ ਹੈ। ਜੀਅ ਦਾਨ ਦੇ ਕੇ ਰੱਬ ਦੀ ਬੰਦਗੀ ਵਿਚ ਲਾਉਣਾ ਇਨ੍ਹਾਂ ਦੇ ਹਿੱਸੇ ਹੀ ਆਇਆ ਹੈ। ਐਸੀਆਂ ਪਵਿੱਤਰ ਰੂਹਾਂ ਦੇ ਜੀਵਨ ਵਲ ਝਾਤੀ ਮਾਰਦਿਆਂ ਤਿੰਨ ਗੱਲਾਂ ਸਪੱਸ਼ਟ ਨਜ਼ਰ ਆਉਂਦੀਆਂ ਹਨ। ਪਹਿਲੀ ਹੈ ਕਿ ਇਨ੍ਹਾਂ ਦੇ ਪਿਛਲੇ ਜਨਮਾਂ-ਜਨਮਾਂਤਰਾਂ ਦੀ ਕਠਨ ਤਪੱਸਿਆ ਤੇ ਕਮਾਈ ਹੁੰਦੀ ਹੈ। ਦੂਸਰਾ ਇਨ੍ਹਾਂ ਦੀ ਇਸ ਜਨਮ ਵਿਚ ਵੀ ਬਹੁਤ ਕਰੜੀ ਘਾਲਣਾ ਤੇ ਤਤੀਕਸ਼ਾ ਹੁੰਦੀ ਹੈ। ਦ੍ਰਿੜ੍ਹ ਇਰਾਦੇ, ਸੱਚ ਦੇ ਪਾਂਧੀ, ਤਪੱਸਵੀ ਉੱਚਾ ਸੁੱਚਾ ਜੀਵਨ, ਮਿਹਨਤ, ਉੱਦਮ ਅਤੇ ਹੋਰ ਅਨੇਕਾਂ ਗੁਣਾਂ ਦੇ ਧਾਰਨੀ ਹੁੰਦੇ ਹਨ। ਤੀਸਰਾ ਇਨ੍ਹਾਂ ਦੀ ਪਿਛਲੀ ਤਪਸਿਆ ਤੇ ਹੁਣ ਦੀ ਕਮਾਈ, ਮਿਹਨਤ ਤੇ ਪਸੀਜ ਕੇ ਪੂਰਨ ਸਤਿਗੁਰੂ ਬਖਸ਼ਿਸ਼ਾਂ ਕਰਦੇ ਹਨ। ਭਾਵ ਪਿਛਲੀ ਤਪਸਿਆ, ਹੁਣ ਦੀ ਕਮਾਈ ਤੇ ਗੁਰੂ ਦੀ ਬਖਸ਼ਿਸ਼ ਦੇ ਪਾਤਰ ਬਣਦੇ ਹਨ। ਇਨ੍ਹਾਂ ਬਰਕਤਾਂ ਵਿਚੋਂ ਨਿਕਲਦੀ ਹੈ 'ਲੰਮੀ ਨਦਰਿ 'ਦੇ ਲੰਮੀ ਨਦਰਿ ਨਿਹਾਲੀਐ' ਦੇ ਧਾਰਨੀ ਹੁੰਦੇ ਹਨ। ਸੰਸਾਰ ਮੰਚ 'ਤੇ ਜੀਵਨ ਬਸਰ ਕਰਦੇ ਹੋਏ ਲੰਮੀ ਨਦਰਿ ਆਪ ਰੱਖਣੀ ਹੈ ਤੇ ਜੋ ਵੀ ਪ੍ਰਾਣੀ ਇਨ੍ਹਾਂ ਦੇ ਸੰਪਰਕ ਵਿਚ, ਸੰਗਤ ਵਿਚ ਆਇਆ ਉਸ ਨੂੰ ਵੀ ਲੰਮੀ ਨਦਰਿ ਦੇ ਧਾਰਨੀ ਬਣਾਉਣ ਹਿਤ ਸੁਚੇਤ ਕਰਦੇ ਰਹਿਣਾ ਇਨ੍ਹਾਂ ਦੀ ਜ਼ਿੰਦਗੀ ਦਾ ਪਰਮ ਮਨੋਰਥ ਹੁੰਦਾ ਹੈ। ਇਹ ਸੰਤ ਜਨ ਪਹਿਲਾਂ ਆਪ ਮਿਸਾਲ ਬਣਦੇ ਹਨ।





# ਅਭੁੱਲ ਯਾਦਾਂ



ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥ ਓਨ੍ਹੀ ਮੰਦੈ ਪੈਰੁ ਨ ਰਖਿਓ<br>
ਕਰਿ ਸੁਕ੍ਰਿਤੁ ਧਰਮੁ ਕਮਾਇਆ ॥ ਓਨ੍ਹੀ  ਦੁਨੀਆ ਤੋੜੇ ਬੰਧਨਾ<br>
ਅੰਨੁ ਪਾਣੀ ਥੋੜਾ ਖਾਇਆ ॥ ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥<br>
ਵਡਿਆਈ ਵਡਾ ਪਾਇਆ ॥ ੭ ॥ ਅੰਗ - ੪੬੭

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥<br>
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥ ਅੰਗ- ੯੩੮

ਇਕ ਰਸ ਬਿਰਤੀ ਅਤੇ ਉਪਰੋਕਤ ਜੀਵਨ ਜੁਗਤਿ ਦੇ ਧਾਰਨੀ ਹੁੰਦੇ ਹਨ। ਆਪਣੇ ਮੂਲ ਨੂੰ ਪਛਾਨਣ ਵਾਲੀ ਲੰਮੀ ਨਦਰਿ ਰੱਖਦੇ ਹਨ। ਸਥੂਲ ਅਤੇ ਸੂਖਸ਼ਮ ਮਾਇਆ ਤੋਂ ਨਿਰਲੇਪ ਹੁੰਦੇ ਹਨ। ਤਿੰਨਾਂ ਗੁਣਾਂ ਤੋਂ ਉਪਰ ਚੌਥੇ ਪਦ ਵਿਚ ਵਾਸਾ ਹੁੰਦਾ ਹੈ। ਲੰਮੀ ਨਦਰਿ ਵਾਲੇ ਬੇਗਮਪੁਰੇ ਦੇ ਵਾਸੀ ਹੁੰਦੇ ਹਨ। ਇਨ੍ਹਾਂ ਦਾ ਦਵੈਸ਼ ਭਾਵ ਖਤਮ ਹੋ ਚੁੱਕਾ ਹੁੰਦਾ ਹੈ -



ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧਸੰਗਤਿ ਮੋਹਿ ਪਾਈ ॥<br>
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ - ੧੨੯੯<br>
ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥<br>
ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ- ੬੧੦

ਇਹੋ ਜਿਹੀਆਂ ਰੱਬੀ ਰੂਹਾਂ 'ਤੇ ਸਮਰੱਥ ਗੁਰੂ ਬਖਸ਼ਿਸ਼ ਕਰਕੇ ਲੰਮੀ ਨਦਰਿ ਬਖਸ਼ ਕੇ ਅਨੇਕਾਂ ਜੀਵਾਂ ਦਾ ਭਲਾ ਇਨ੍ਹਾਂ ਦੇ ਰਾਹੀਂ ਕਰਾਉਂਦੇ ਹਨ। ਜੀਵਾਂ ਦੀ ਪਰਾਲਬਧ ਅਨੁਸਾਰ ਪ੍ਰਮੇਸ਼ਰ ਦੇ ਹੁਕਮ ਵਿਚ ਸਰੀਰ ਧਾਰਨ ਕਰਦੇ ਹਨ ਅਤੇ ਹੁਕਮ ਵਿਚ ਹੀ ਪੰਜ ਭੌਤਿਕ ਸਰੀਰ ਦਾ ਪ੍ਰਤਿਆਗ ਕਰਕੇ ਨਿਜਧਾਮ ਵਿਚ ਸਦਾ-ਸਦਾ ਲਈ ਲੀਨ ਹੋ ਜਾਂਦੇ ਹਨ। ਇਨ੍ਹਾਂ ਦੇ ਸਰੀਰ ਦੇ ਪ੍ਰਤਿਆਗ ਤੋਂ ਬਾਅਦ ਇਨ੍ਹਾਂ ਵਲੋਂ ਕੀਤੇ ਕਾਰਜ ਸਦੀਆਂ ਤੱਕ ਲੋਕਾਈ ਨੂੰ ਰੋਸ਼ਨੀ ਬਖਸ਼ਦੇ ਹਨ। ਪੰਜਾਂ ਤੱਤਾਂ ਵਾਲੇ ਗੁਣ ਇਨ੍ਹਾਂ ਵਿਚ ਸੁਭਾਇਮਾਨ ਹੁੰਦੇ ਹਨ।



ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ ॥ ਐਸੀ ਰਹਤ ਰਹਉ ਹਰਿ ਪਾਸਾ ॥<br>
ਕਹੈ ਕਬੀਰ ਨਿਰੰਜਨ ਧਿਆਵਉ ॥ ਤਿਤੁ ਘਰਿ ਜਾਉ ਜਿ ਬਹੁਰਿ ਨ ਆਵਉ ॥<br>
ਅੰਗ- ੩੨੭

ਹਵਾ ਵਾਂਗੂੰ ਸਭ ਨੂੰ ਬਰਾਬਰਤਾ ਦੇਣੀ।

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥ਅੰਗ- ੨੭੨

# ਅਭੁੱਲ ਯਾਦਾਂ



ਧਰਤੀ ਵਾਂਗੂੰ ਧੀਰਜੀ ਹੁੰਦੇ ਹਨ -

ਬ੍ਰਹਮ ਗਿਆਨੀ ਕੈ ਧੀਰਜੁ ਏਕ ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥ ਅੰਗ- ੨੭੨

ਜਲ ਵਾਂਗੂੰ ਨਿਰਮਲਤਾਈ ਇਨ੍ਹਾਂ ਦੇ ਸੁਭਾਅ ਦਾ ਪ੍ਰਮੁੱਖ ਗੁਣ ਹੁੰਦਾ ਹੈ -

ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥ ਜੈਸੇ ਮੈਲੁ ਨ ਲਾਗੈ ਜਲਾ ॥ ਅੰਗ - ੨੭੨

ਦੂਜਿਆਂ ਦੀ ਮੈਲ ਦੂਰ ਕਰਨ ਦੀ ਤਾਕਤ ਰਖਦੇ ਹਨ। ਜੀਵਾਂ ਨੂੰ ਮਲ, ਵਿਖਸ਼ੇਪ, ਅਵਰਨ ਵਿਚੋਂ ਲੰਘਾ ਕੇ ਪਰਮ ਪਦ ਤੱਕ ਪਹੁੰਚਾਉਣਾ ਇਨ੍ਹਾਂ ਦੇ ਹਿੱਸੇ ਹੀ ਆਇਆ ਹੈ। ਚਰਨ ਧੂੜ ਵਾਂਗੂੰ ਨਿਰਮਾਣਤਾ ਕਰਕੇ ਇਹ ਸਭ ਤੋਂ ਉੱਚੇ ਮੰਨੇ ਜਾਂਦੇ ਹਨ -

ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥ ਅੰਗ- ੨੬੬

ਅਕਾਸ਼ ਜਿੰਨੀ ਵਿਸ਼ਾਲਤਾ ਭਾਵ ਸਭ ਨੂੰ ਆਪਣੇ ਕਲਾਵੇ ਵਿਚ ਲੈਣਾ ਇਨ੍ਹਾਂ ਦੀ ਲੰਮੀ ਨਦਰਿ ਦੀ ਨਿਸ਼ਾਨੀ ਹੁੰਦੀ ਹੈ -

ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥ ਜੈਸੇ ਧਰ ਊਪਰਿ ਆਕਾਸੁ ॥ ਅੰਗ - ੨੭੨

ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥ ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥ ਅੰਗ-੨੭੨

ਅੱਗ ਵਾਂਗੂੰ ਨਿੱਘ ਦੇਣਾ, ਇਨ੍ਹਾਂ ਦੇ ਸੁਭਾਅ ਦਾ ਭਾਗ ਹੁੰਦਾ ਹੈ। ਧਰਮ ਦੀ ਗੁਣਾਂ ਦੇ ਅਧਾਰ 'ਤੇ ਕੀਤੀ ਪਰਿਭਾਸ਼ਾ ਵਿਚ ਪੂਰੇ ਹੁੰਦੇ ਹਨ। ਸਤ, ਸੰਤੋਖ, ਧੀਰਜ, ਖਿਮਾ, ਮਿੱਠਾ ਬੋਲਣਾ, ਮਾਫ ਕਰਨਾ, ਪਰਉਪਕਾਰੀ ਜੀਵਨ ਅਨੇਕਾਂ ਗੁਣਾਂ ਦੇ ਧਾਰਨੀ ਹੁੰਦੇ ਹਨ।

ਸਮੁੱਚਾ ਜੀਵਨ ਹੁਕਮ ਦੀ ਕਿਰਿਆ ਅਧੀਨ ਹੁੰਦਾ ਹੈ। ਉਨ੍ਹਾਂ ਦਾ ਆਪਣਾ ਕੋਈ ਫੁਰਨਾ ਨਹੀਂ ਹੁੰਦਾ। ਪ੍ਰਮੇਸ਼ਰ ਦੇ ਹੁਕਮ ਵਿਚ ਕਾਰ ਕਰਦੇ ਹਨ। ਦੁਖੀਆਂ ਦੇ ਦਰਦ ਵੰਡਾਉਂਦੇ, ਦੂਸਰੇ ਦੇ ਦੁੱਖਾਂ ਨੂੰ ਆਪਣਾ ਸਮਝ ਕੇ ਦੂਰ ਕਰਨ ਲਈ ਯਤਨਸ਼ੀਲ ਰਹਿੰਦੇ ਹਨ।





# ਅਭੁੱਲ ਯਾਦਾਂ





ਇਹੋ ਜਿਹੇ ਉਪਰੋਕਤ ਇਕ ਨਹੀਂ ਅਨੇਕਾਂ ਗੁਣਾਂ ਦੇ ਧਾਰਨੀ ਸਨ ਪਿਆਰੇ ਮਹਾਂਪੁਰਸ਼ ਅਤੇ ਸਤਿਕਾਰਯੋਗ ਮਾਤਾ ਜੀ। ਜੇਕਰ ਆਪ ਜੀਆਂ ਦੇ ਜੀਵਨ ਵਲ ਝਾਤੀ ਮਾਰਨ ਦੀ ਕੋਸ਼ਿਸ਼ ਕਰੀਏ ਤਾਂ ਉਪਰੋਕਤ ਗੁਰਬਾਣੀ ਦੇ ਸਿਧਾਂਤਾਂ ਦੇ ਨਾਲ-ਨਾਲ ਆਪ ਜੀ ਦੇ ਜੀਵਨ ਵਿਚੋਂ 'ਦੇ ਲੰਮੀ ਨਦਰਿ ਨਿਹਾਲੀਐ' ਦਾ ਸਿਧਾਂਤ ਪ੍ਰਤੱਖ ਨਜ਼ਰ ਆਉਂਦਾ ਹੈ। ਆਪ ਜੀ ਦੇ ਜੀਵਨ ਦੇ ਸਮੁੱਚੇ ਸਮੇਂ ਵਿਚ ਇਸ ਲੰਮੀ ਨਦਰਿ ਦਾ ਝਲਕਾਰਾ ਵਜਦਾ ਹੈ।

ਨਗਰ ਧਮੋਟ, ਤਹਿਸੀਲ ਪਾਇਲ, ਜ਼ਿਲਾ ਲੁਧਿਆਣਾ ਜਿੱਥੇ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਹੈ। ਅਨੇਕਾਂ ਇਸ ਨਗਰ ਵਿਚ ਸਿੰਘ ਸ਼ਹੀਦ ਹੋਏ ਹਨ। ਦੁਨਿਆਵੀ ਖੇਤਰਾਂ ਵਿਚ ਮੱਲਾਂ ਮਾਰਨ ਵਾਲੇ ਅਨੇਕਾਂ ਹਸਤੀਆਂ ਨੂੰ ਇਸ ਧਰਤੀ ਨੇ ਆਪਣੀ ਗੋਦ ਵਿਚ ਨਿੱਘ ਦਿਤਾ। ਇਸੇ ਹੀ ਪਾਵਨ ਨਗਰ ਵਿਚ ਆਪ ਜੀ ਦਾ ਜਨਮ 17 ਜੂਨ 1918 ਨੂੰ ਸਤਿਕਾਰਯੋਗ ਜਥੇਦਾਰ ਬਾਬਾ ਕਰਤਾਰ ਸਿੰਘ ਅਤੇ ਮਾਤਾ ਇੰਦ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ।

ਘਰ ਵਿਚ ਸਿੱਖੀ ਵਿਰਾਸਤ ਪਹਿਲਾਂ ਹੀ ਮੌਜੂਦ ਸੀ। ਨਾਮ ਬਾਣੀ ਦਾ ਪਹਿਰਾ ਘਰ ਦੇ ਹਰ ਜੀਅ ਦੇ ਜ਼ਿਹਨ ਵਿਚ ਸੀ। ਉਸੇ ਨਾਮ ਬਾਣੀ ਵਾਲੇ, ਸ਼ਾਨਾਂ ਮੱਤੇ ਵਿਰਸੇ ਦਾ ਅਸਰ ਆਪ ਜੀ 'ਤੇ ਹੋਣਾ ਸੁਭਾਵਿਕ ਹੀ ਸੀ। ਬਚਪਨ ਤੋਂ ਆਪ ਜੀ ਨੂੰ ਨਾਮ ਬਾਣੀ ਦੀ ਲਗਨ, ਸੱਚੀ-ਸੁੱਚੀ ਕਿਰਤ ਕਰਨ ਅਤੇ ਵੰਡ ਛਕਣ ਦੀ ਸੋਝੀ ਸੀ। ਮੁੱਢਲੀ ਪੜ੍ਹਾਈ ਦੌਰਾਨ ਆਪ ਜੀ ਵਲੋਂ (ਜਗਤ ਜੂਠ) ਤਮਾਕੂ ਸ਼ਬਦ ਕਾਪੀ ਤੇ ਨਾ ਲਿਖਣਾ ਕਿ ਇਸ ਨੂੰ ਬੋਲਣ ਤੇ ਲਿਖਣ ਨਾਲ ਜਿਹਬਾ ਅਪਵਿੱਤਰ ਹੋ ਜਾਂਦੀ ਹੈ। ਇਹ ਇਕ 'ਲੰਮੀ ਨਦਰਿ' ਦੀ ਨਿਸ਼ਾਨੀ ਸੀ। ਭਾਵੇਂ ਇਸ ਦੇ ਫਲਸਰੂਪ ਅਧਿਆਪਕ ਦੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਪਿਆ। ਬਚਪਨ ਤੋਂ ਜਵਾਨੀ ਵਲ ਵਧਦੇ ਹਰ ਕਦਮ ਵਿਚ ਲੰਮੀ ਨਦਰਿ ਸੀ। ਕਈ-ਕਈ ਘੰਟੇ ਨਾਮ ਵਿਚ ਜੁੜ ਕੇ ਸਮਾਧੀ ਸਥਿਤ ਰਹਿਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪਾਠ ਕਰਨਾ, ਆਸਾ ਜੀ ਦੀ ਵਾਰ ਦਾ ਕੀਰਤਨ, ਅੰਮ੍ਰਿਤ ਵੇਲੇ ਜਾਗ ਕੇ ਕਰਨਾ। ਇਸ ਸਿੱਖੀ ਵਿਰਾਸਤ ਨਾਲ ਆਪ ਜੀ ਜੁੜੇ ਹੋਏ ਸੀ। ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨਾਲ ਪਹਿਲੀ ਮਿਲਣੀ ਦੌਰਾਨ ਉਨ੍ਹਾਂ ਵਲੋਂ ਕੀਤੇ ਭਵਿੱਖਤ ਬਚਨ-'ਸੁਹਾਗਣ ਨੂੰ ਅੱਜ ਸੁਹਾਗਣ ਪਹਿਲੀ ਵਾਰ ਮਿਲੀ ਹੈ' ਵੀ ਲੰਮੀ ਨਦਰਿ ਦਾ ਹੀ ਸੂਚਕ ਹੈ। ਮੁੱਢਲੀ ਪੜ੍ਹਾਈ ਉਪਰੰਤ ਫੌਜ ਦੀ ਸਰਵਿਸ ਵਿਚ ਫੌਜੀਆਂ ਦੇ ਸਮਾਨ ਦੀ ਖਰੀਦੋ ਫਰੋਖਤ ਦੌਰਾਨ ਅੱਧੇ ਦਿਨ ਦੀ ਛੁੱਟੀ ਵੀ ਨਹੀਂ ਲਈ ਕਿਉਂਕਿ ਆਪ ਜੀ ਨੂੰ ਪਤਾ ਸੀ ਕਿ ਉਨ੍ਹਾਂ ਦੇ ਅੱਧੇ ਦਿਨ ਦੀ ਛੁੱਟੀ ਲੈਣ ਨਾਲ, ਗਲਤ ਸਮਾਨ ਦਾ ਆਰਡਰ ਪਾਸ ਹੋ ਜਾਣਾ ਹੈ ਜਿਸ ਵਿਚ ਲੱਖਾਂ ਰੁਪਏ ਦਾ ਘਪਲਾ ਸੀ। ਇਹ ਸੀ ਲੰਮੀ ਨਦਰਿ ਅਤੇ ਗੁਰਬਾਣੀ ਦੇ ਇਸ ਸਿਧਾਂਤ ਦੀ ਪੂਰਤੀ -

ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ ਅੰਗ- ੪੭੨

ਸੈਕਟਰੀਏਟ ਵਿਚ ਸਰਵਿਸ ਦੌਰਾਨ, ਹੜ੍ਹਾਂ ਦੇ ਮਹਿਕਮੇ ਦੀ ਜ਼ਿੰਮੇਵਾਰੀ ਸਮੇਂ ਅਗਾਊਂ ਸੂਚਨਾ ਦੇ ਕੇ ਲੋਕਾਂ ਨੂੰ ਜਾਣੂ ਕਰਾਉਣਾ ਕਿ ਹੜ੍ਹ ਦੀ ਮਾਰ ਤੋਂ ਕਿਵੇਂ ਬਚਣਾ ਹੈ। ਸੋਕੇ ਦੇ ਸਮੇਂ ਬਿਨਾਂ ਜਾਤੀ ਭੇਦ ਭਾਵ ਤੋਂ ਸਾਰੇ ਨਗਰਾਂ ਦੇ ਟੋਭੇ ਪਾਣੀ ਨਾਲ ਭਰ ਦੇਣੇ ਇਹ ਇਕ ਸੁੱਘੜ ਸੁਚੱਜੇ, ਲੰਮੀ ਨਦਰਿ ਦੇ ਪਾਂਧੀ ਦੇ ਹਿੱਸੇ ਹੀ ਆ ਸਕਦਾ ਹੈ।

ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥ ਅੰਗ- ੨੬

ਜੀਵਨ ਦੇ ਸਾਰੇ ਪੜਾਅ ਦੌਰਾਨ ਆਪ ਜੀ ਨੇ ਇਸ ਸਮੁੱਚੀ ਕਾਇਨਾਤ ਨੂੰ ਪ੍ਰਮੇਸ਼ਰ ਦਾ ਰੂਪ ਸਮਝ ਕੇ ਸੇਵਾ ਕੀਤੀ -

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ ਅੰਗ - ੪੬੩





# ਅਭੁੱਲ ਯਾਦਾਂ





ਗੁਰਮਤਿ ਦੇ ਪ੍ਰਚਾਰ ਪ੍ਰਸਾਰ ਦੀ ਤਾਂਘ ਆਪ ਜੀ ਨੂੰ ਬਚਪਨ ਤੋਂ ਹੀ ਸੀ। ਸਿੰਧ, (ਪਾਕਿਸਤਾਨ) ਵਿਚ ਜਾ ਕੇ ਗੁਰਮਤਿ ਦਾ ਪ੍ਰਚਾਰ ਬਹੁਤ ਹੀ ਚੜ੍ਹਦੀ ਕਲਾ ਵਿਚ ਕੀਤਾ। ਉਸ ਸਮੇਂ ਮਾਤਾ ਜੀ ਵਲੋਂ ਅਨੇਕਾਂ ਬੀਬੀਆਂ ਨੂੰ ਗੁਰਮੁਖੀ ਸਿਖਾ ਕੇ ਬਾਣੀ ਪੜ੍ਹਨ ਲਾਇਆ। ਉਨ੍ਹਾਂ ਲੋਕਾਂ ਨੂੰ ਜਾਤ-ਪਾਤ ਤੋਂ ਉਪਰ ਉਠ ਕੇ ਨਸ਼ਿਆਂ ਦਾ ਤਿਆਗ ਕਰਵਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ। ਯੂ.ਪੀ ਵਿਚ ਕਿਸਾਨੀ (ਫਾਰਮਿੰਗ) ਦੌਰਾਨ ਆਪ ਜੀ ਨੇ ਅਨੇਕਾਂ ਜੀਵਾਂ ਦਾ ਭਲਾ ਕੀਤਾ। ਮਾੜੀਆਂ ਅਲਾਮਤਾਂ ਵਿਚ ਗ੍ਰਸੇ ਪੰਜਾਬੀਆਂ ਨੂੰ ਨਸ਼ਿਆਂ, ਚੋਰੀਆਂ ਆਦਿ ਤੋਂ ਨਿਜਾਤ ਦਿਵਾ ਕੇ, ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ। ਜੀਵਨ ਜੁਗਤਿ ਗੁਰਮਤਿ ਅਨੁਸਾਰ ਦ੍ਰਿੜ੍ਹ ਕਰਵਾਈ। ਜਿਸ ਦਾ ਸਬੂਤ ਅੱਜ ਯੂ.ਪੀ ਵਿਚ ਤਰਾਈ ਦੇ ਇਲਾਕੇ ਨੂੰ ਮਿਨੀ ਪੰਜਾਬ ਕਰਕੇ ਜਾਣਿਆ ਜਾਂਦਾ ਹੈ। ਕਿਸਾਨੀ ਦੇ ਨਾਲ-ਨਾਲ ਗੁਰਮਤਿ ਦਾ ਪ੍ਰਚਾਰ ਦੀਵਾਨਾਂ ਦੀ ਲੜੀ ਜਾਰੀ ਰੱਖਣੀ, ਇਹ ਲੰਮੀ ਨਦਰਿ ਹੀ ਸੀ ਕਿ -

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥
ਅੰਗ- ੧੨੪੫

ਧਰਮ ਦੀ ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ ਸਿੱਖੀ ਦੇ ਤਿੰਨ ਸੁਨਹਿਰੀ ਅਸੂਲ ਆਪ ਜੀ ਦੇ ਸਮੁੱਚੇ ਜੀਵਨ ਵਿਚ ਪ੍ਰਤੱਖ ਰੂਪਮਾਨ ਹੋ ਰਹੇ ਹਨ। ਯੂ.ਪੀ ਦੇ ਫਾਰਮ ਵੇਚਣ ਤੋਂ ਬਾਅਦ ਆਪ ਚੰਡੀਗੜ੍ਹ ਆਏ। ਇਥੇ ਆ ਕੇ ਰੋਪੜ ਜ਼ਿਲੇ ਦੇ ਪਿੰਡਾਂ ਅਤੇ ਚੰਡੀਗੜ੍ਹ ਦੇ ਨਾਲ ਲਗਦੇ ਇਲਾਕਿਆਂ ਦੇ ਵਿਚ ਦਿਨ ਰਾਤ ਇਕ ਕਰਕੇ ਗੁਰਮਤਿ ਦਾ ਪ੍ਰਚਾਰ ਆਰੰਭ ਕੀਤਾ। ਪਛੜੇ ਹੋਇਆਂ ਨੂੰ, ਆਖਰੀ ਦਰਜੇ ਵਾਲਿਆਂ ਨੂੰ ਪਹਿਲੀ ਕਤਾਰ ਤੇ ਖੜ੍ਹਾ ਕੀਤਾ। ਇਸੇ ਪ੍ਰਚਾਰ ਦੇ ਦੌਰਾਨ ਗੁਰਮਤਿ ਪ੍ਰਚਾਰ ਦਾ ਕੇਂਦਰ 'ਰਤਵਾੜਾ ਸਾਹਿਬ' 29 ਜੁਲਾਈ 1986 ਨੂੰ ਹੋਂਦ ਵਿਚ ਆਇਆ।

ਟਰੱਸਟ ਦੀ ਸਥਾਪਨਾ ਕਰਕੇ ਸਾਰਾ ਪ੍ਰਬੰਧ ਟਰੱਸਟੀਆਂ (ਸੰਗਤ) ਦੇ ਹਵਾਲੇ ਕੀਤਾ। ਇਹ ਸਾਰਾ ਕੁਝ ਆਪ ਜੀ ਦੀ ਲੰਮੀ ਨਦਰਿ ਸੀ ਕਿ ਆਉਣ ਵਾਲੇ ਸਮੇਂ ਵਿਚ ਇਸ ਸੰਸਥਾ ਰਾਹੀ ਪਰਉਪਕਾਰ ਦੇ ਕਾਰਜ ਚੜ੍ਹਦੀ ਕਲਾ ਵਿਚ ਹੁੰਦੇ ਰਹਿਣ। ਸਾਰੇ ਸਮੇਂ ਦੌਰਾਨ ਸਤਿਕਾਰਯੋਗ ਬੀਜੀ ਨੇ ਆਪ ਜੀ ਦਾ ਸਾਥ ਬਾਖੂਬੀ ਨਿਭਾਇਆ।

ਰਤਵਾੜਾ ਸਾਹਿਬ ਦੀ ਪਾਵਨ ਧਰਤੀ ਤੇ 24 ਘੰਟੇ ਦੇ ਗੁਰੂ ਕੇ ਲੰਗਰ, ਸਕੂਲ, ਕਾਲਜ, ਆਤਮ ਮਾਰਗ ਮੈਗਜ਼ੀਨ,  ਰੂਹਾਨੀ ਪੁਸਤਕਾਂ, ਆਡੀਓ ਸੀਡੀਜ਼, ਵੀਡੀਓ ਸੀਡੀਜ਼ ਤੇ ਅਨੇਕਾਂ ਪਰਉਪਕਾਰੀ ਕਾਰਜ ਹੋਏ। ਗੁਜਰਾਤ ਦੇ ਭੂਚਾਲ ਦੌਰਾਨ, ਪੰਜਾਬ 'ਚ ਆਏ ਹੜ੍ਹਾਂ ਦੌਰਾਨ ਲੋਕਾਈ ਦੀ ਸਹਾਇਤਾ, ਸੇਵਾ ਰੂਪ 'ਚ ਕੀਤੀ ਗਈ। ਚਾਹੜ ਮਾਜਰੇ ਨਗਰ ਵਿਚ (ਰਤਵਾੜਾ ਸਾਹਿਬ ਦੀ ਜੂਹ ਵਿਚ) ਮੁਸਲਮਾਨ ਵੀਰਾਂ ਲਈ ਅੱਲਾਹ ਨੂੰ ਅਕੀਦਾ ਭੇਟ ਕਰਨ ਹਿਤ ਮਸਜਿਦ ਦਾ ਨਿਰਮਾਣ ਕਰਵਾ ਕੇ ਦਿਤਾ। ਡਾ. ਸਵਾਮੀ ਰਾਮ ਜੀ ਵਲੋਂ ਦੇਹਰਾਦੂਨ (ਜੌਲੀ ਗਰਾਂਟ) ਵਿਖੇ ਇਕ ਵੱਡੇ ਹਸਪਤਾਲ ਦੀ ਸ਼ਿਲਾ ਨਿਆਸ ਆਪ ਜੀ ਵਲੋਂ ਕਰਵਾਈ ਗਈ। ਉਪਰੋਕਤ ਜਨ ਸਮੂੰਹ ਦੇ ਕਾਰਜਾਂ ਉਪਰੰਤ ਸੰਸਥਾ ਦੀ ਵਾਗਡੋਰ ਮੁਖੀ ਦੇ ਤੌਰ 'ਤੇ ਨਿਰਖੇ-ਪਰਖੇ ਪਰਮ ਸੇਵਕ ਸੰਤ ਬਾਬਾ ਲਖਬੀਰ ਸਿੰਘ ਜੀ ਅਤੇ ਸਮੂੰਹ ਟਰੱਸਟ ਮੈਂਬਰਾਂ ਨੂੰ ਸੌਂਪ ਕੇ ਆਪ ਜੀ 31 ਅਕਤੂਬਰ 2001 ਨੂੰ ਪੰਜ ਭੌਤਿਕ ਸਰੀਰ ਦਾ ਪ੍ਰਤਿਆਗ ਕਰਕੇ ਸਦਾ ਲਈ ਪ੍ਰਮੇਸ਼ਰ ਵਿਚ ਲੀਨ ਹੋ ਗਏ। ਪਿਆਰੇ ਦੇ ਪਿਆਰ ਵਿਚ ਸਤਿਕਾਰਯੋਗ ਮਾਤਾ ਜੀ ਵੀ 1 ਨਵੰਬਰ 2013 ਨੂੰ





# ਅਭੁੱਲ ਯਾਦਾਂ





ਪੂਰੇ 12 ਸਾਲ ਬਾਅਦ ਬ੍ਰਹਮਲੀਨ ਹੋ ਗਏ। ਭਾਵੇਂ ਸਰੀਰ ਕਰਕੇ ਇਹ ਪਵਿੱਤਰ ਆਤਮਾਵਾਂ ਸਾਥੋਂ ਉਹਲੇ ਹੋ ਗਈਆਂ ਹਨ ਪਰ ਉਨ੍ਹਾਂ ਦੀ 'ਲੰਮੀ ਨਦਰਿ' ਸਾਡੇ ਸਾਰਿਆਂ 'ਤੇ ਹੈ। ਉਹ ਅੱਜ ਵੀ ਅਮਰ ਹਨ, ਜਿਉਂਦੇ ਜਾਗਦੇ ਨਾਲ ਰਹਿੰਦੇ ਪ੍ਰਤੀਤ ਦਿੰਦੇ ਹਨ।

ਬਚਪਨ ਵਿਚ ਮੁੱਢਲੀ ਵਿਦਿਆ, ਫੌਜ ਦੀ ਸਰਵਿਸ, ਸੈਕਟਰੀਏਟ ਸਰਵਿਸ, ਫਾਰਮਿੰਗ (ਕਿਸਾਨੀ) ਤੇ ਗੁਰਮਤਿ ਦਾ ਪ੍ਰਚਾਰ, ਸਾਰੇ ਹੀ ਸਮਿਆਂ ਵਿਚ ਲੰਮੀ ਨਦਰਿ ਰੱਖੀ। ਭੂਤਕਾਲ ਅਤੇ ਵਰਤਮਾਨ ਵਿਚੋਂ ਭਵਿੱਖ ਲਈ ਪੈੜਾਂ ਪਾ ਕੇ ਗਏ। ਪੂਰਨੇ ਪਾ ਕੇ ਦਿਤੇ, ਨਵੇਂ ਦਿਸਹਦੇ ਕਾਇਮ ਕੀਤੇ। ਸਮਾਜਿਕ, ਧਾਰਮਿਕ, ਵਿਦਿਅਕ ਅਤੇ ਸਾਹਿਤਕ ਖੇਤਰਾਂ ਵਿਚ ਪਾਏ ਵਡਮੁੱਲੇ ਯੋਗਦਾਨ ਬਾਰੇ ਆਪ ਜੀ ਇਸ ਅੰਕ ਵਿਚ ਵਿਸਥਾਰਪੂਰਵਕ ਪੜ੍ਹ ਸਕਦੇ ਹੋ। ਇਕ ਸੰਸਥਾ ਦੇ ਰੂਪ ਵਿਚ ਆਪ ਵਿਚਰੇ ਅਤੇ ਇਕ ਵੱਡੀ ਸੰਸਥਾ ਦੇ ਬਾਨੀ ਬਣ ਕੇ ਸਦੀਆਂ ਲਈ, ਆਉਣ ਵਾਲੀਆਂ ਪੀੜ੍ਹੀਆਂ ਦਾ ਮਾਰਗ ਦਰਸ਼ਨ ਕੀਤਾ। ਭਾਵੇਂ ਪੰਜ ਭੌਤਿਕ ਸਰੀਰ ਕਰਕੇ ਆਪ ਜੀ ਇਨ੍ਹਾਂ ਅੱਖਾਂ ਨਾਲ ਨਜ਼ਰ ਨਹੀਂ ਆਉਂਦੇ ਪਰ ਉਨ੍ਹਾਂ ਵਲੋਂ ਕੀਤੇ ਪਰਉਪਕਾਰੀ ਕਾਰਜਾਂ ਵਿਚੋਂ ਉਹ ਸਦਾ ਹੀ ਅਮਰ ਜਿਉਂਦੇ ਜਾਗਦੇ, ਹਾਜ਼ਰ ਨਾਜ਼ਰ ਪ੍ਰਤੀਤ ਹੋ ਰਹੇ ਹਨ। ਆਪ ਜੀ ਦੇ ਨੂਰਾਨੀ ਚਿਹਰੇ ਦੇ ਦਰਸ਼ਨ ਕਰਦਿਆਂ ਆਪ ਮੁਹਾਰੇ ਇਸ ਤਰ੍ਹਾਂ ਦੇ ਭਾਵ ਉਪਜਦੇ ਹਨ ਕਿ ਆਪ ਜੀ ਨਾਮ ਬਾਣੀ ਦੇ ਰੰਗ ਵਿਚ ਰੱਤੇ ਹੋਏ, ਨੂਰੀ ਸਰੂਪ, ਅੰਤਰਮੁਖੀ ਬਿਰਤੀ, ਅੰਦਰਲੀ ਰੋਸ਼ਨੀ ਦੇ ਪਾਤਰ, ਸਾਧਨਾ ਸੰਪੰਨ, ਨਾਮ ਦੇ ਰਸੀਏ, ਸਤਿ ਦੀ ਆਵਾਜ਼, ਪ੍ਰਕਾਸ਼ਮਈ ਮਾਰਗ ਤੇ ਚੱਲਣ ਵਾਲੇ, ਉੱਚੇ-ਸੁੱਚੇ ਜੀਵਨ ਦੇ ਧਾਰਨੀ, ਖੇੜਿਆਂ ਦੇ ਮੰਡਲ ਦੇ ਵਾਸੀ, ਸਦੀਵੀ ਆਤਮਿਕ ਅਨੰਦ ਦੇ ਮਾਲਕ, ਪ੍ਰੇਮ ਅਤੇ ਅਪਣੱਤ ਦੀਆਂ ਤਰੰਗਾਂ ਨਾਲ ਸ਼ਰਸ਼ਾਰ ਗੁਰਮੁਖ ਪਦਵੀ ਦੇ ਮਾਲਕ ਸਨ। ਅੱਜ ਵੀ ਮਹਾਂਪੁਰਸ਼ਾਂ ਦੇ ਪਿਆਰਿਆਂ ਅੰਦਰ ਇਕੋ ਹੀ ਤਾਂਘ ਹੈ ਕਿ-



ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥
ਅੰਗ - ੨੫੭

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥ ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ਅੰਗ - ੮੩



ਉਪਰੋਕਤ ਭਾਵਾਂ ਨੂੰ ਹਿਰਦੇ ਵਿਚ ਸਮੋ ਕੇ ਉਨ੍ਹਾਂ ਵਲੋਂ ਆਰੰਭੇ ਕਾਰਜਾਂ ਨੂੰ ਚੜ੍ਹਦੀ ਕਲਾ ਵਿਚ ਲੈ ਜਾਣ ਲਈ ਯਤਨਸ਼ੀਲ ਰਹਿਣਾ ਹੀ ਸਾਡੀ ਸਭ ਦੀ ਸੱਚੀ ਸ਼ਰਧਾਂਜਲੀ ਹੋਵੇਗੀ। ਗੁਰੂ ਕ੍ਰਿਪਾ ਕਰੇ, ਪਿਆਰੇ ਮਹਾਂਪੁਰਸ਼ਾਂ ਤੇ ਸਤਿਕਾਰਯੋਗ ਮਾਤਾ ਜੀ ਦੀ ਯਾਦ ਵਿਚ ਜੁੜ ਕੇ, ਉਨ੍ਹਾਂ ਵਾਂਗੂੰ ਲੰਮੀ ਨਦਰਿ ਦੇ ਧਾਰਨੀ ਬਣ ਕੇ ਬੇਗਮਪੁਰੇ ਦੇ ਵਾਸੀ ਬਣ ਜਾਈਏ ਜਿਥੇ ਪਹੁੰਚ ਕੇ ਕਦੇ ਵਿਛੋੜਾ ਨਹੀਂ, ਸਦਾ ਹੀ ਮਿਲਾਪ ਹੈ। ਇਸੇ ਦੀ ਪੂਰਤੀ ਦੀ ਅਰਦਾਸ ਵਿਚ ਜੁੜੇ ਰਹੀਏ।

ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥ ਅੰਗ - ੧੫੭

# ਭਾਈ ਨੰਦ ਲਾਲ ਜੀ
## (ਜ਼ਿੰਦਗੀਨਾਮਾ)

ਨੀਅਤੇ ਆਂ ਦਿਹ ਕਿ ਬਾਸ਼ਦ ਹੱਕ ਗੁਜ਼ਾਰ
ਹਿੰਮਤੇ ਆਂ ਦਿਹ ਕਿ ਬਾਸ਼ਦ ਜਾਂ ਨਿਸਾਰ॥

ਤੂੰ ਅਜਿਹੀ ਨੀਅਤ ਬਖਸ਼ ਜੋ ਸੱਚ ਦੀ ਪੁਜਾਰੀ ਹੋਵੇ, ਅਤੇ ਅਜਿਹੀ ਹਿੰਮਤ ਬਖਸ਼, ਜੋ ਰੱਬ ਦੇ ਰਾਹ ਤੇ ਜਾਨ ਵਾਰਨ ਵਾਲੀ ਹੋਵੇ।

ਹਰ ਚਿਹ ਦਾਰਦ ਦਰ ਰਹਿਤ ਕੁਰਬਾਂ ਕੁਨਦ
ਜਾਨੋ ਦਿਲ ਕੁਰਬਾਂ ਰਹਿ ਸੁਬਹਾਂ ਕੁਨਦ॥

ਜੋ ਕੁਝ ਭੀ ਕੋਲ ਹੈ ਤੇਰੇ, ਰਾਹ ਉਤੇ ਕੁਰਬਾਨ ਕਰ ਦੇ, ਜਾਨ ਅਤੇ ਦਿਲ ਰੱਬ ਦੇ ਰਾਹ ਉਤੇ ਕੁਰਬਾਨ ਕਰ ਦੇਵੇ।

ਦੀਦਾ ਅਮ ਰਾ ਲੱਜ਼ਤਿ ਦੀਦਾਰ ਬਖ਼ਸ਼।
ਸੀਨਾ-ਅਮ ਰਾ ਮਖ਼ਜ਼ਨਿ ਅਸਰਾਰ ਬਖ਼ਸ਼॥

ਮੇਰੇ ਨੇਤਰਾਂ ਨੂੰ ਦਰਸ਼ਨ ਦਾ ਸੁਆਦ ਬਖ਼ਸ਼, ਮੇਰੇ ਦਿਲ ਨੂੰ ਭੇਤਾਂ ਦਾ ਖ਼ਜ਼ਾਨਾ ਬਖ਼ਸ਼।

ਈਂ ਦਿਲਿ ਬਿਰਯਾਨਿ ਮਾ ਰਾ ਸ਼ੌਕ ਦਿਹ
ਦਰ ਗੁਲਏਮ ਬੰਦਗੀ ਰਾ ਤੌਕ ਦਿਹ॥

ਸਾਡੇ ਇਸ ਲੁੱਠੇ ਹੋਏ ਦਿਲ ਨੂੰ ਚਾਉ ਬਖ਼ਸ਼, ਸਾਡੇ ਗਲੇ ਨੂੰ ਬੰਦਗੀ ਦਾ ਪਟਾ ਬਖ਼ਸ਼।

ਹਿਜਰਿ ਮਾ ਰਾ ਆਰਜ਼ੂਇ ਵਸਲ ਬਖ਼ਸ਼
ਈਂ ਖ਼ਿਜ਼ਾਨਿ ਜਿਸਮਿ ਮਾ ਰਾ ਫ਼ਜ਼ਲ ਬਖ਼ਸ਼।

ਸਾਡੇ ਵਿਛੋੜੇ ਨੂੰ ਮਿਲਾਪ ਦੀ ਰਾਹ ਬਖਸ਼, ਸਾਡੇ ਸਰੀਰ ਦੀ ਪਤਝੱੜ ਪਰ ਕ੍ਰਿਪਾ ਕਰ।

ਹਮ ਸਰਿ ਮੂਏਮ ਜ਼ੁਬਾਂ ਕੁਨ ਅਜ਼ ਕਰਮ
ਤਾ ਬਗੋਏਮ ਵਸਫ਼ਿ ਹੱਕ ਰਾ ਦਮ ਬਦਮ॥

ਸਾਡੇ ਹਰ ਇਕ ਵਾਲ ਨੂੰ ਜੀਭ ਕਰ ਦੇਣ ਦੀ ਕ੍ਰਿਪਾ ਕਰ, ਤਾਂ ਜੋ ਅਸੀਂ ਸਵਾਸ-ਸਵਾਸ ਰੱਬ ਦੀ ਸਿਫ਼ਤ ਸਲਾਹ ਕਰੀਏ।

ਵਸਫ਼ਿ ਹੱਕ ਬੀਰੰ ਬਵਦ ਅਜ਼ ਗੁਫ਼ਤਗੂ
ਈਂ ਹਦੀਸਿ ਸ਼ਾਹ ਬਾਸ਼ਦ ਕੂ ਬ ਕੂ॥

ਰੱਬ ਦੀ ਸਿਫ਼ਤ ਕਹਿਣ ਸੁਣਨ ਤੋਂ ਪਰੇ ਹੈ, ਸੱਚੇ ਸੱਚੇ ਪਾਤਸ਼ਾਹ ਦੀ ਇਹ ਕਥਾ ਗਲੀ-ਗਲੀ ਸੁਣੀਦੀ ਹੈ।

ਮਾਅਨੀਇ ਈਂ ਕੂ ਬ-ਕੂ ਦਾਨੀ ਕਿ ਚੀਸਤ
ਹਮ ਦ ਗੋ ਦੀਗਰ ਮਗੋ ਈਨਸਤ ਜ਼ੀਸਤ॥

ਕੀ ਤੈਨੂੰ ਪਤਾ ਹੈ ਕਿ ਇ ਗਲੀ ਦਾ ਕੀ ਭਾਵ ਹੈ? ਉਸ ਦੀ ਸਿਫ਼ਤ ਸਲਾਹ ਕਹੁ, ਹੋਰ ਕੁਝ ਨਾ ਕਹੁ। ਏਹੀ ਜੀਵਨ ਹੈ।

ਜ਼ੀਸਤਨ ਦਰ ਬੰਦਗੀ ਊਲਾ ਬਵਦ
ਗਰ ਚਿਹ ਸਰ ਤਾ ਪਾ ਹਮਾ ਮੂਲਾ ਬਵਦ॥

ਉਸ ਦੀ ਬੰਦਗੀ ਵਿਚ ਜਿਊਣਾ ਸਭ ਤੋਂ ਉੱਤਮ ਹੈ, ਭਾਵੇਂ ਕੋਈ ਸਿਰ ਤੋਂ ਪੈਰਾਂ ਤਕ ਵੀ ਮਾਲਕ ਕਿਉਂ ਨਾ ਹੋਵੇ।

ਗਰ ਦਿਹਦ ਤੌਫ਼ੀਕ ਫ਼ਜ਼ਲਿ ਜ਼ੁਲਜਲਾਲ
ਬੰਦਾ ਰਾ ਅਜ਼ ਬੰਦਗੀ ਬਾਸ਼ਦ ਕਮਾਲ॥

ਜੇਕਰ ਉਹ ਸਤਿ ਸਰੂਪ ਵਾਹਿਗੁਰੂ ਹਿੰਮਤ ਬਖਸ਼ੇ, ਤਾਂ ਬੰਦੇ ਨੂੰ ਉਸ ਦੀ ਬੰਦਗੀ ਸਦਕੇ ਕਮਾਲ ਪ੍ਰਾਪਤ ਹੋ ਜਾਏ।

ਬੰਦਗੀ ਬਾਸ਼ਦ ਕਮਾਲਿ ਬੰਦਗੀ
ਬੰਦਗੀ ਬਾਸ਼ਦ ਨਿਸ਼ਾਨਿ ਜ਼ਿੰਦਗੀ॥

ਬੰਦਗੀ ਹੀ ਬੰਦਾ ਹੋਣ ਦਾ ਕਮਾਲ ਹੈ, ਬੰਦਗੀ ਹੀ ਜ਼ਿੰਦਗੀ ਦਾ ਨਿਸ਼ਾਨ ਹੈ।

ਜ਼ਿੰਦਗੀਇ ਬੰਦਾ ਰਾ ਈਂ ਬੰਦਗੀਸਤ
ਬੰਦਗੀਇ ਹੱਕ ਕਿ ਐਨ ਜ਼ਿੰਦਗੀਸਤ॥

ਬੰਦੇ ਦੀ ਜ਼ਿੰਦਗੀ ਇਹ ਬੰਦਗੀ ਹੀ ਹੈ, ਇਹ ਰੱਬ ਦੀ ਬੰਦਗੀ ਹੀ ਅਸਲ ਜ਼ਿੰਦਗੀ ਹੈ।

ਗਰ ਨਿਸ਼ਾਨਿ ਜ਼ਿੰਦਗੀ ਮੀਬਾਇਦਤ
ਬੰਦਗੀਇ ਹੱਕ ਤੁਰਾ ਮੀ-ਸ਼ਾਇਦਤ॥

ਜੇਕਰ ਤੈਨੂੰ ਜ਼ਿੰਦਗੀ ਦੇ ਨਿਸ਼ਾਨ ਦੀ ਲੋੜ ਹੈ, ਤਾਂ ਤੇਰੇ ਲਈ ਰੱਬ ਦੀ ਬੰਦਗੀ ਕਰਨਾ ਹੀ ਉਚਿਤ ਹੈ।

ਤਾ ਤਵਾਨੀ ਬੰਦਾ ਸ਼ੋ ਸਾਹਿਬ ਮਬਾਸ਼
ਬੰਦਾ ਰਾ ਜੁਜ਼ ਬੰਦਗੀ ਨਬਵਦ ਤਲਾਸ਼॥

ਜਿਥੋਂ ਤੱਕ ਹੋ ਸਕੇ ਤੂੰ ਸੇਵਕ ਬਣ, ਸਾਹਿਬ ਨਾ ਹੋਹੁ, ਬੰਦੇ ਨੂੰ ਬੰਦਗੀ ਬਿਨਾਂ ਕਿਸੇ ਹੋਰ ਵਸਤੂ ਦੀ ਤਲਾਸ਼ ਨਹੀਂ ਹੁੰਦੀ।

*'ਚਲਦਾ....... /'*

*(ਪੰਨਾ 26 ਦੀ ਬਾਕੀ)*

ਲਾਉਂਦੇ। ਗੁਰੂ ਜੀ ਕਹਿੰਦੇ ਹਨ -

*ਜਬ ਇਹ ਜਾਨੈ ਮੈ ਕਿਛੁ ਕਰਤਾ ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥ ਅੰਗ- ੨੭੮*

ਗੁਰਦੁਆਰੇ ਦੀ ਸੇਵਾ ਕਰਕੇ ਜੇ ਉਸ ਤੋਂ ਅੱਗੇ ਉੱਚੀ ਪਦਵੀ ਨਾ ਦਿਤੀ, ਗੁਰਦੁਆਰੇ ਜਾਣਾ ਹੀ ਛੱਡ ਦਿੰਦੈ। ਕਹਿੰਦਾ, ਮੈਂ ਐਨਾ ਕੰਮ ਕਰਿਆ, ਐਨੀ ਸੇਵਾ ਕਰੀ, ਮੈਨੂੰ ਪੁੱਛਿਆ ਹੀ ਨਹੀਂ, ਮੈਨੂੰ ਤਾਂ ਪਦ ਤੋਂ ਲਾਹ ਦਿੱਤਾ ਇਹਨਾਂ ਨੇ। ਕਿਉਂਕਿ ਜਿਹੜੀ ਸੇਵਾ ਕਰਦਾ ਸੀ ਉਹ ਹਉਮੈ ਰੋਗ ਦੀ ਗ੍ਰਿਫਤ ਵਿਚ ਕਰਦਾ ਸੀ। ਸੇਵਾ ਭਾਵ ਨਾਲ ਨਹੀਂ ਸੀ ਕਰਦਾ ਨਿਸ਼ਕਾਮ ਹੋ ਕੇ -

*ਸੇਵਾ ਕਰਤ ਹੋਇ ਨਿਹਕਾਮੀ ॥ ਅੰਗ- ੨੮੬*

ਜੇ ਨਿਹਕਾਮੀ ਹੁੰਦਾ, ਵਾਹਿਗੁਰੂ ਮਿਲ ਜਾਂਦਾ -

*ਤਿਸ ਕਉ ਹੋਤ ਪਰਾਪਤਿ ਸੁਆਮੀ ॥ ਅੰਗ- ੨੮੬*

ਸੋ ਹਉਮੈ ਦੇ ਵਿਚ ਜਿੰਨੇ ਵੀ ਆਦਮੀ ਕੰਮ ਕਰਦੈ, ਚਾਹੇ ਨੇਕ ਕੰਮ ਕਰਦੈ, ਪਰ ਫਸਦੈ। ਮਹਾਰਾਜ ਕਹਿੰਦੇ, ਇਹਦਾ ਨਤੀਜਾ ਕੀ ਹੁੰਦੈ, ਇਹ ਜੰਮੇਗਾ-ਮਰੇਗਾ, ਜੰਮੇਗਾ-ਮਰੇਗਾ, ਇਹਨੇ (ਹਉਮੈ) ਨਹੀਂ ਛੁਟਣੀ। ਹਉਮੈ ਲੱਗੀ ਕਦੋਂ? ਜਦੋਂ ਅਸੀਂ ਮਾਂ ਦੇ ਪੇਟ ਵਿਚ ਹੁੰਦੇ ਹਾਂ, ਅਸੀਂ ਨਾਮ ਦੀ ਧੁਨ ਵਿਚ ਹੁੰਦੇ ਹਾਂ।

*ਗਰਭ ਕੁੰਟ ਮਹਿ ਉਰਧ ਤਪ ਕਰਤੇ ॥ ਅੰਗ- ੨੫੧*

ਮਹਾਰਾਜ ਕਹਿੰਦੇ, ਪੁੱਠਾ ਲਟਕ ਕੇ ਤਪ ਕਰ ਰਿਹੈ ਸੀ -

*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥ ਅੰਗ- ੨੫੧*

ਸਾਸ-ਸਾਸ ਉਸ ਧੁਨ ਦੇ ਵਿਚ ਮਸਤ ਸੀ ਜਿਹਨੇ ਸਾਰੀ ਸ੍ਰਿਸ਼ਟੀ ਬਣਾਈ ਹੈ। ਓਹੀ ਨਾਮ ਧੁਨ ਕਹਾਉਂਦੀ ਹੈ -

*ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋ ਰਹਾ।*

ਜਿਸ ਵਕਤ ਪੈਦਾ ਹੋਇਆ ਫੇਰ ਕੀ ਹੋਇਆ? ਲਿਵ ਛੁਟ ਗਈ। ਬੱਚਾ ਰੋਇਆ। ਰੋਇਆ ਕਿਉਂ? ਕਿਉਂਕਿ ਧੁਨ ਟੁੱਟ ਗਈ ਉਹਦੀ। ਸਵਾ ਮਹੀਨਾ ਜਾਰੀ ਰਹਿੰਦੀ ਹੈ ਪੈਦਾ ਹੋਣ ਤੋਂ ਬਾਅਦ। ਬੱਚਾ ਫੇਰ ਪੈਰ ਹਿਲਾਉਂਦੈ, ਹੱਥ ਹਿਲਾਉਂਦੈ, ਜਦੋਂ ਧੁਨ ਸੁਣਦੈ। ਜਦੋਂ ਟੁੱਟ ਜਾਂਦੀ ਹੈ ਫੇਰ ਰੋਂਦੈ। ਉਹ ਟੁੱਟਦੀ ਕਿਉਂ ਹੈ? ਮਹਾਰਾਜ ਕਹਿੰਦੇ, ਤੈਨੂੰ ਹਉਮੈ ਦਾ ਰੋਗ ਲੱਗਣਾ ਸ਼ੁਰੂ ਹੋ ਗਿਆ -

*ਪਹਿਲੈ ਪਿਆਰਿ ਲਗਾ ਥਣ ਦੁਧਿ ॥*
*ਦੂਜੈ ਮਾਇ ਬਾਪ ਕੀ ਸੁਧਿ ॥ ਅੰਗ- ੧੩੭*

ਬਣਾ ਲਏ ਨਾ ਮੇਰੀ ਮਾਂ, ਮੇਰਾ ਪਿਉ। ਰੋਗ ਲਗ ਗਏ। ਇਹ ਤਾਂ ਆਤਮਾ ਹੈ, ਆਤਮਾ ਦਾ ਤਾਂ ਨਾ ਕੋਈ ਪਿਉ ਹੈ, ਨਾ ਕੋਈ ਮਾਂ ਹੈ। ਆਤਮਾ ਸਾਰੇ ਪਰੀਪੂਰਨ ਹੈ। ਉਥੇ ਹੀ ਜੀਵ ਭਾਵ ਬਣ ਗਿਆ। ਜੀਵ ਭਾਵ ਬਣ ਕੇ ਮੈਂ ਤੇ ਮੇਰੀ ਸ਼ੁਰੂ ਹੋ ਗਈ -

*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥*
*ਪੰਜਵੈ ਖਾਣ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥*
*ਸਤਵੈ ਸੰਜਿ ਕੀਆ ਘਰ ਵਾਸੁ ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ ॥*
*ਨਾਵੈ ਧਉਲੇ ਉਭੇ ਸਾਹ ॥*
*ਦਸਵੈ ਦਧਾ ਹੋਆ ਸੁਆਹ ॥ ਅੰਗ- ੧੩੭*

ਇਸ ਤਰ੍ਹਾਂ ਦੇ ਨਾਲ ਇਹ ਰੋਗ ਲੱਗਣ ਨਾਲ ਅਸੀਂ ਜੰਮਦੇ ਤੇ ਮਰਦੇ ਹਾਂ -

*ਧਾਰਨਾ - ਜੰਮਦਾ ਤੇ ਮਰਦਾ ਹੈ,*
*ਹਉਮੈ ਦਾ ਬੰਨ੍ਹਿਆ ਹੋਇਆ।*
*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਅੰਗ- ੪੬੬*

ਅਸੀਂ ਅਰਦਾਸ ਕਰਦੇ ਹਾਂ ਸੱਚੇ ਪਾਤਸ਼ਾਹ! ਤੇਰੇ ਹੁਕਮ ਵਿਚ ਚੜ੍ਹਾਈ ਕਰ ਗਿਆ। ਹੁਣ ਇਹਨੂੰ ਸਚਖੰਡ 'ਚ ਨਿਵਾਸ ਦੇ-ਦੇ। ਕਿਉਂ ਝੂਠ ਬੋਲਦੇ ਹੋ? ਸਚਖੰਡ 'ਚ ਨਿਵਾਸ ਨਹੀਂ ਮਿਲਦਾ ਜਿਹਦੇ ਵਿਚ ਹਉਮੈ ਦੀ ਅੰਸ ਹੈ। ਉਹਦੀ ਵਾਸ਼ਨਾ ਇਹੋ ਜਿਹੀ ਹੈ ਅੰਦਰ। ਉਹਨੇ ਆਉਣਾ ਹੀ ਹੈ। ਜੇ ਨੇਕ ਕੰਮ ਕਰੇ ਨੇ ਚੰਗਾ ਜੀਵਨ ਭੋਗ ਜਾਏਗਾ। ਮਾੜਾ ਕਰਮ ਕਰੇਗਾ ਤਾਂ ਮਾੜਾ ਜੀਵਨ ਮਿਲੇਗਾ। ਇਸ ਗੱਲ 'ਤੇ ਸਾਨੂੰ ਸਾਵਧਾਨ ਹੋਣਾ ਚਾਹੀਦਾ ਹੈ। ਅਰਦਾਸਾਂ ਨਾਲ ਨਹੀਂ ਅਸੀਂ ਜਾਂਦੇ। ਉਹ ਆਪ ਹੀ ਨਹੀਂ ਜਾਂਦਾ ਜਿਹੜਾ ਅਰਦਾਸ ਕਰਦੈ। ਕੋਈ ਵਿਰਲਾ ਹੁੰਦੈ ਜਿਹਦੀ ਅਰਦਾਸ ਲਗਦੀ ਹੈ। ਸੋ ਗੱਲ ਨੂੰ ਦਲੀਲ ਨਾਲ ਨਾਲ ਫੜੋ। ਹਉਮੈ ਰੋਗ ਹੈ ਦਿਤਾ ਮਨੁੱਖ ਨੂੰ ਹੈ -

*ਹਉਮੈ ਰੋਗੁ ਮਾਨੁਖ ਕਉ ਦੀਨਾ ॥ ਅੰਗ- ੧੧੪੦*

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥*
*ਅੰਗ- ੯੯੯*

ਆਤਮਾ ਨਹੀਂ ਮਰਦੀ ਕਦੇ ਵੀ। ਆਤਮਾ ਇਕੋ ਹੀ ਹੈ ਸਾਰੇ ਪ੍ਰੀਪੂਰਨ। ਤੁਹਾਡੇ, ਮੇਰੇ, ਸਾਰਿਆਂ ਦੇ ਅੰਦਰ ਇਕੋ ਹੀ ਆਤਮਾ ਕੰਮ ਕਰ ਰਹੀ ਹੈ। ਜਿਹਨੂੰ ਥੱਲੇ ਹੇਠਲੇ ਪੱਧਰ 'ਤੇ ਲਿਆ ਕੇ ਜੀਵ ਆਤਮਾ ਬਣਾ ਦਿਤਾ। ਇਸ ਤੋਂ ਵੀ ਨੀਵੇਂ ਪੱਧਰ 'ਤੇ ਚਲੇ ਗਏ, ਅਸੀਂ ਸਰੀਰ ਹਾਂ ਸਾਢੇ ਤਿੰਨ ਹੱਥ ਦਾ। ਹਰ ਬੰਦਾ ਕਹਿੰਦਾ ਹੈ ਕਿ ਮੈਂ ਦੇਹ ਹਾਂ, ਦੇਹ ਅਧਿਆਸ ਕਿਸੇ ਦਾ ਵੀ ਨਹੀਂ ਟੁੱਟਦਾ। ਹਰ ਬੰਦਾ

ਆਪਣੇ ਆਪ ਨੂੰ ਦੇਹ ਸਮਝਦਾ ਹੈ। ਨਾਉਂ ਸਮਝਦਾ ਹੈ ਕਿ ਮੇਰਾ ਨਾਉਂ ਫਲਾਣਾ ਹੈ। ਜਿਹੜਾ ਇਹਦੇ ਵਿਚ ਰਹਿੰਦਾ ਹੈ, ਉਹਦਾ ਤਾਂ ਕੋਈ ਨਾਉਂ ਹੀ ਨਹੀਂ ਹੈ, ਉਹ ਤਾਂ ਪਹਿਲਾਂ ਵੀ ਸੀਗਾ, ਪਿਛੋਂ ਵੀ ਹੈ।

ਜੀਵ ਆਤਮਾ ਜਿੰਨੀ ਦੇਰ ਤਕ ਹਉਮੈ 'ਚ ਉਲਝਿਆ ਹੋਇਆ ਹੈ, ਗੁਰੂ ਮਹਾਰਾਜ ਕਹਿੰਦੇ, ਵੈਦ ਜੀ! ਇਹ ਜੰਮਦਾ ਤੇ ਮਰਦਾ ਰਹੇਗਾ। ਸੰਸਾਰ ਜਿਹਨੂੰ ਅਸੀਂ ਕਹਿੰਦੇ ਹਾਂ। ਇਹ ਸਵਾਲ ਸ੍ਰੀ ਗੁਰੂ ਨਾਨਕ ਪਾਤਸ਼ਾਹ 'ਤੇ ਸੁਮੇਰ ਪਰਬਤ 'ਤੇ ਗੋਰਖਨਾਥ ਨੇ ਕਰਿਆ ਸੀ –

ਕਹਿੰਦੇ, ਹੇ ਨਾਨਕ! ਤੂੰ ਅਦ੍ਵੈਤਵਾਦੀ ਹੈਂ ਤੇਰੀ ਦ੍ਰਿਸ਼ਟੀ ਦੇ ਅੰਦਰ ਇਹ ਹੈ ਕਿ –

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ– ੧੨੯੧*

ਤੂੰ ਇਹ ਕਹਿੰਦਾ ਹੈਂ ਕਿ ਇਥੇ ਪ੍ਰਮੇਸ਼ਰ ਤੋਂ ਬਿਨਾਂ ਹੈ ਨਹੀਂ ਕੋਈ ਪਰ ਇਕ ਗੱਲ ਦਸ, ਆਹ ਸੰਸਾਰ ਕਿੱਥੋਂ ਬਣ ਗਿਆ? ਜੀਵ ਕਿੱਥੋਂ ਬਣ ਗਿਆ? ਦੁਖ ਕਿੱਥੋਂ ਆ ਗਿਆ? ਜੇ ਤੂੰ ਕਹਿੰਦੈ ਕਿ ਸਾਰੇ ਪ੍ਰਮੇਸ਼ਰ ਹੈ, ਪ੍ਰਮੇਸ਼ਰ ਤਾਂ ਸਤਿ, ਚਿਤ, ਅਨੰਦ ਹੈ, ਦੁਖ ਦਾ ਨਾਮ ਨਿਸ਼ਾਨ ਵੀ ਨਹੀਂ ਇਹਦੇ ਵਿਚ। ਜਿਹਦੇ ਵਿਚ ਹੈ ਹੀ ਨਹੀਂ, ਫੇਰ ਦੁੱਖ ਆ ਕਿੱਥੋਂ ਗਿਆ? ਇਹਦੇ ਵਿਚ ਸਾਰੇ ਸ਼ਾਸਤਰ ਉਲਝੇ ਹੋਏ ਨੇ। ਪਾਤੰਜਲ ਯੋਗ ਸ਼ਾਸਤਰ ਕਹਿੰਦੈ ਕਿ ਦੁੱਖ ਕਿਥੋਂ ਆ ਗਿਆ। ਨਿਆਏ ਸ਼ਾਸਤਰ, ਸਾਂਖ ਸ਼ਾਸਤਰ; ਸਾਂਖ ਵਾਲਿਆਂ ਨੇ ਕਿਹਾ ਇਥੇ ਦੋ ਤੱਤ ਨੇ। ਇਕ ਵਾਹਿਗੁਰੂ ਹੈ, ਇਕ ਪ੍ਰਕ੍ਰਿਤੀ ਹੈ। ਪ੍ਰਕ੍ਰਿਤੀ ਹੈ ਦੁਖ ਤੇ ਜੜ੍ਹ ਰੂਪ, ਮਾਇਆ ਜਿਹਨੂੰ ਕਹਿੰਦੇ ਨੇ। ਦੂਸਰਾ ਹੈ ਵਾਹਿਗੁਰੂ। ਦੋਵੇਂ ਅਨਾਦੀ ਤੱਤ ਨੇ। ਇਹਦੇ ਉਤੇ ਸਾਡਾ ਫਲਸਫਾ ਨਿਰਭਰ ਕਰਦਾ ਸੀ, ਆਰੀਆਨ ਦਾ, ਹਿੰਦੁਸਤਾਨ ਦਾ। ਓਹੀ ਫਲਸਫੇ ਦੀ ਗੱਲ ਗੋਰਖਨਾਥ ਕਰ ਰਿਹੈ। ਕਹਿੰਦੇ, ਹੇ ਨਾਨਕ! ਇਕ ਇਥੇ ਪ੍ਰਕ੍ਰਿਤੀ ਹੈ, ਪ੍ਰਕ੍ਰਿਤੀ 'ਚ ਦੁਖ ਹੈ, ਆਦਮੀ ਦੁਖੀ ਤਾਂ ਹੈ, ਪ੍ਰਕ੍ਰਿਤੀ ਦਾ ਅਸਰ, ਸਰੀਰ ਦਾ ਅਸਰ ਇਹਦੇ ਮਨ 'ਤੇ ਪੈਂਦਾ ਰਹਿੰਦਾ ਹੈ। ਸਰੀਰ ਹੈ ਪ੍ਰਕ੍ਰਿਤੀ। ਮਨ ਵੀ ਪ੍ਰਕ੍ਰਿਤੀ ਹੈ ਤੇ ਜਿਹੜਾ ਆਤਮਾ ਦਾ ਅਕਸ ਪੈਂਦਾ ਹੈ, ਇਹ ਪ੍ਰਕ੍ਰਿਤੀ ਦੇ ਵਿਚ ਹਰਕਤ ਆਉਂਦੀ ਹੈ, ਹਰਕਤ ਆ ਕੇ ਇਹਦੇ ਵਿਚ, ਸੋਝੀ ਆਉਂਦੀ ਹੈ, ਚੇਤਨਤਾ ਆਉਂਦੀ ਹੈ। ਉਹ ਅਸੀਂ ਮੈਂ ਬਣ ਗਏ। ਅਸੀਂ ਪ੍ਰਕ੍ਰਿਤਕ ਬੰਦੇ ਹਾਂ, ਰੂਹਾਨੀ ਬੰਦੇ ਨਹੀਂ। ਫੇਰ ਸਾਨੂੰ ਦੁੱਖ ਸ਼ੁਰੂ ਹੁੰਦੈ। ਰੱਬ 'ਚ ਤਾਂ ਦੁੱਖ ਹੈ ਹੀ ਨਹੀਂ। ਫੇਰ ਦੱਸੋ ਦੁਖ ਕਿੱਥੋਂ ਆ ਗਿਆ। ਉਹਨੇ ਸਵਾਲ ਕਰਿਆ –

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ਅੰਗ– ੯੪੬*

ਇਹ ਸੰਸਾਰ ਕਿਵੇਂ ਬਣ ਗਿਆ ਤੇ ਦੁੱਖ ਕਿਵੇਂ ਖਤਮ ਹੋਏਗਾ? ਮਹਾਰਾਜ ਕਹਿੰਦੇ –

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥ ਅੰਗ – ੯੪੬*

ਜਦੋਂ ਇਹਨੇ ਮੈਂ ਤੇ ਮੇਰਾ ਧਾਰ ਲਿਆ, ਉਸ ਵੇਲੇ ਜਗਤ ਬਣ ਗਿਆ ਇਹ। ਇਹ ਟੁੱਟ ਗਿਆ ਦੂਜਿਆਂ ਨਾਲੋਂ। ਜੇ ਇਹਦੀ ਦ੍ਰਿਸ਼ਟੀ ਵਿਸ਼ਾਲ ਹੋਵੇ। ਇਹ ਹਰ ਥਾਂ ਦੇ ਉਤੇ ਪ੍ਰਮੇਸ਼ਰ ਦੇਖੇ। ਆਪਣੇ ਆਪ ਨੂੰ ਮੈਂ ਸਮਝੇ ਹੀ ਨਾ। ਗੱਲਾਂ ਨਾਲ ਤਾਂ ਇਹ ਹਟਦੀ ਨਹੀਂ, ਜ਼ੋਰ ਲਾ ਲਵੇ, ਜਿੰਨਾਂ ਕਿਸੇ ਨੇ ਲਾਉਣਾ ਹੈ। ਇਹ ਤੱਤ ਬੇਤਾ ਮਹਾਂਪੁਰਸ਼ ਜਿੰਨੀ ਦੇਰ ਤੱਕ ਇਹਦੇ ਅੰਦਰ ਉਹ ਦ੍ਰਿਸ਼ਟੀ ਨਹੀਂ ਨਾ ਪੈਦਾ ਕਰ ਦਿੰਦਾ, ਓਨੀਂ ਦੇਰ ਤੱਕ ਹਉਮੈ 'ਚੋਂ ਨਿਕਲ ਨਹੀਂ ਸਕਦਾ। ਉਹ ਅਵਸਥਾ ਹੈ ਨਾਮ ਦੀ –

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥ ਅੰਗ– ੫੬੦*

ਜਦੋਂ ਨਾਮ ਦੀ ਅਵਸਥਾ ਆਉਣੀ ਹੈ ਇਥੇ ਵਾਹਿਗੁਰੂ ਤੋਂ ਬਗੈਰ ਹੋਰ ਕੋਈ ਦਿਸਣਾ ਨਹੀਂ। ਸਾਰੇ ਪ੍ਰਮੇਸ਼ਰ ਨਜ਼ਰ ਆਏਗਾ। ਕਿੱਡੀਆਂ ਮਿਸਾਲਾਂ ਨੇ ਗੁਰੂ ਇਤਿਹਾਸ 'ਚ।

ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਵਿੰਧਿਆਚਲ ਪਰਬਤ 'ਤੇ ਉਹਨਾਂ ਨੂੰ ਸ਼ੇਰ ਮਿਲ ਗਿਆ। ਨਾਲ ਦਾ ਪ੍ਰੇਮੀ ਨੱਠ ਗਿਆ। ਨੱਠ ਕੇ ਦਰਖ਼ਤ 'ਤੇ ਚੜ੍ਹ ਗਿਆ। ਬਾਬਾ ਜੀ ਉਸੇ ਤਰ੍ਹਾਂ ਰਹੇ। ਜਿਸ ਵਕਤ ਉਹਨੇ ਕਿਹਾ, ਬਾਬਾ ਜੀ! ਸ਼ੇਰ ਸੀਗਾ। ਕਹਿੰਦੇ, ਕਿੱਥੇ? ਕਹਿੰਦਾ, ਤੁਹਾਨੂੰ ਸੁੰਘ ਕੇ ਗਿਐ। ਮੁਸਕਰਾ ਪਏ ਆਪ, ਕਹਿੰਦੇ ਪਿਆਰਿਆ! ਦ੍ਰਿਸ਼ਟੀ ਹੈ ਆਪਣੀ-ਆਪਣੀ। ਮੈਨੂੰ ਤਾਂ ਇਸ ਵੇਲੇ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਬਿਨਾਂ ਹੋਰ ਕੋਈ ਦਿਸਦਾ ਹੀ ਨਹੀਂ। ਮੈਨੂੰ ਤਾਂ ਇੱਕੋ ਹੀ ਨਜ਼ਰ ਆਉਂਦਾ ਹੈ।

ਭਾਈ ਘਨੱਈਏ ਨੂੰ ਪੁੱਛਿਆ, ਗੁਰੂ ਦਸ਼ਮੇਸ਼ ਪਿਤਾ ਨੇ ਕਿ ਤੂੰ ਮੁਗ਼ਲਾਂ ਨੂੰ ਪਾਣੀ ਪਿਲਾਇਆ, ਪਹਾੜੀਆਂ ਨੂੰ ਪਿਲਾਇਆ। ਕੀਹਨੂੰ ਪਿਲਾਇਆ? ਕਹਿੰਦਾ, ਨਹੀਂ ਮੈਂ ਕਿਸੇ ਨੂੰ ਵੀ ਨਹੀਂ ਪਿਲਾਇਆ। ਫੇਰ ਤੂੰ ਸਵੇਰ ਤੋਂ ਸ਼ਾਮ ਤਕ ਮਸ਼ਕ ਚੁੱਕ ਕੇ ਪਾਣੀ ਪਿਲਾਉਂਦਾ ਰਿਹੈਂ? ਕੀਹਨੂੰ ਪਿਲਾਉਂਦਾ ਰਿਹਾ? ਕਹਿੰਦਾ, ਪਾਤਸ਼ਾਹ! ਜਦੋਂ ਮੈਂ ਅੰਨ੍ਹਾ ਸੀ ਮੈਨੂੰ ਦਿਸਦੇ ਸੀ ਮੁਗ਼ਲ, ਮੋਤੀਆ ਬਿੰਦ ਆਇਆ ਹੋਇਆ ਸੀ। ਜਦੋਂ ਆਪ ਨੇ ਅੱਖਾਂ ਖੋਲ੍ਹ ਦਿਤੀਆਂ ਮੇਰੀਆਂ, ਗਿਆਨ ਦਾ ਸੁਰਮਾ ਪਾ ਕੇ –

*ਗਿਆਨ ਅੰਜਨੁ ਗੁਰਿ ਦੀਆ*
*ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ*
*ਨਾਨਕ ਮਨਿ ਪਰਗਾਸੁ ॥* *ਅੰਗ- ੨੯੩*
*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* *ਅੰਗ- ੪੦੭*

ਜਦੋਂ ਤੂੰ ਮੈਨੂੰ ਅੱਖ ਦੇ ਦਿਤੀ, ਮੈਨੂੰ ਦਿਸਣ ਤੋਂ ਹਟ ਗਏ ਸਾਰੇ। ਹੁਣ ਕੌਣ ਦਿਸਦੈ? ਕਹਿੰਦਾ, ਹੁਣ ਤਾਂ ਤੂੰਹੀ ਦਿਸਦੈ। ਮੈਂ ਤੈਨੂੰ ਹੀ ਪਾਣੀ ਪਿਲਾਉਂਦਾ ਹਾਂ, ਤੇਰੀ ਹੀ ਸੇਵਾ ਕਰਦਾ ਹੈ। ਤੇਰੇ ਹੀ ਚਰਨਾਂ 'ਚ ਮੇਰਾ ਨਿਵਾਸ ਹੈ। ਮੈਂ ਨਹੀਂ ਕਿਸੇ ਹੋਰ ਨੂੰ ਪਾਣੀ ਪਿਲਾਉਂਦਾ।

ਗੁਰੂ ਮਹਾਰਾਜ ਨੇ ਬੁੱਕਲ 'ਚ ਲੈ ਲਿਆ। ਕਹਿੰਦੇ, ਘਨੱਈਆ! ਤੂੰ ਸਿੱਖੀ ਦੀ ਰਮਜ਼ ਸਮਝ ਲਈ। ਹੁਣ ਇਸ ਤਰ੍ਹਾਂ ਕਰੀਂ, ਮੈਨੂੰ ਇਕੱਲਾ ਪਾਣੀ ਨਾ ਪਿਲਾਈਂ, ਆਹ ਫੜ ਪੱਟੀਆਂ, ਆਹ ਫੜ ਮੱਲ੍ਹਮ, ਮੇਰੇ ਜ਼ਖਮਾਂ ਨੂੰ ਧੋ ਕੇ ਸਾਫ਼ ਕਰਕੇ ਮਲ੍ਹਮ ਲਾਈਂ। ਫੇਰ ਪੱਟੀਆਂ ਦੇ ਨਾਲ ਬੰਨ੍ਹੀਂ। ਦ੍ਰਿਸ਼ਟੀ ਖੁਲ੍ਹ ਗਈ। ਮਹਾਰਾਜ ਕਹਿੰਦੇ, ਗੋਰਖਨਾਥ! ਜਿੰਨੀ ਦੇਰ ਤੱਕ ਮੈਂ ਭਾਵ ਬੰਦੇ ਦੇ ਅੰਦਰ ਕਾਇਮ ਹੈ, ਓਨੀਂ ਦੇਰ ਤਕ ਦੁੱਖ ਇਹਦਾ ਖਹਿੜਾ ਛੱਡ ਹੀ ਨਹੀਂ ਸਕਦਾ। ਜੰਮਦਾ ਮਰਦਾ ਰਹੇਗਾ ਤੇ ਸੰਸਾਰ ਬਣਿਆ ਰਹੇਗਾ। ਜਦੋਂ ਇਹਦੇ ਅੰਦਰ ਨਾਮ ਦਾ ਪ੍ਰਕਾਸ਼ ਹੋ ਗਿਆ - ***'ਗੁਰਹਿ ਦਿਖਾਇਓ ਲੋਇਨਾ ॥ ਰਹਾਉ ॥ ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥'*** ਉਸ ਵੇਲੇ ਸਾਰੇ ਦੁੱਖਾਂ ਦਾ ਇਹਦਾ ਖਾਤਮਾ ਹੋ ਜਾਂਦਾ ਹੈ ਤੇ ਇਹਨੂੰ ਦੂਜਾ ਦਿਸਦਾ ਹੀ ਨਹੀਂ, ਇੱਕੋ ਹੀ ਦਿਸਦਾ ਹੈ -

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*
*ਅੰਗ - ੨੭੨*

ਸੋ ਮਹਾਰਾਜ ਕਹਿਣ ਲੱਗੇ, ਗੋਰਖਨਾਥ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥* *ਅੰਗ - ੯੪੬*

ਮਹਾਰਾਜ ਕਹਿੰਦੇ -

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥* *ਅੰਗ - ੯੪੬*

ਨਾਮ ਨੂੰ ਭੁੱਲ ਕੇ ਦੁੱਖ ਮਿਲਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ, ਵੈਦ ਜੀ! ਕਿੱਡਾ ਵੱਡਾ ਦੁੱਖ ਹੈ। ਸਰੀਰ ਨੂੰ ਤਾਂ ਰਾਜ਼ੀ ਕਰ ਦਿਓਂਗੇ, ਤੁਹਾਡੀ ਦਵਾਈ ਕਰ ਦੇਵੇਗੀ ਪਰ ਮਨ ਦੇ ਵਿਚ ਜਿਹੜਾ ਭਰਮ ਪਿਆ ਹੋਇਆ ਹੈ ਮੈਂ ਦਾ, ਪੱਕਾ ਅਧਿਆਸ ਹੋ ਗਿਆ, I am, I am, ਮਹਾਰਾਜ ਬਾਣੀ ਵਿਚ ਮੁਹਾਵਰਾ ਲਿਖਦੇ ਨੇ -

*ਜਬ ਇਹ ਜਾਨੈ ਮੈ ਕਿਛੁ ਕਰਤਾ ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥* *ਅੰਗ- ੨੭੮*

ਓਨੀਂ ਦੇਰ ਤੱਕ ਇਹਨੇ ਫਿਰਨਾ ਹੀ ਹੈ ਗਰਭ ਜੋਨ ਵਿਚ ਜਾ ਕੇ ਕਿਉਂਕਿ ਜਿਹੜੇ ਇਹ ਨੇਕ ਕੰਮ ਕਰਦਾ ਹੈ ਨਾ, ਉਹ ਸੋਨੇ ਦੇ ਸੰਗਲ ਨੇ। ਜਿਹੜੇ ਬੁਰੇ ਕੰਮ ਕਰਦਾ ਹੈ ਉਹ ਲੋਹੇ ਦੀਆਂ ਹਥਕੜੀਆਂ ਨੇ। ਇਕ ਕਰਮ ਨੇ ਸਾਨੂੰ ਸਵਰਗਾਂ 'ਚ ਲੈ ਜਾਣੈ, ਇਕ ਕਰਮ ਨੇ ਸਾਨੂੰ ਨਰਕਾਂ 'ਚ ਲੈ ਜਾਣੈ। ਘੁੰਮਣਾ ਤਾਂ ਹਟਿਆ ਨਾ, ਘੁੰਮ ਕੇ ਜਿਹੜਾ ਨਿਰਵਾਣ ਪਦ ਹੈ, ਜਿਥੇ ਪਰਮ ਸਤਿ ਚਿੱਤ ਅਨੰਦ ਦਾ ਵਾਸਾ ਹੈ, ਜਿਥੇ ਆਪਣੀ ਹਉਂ ਨਾਸ਼ ਹੋ ਕੇ ਪ੍ਰਭੂ ਦਾ ਰੂਪ ਬਣ ਜਾਂਦੈ, ਉਹ ਅਵਸਥਾ ਸਾਨੂੰ ਪ੍ਰਾਪਤ ਨਾ ਹੋਈ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥* *ਅੰਗ- ੧੭੬*

ਹੁਣ ਸਾਡੀ ਵਾਰੀ ਆਈ ਹੈ ਇਸ ਗੱਲ ਨੂੰ ਸਮਝਣ ਦੀ। ਇਹਦੇ ਸਮਝਣ ਦਾ ਜਿਹੜਾ ਚਾਟਸਾਲ ਹੈ, ਸਕੂਲ ਹੈ ਉਹ ਹੈ ਸਤਿਸੰਗ। ਸਤਿਸੰਗ ਉਸ ਨੂੰ ਕਹਿੰਦੇ ਨੇ ਜਿਥੇ ਸਤਿ ਦੀ ਵਿਚਾਰ ਹੋਵੇ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥* *ਅੰਗ- ੭੨*

ਜਿਥੇ ਸਤਿ ਦੀ ਬਾਤ ਨਹੀਂ ਹੋ ਰਹੀ, ਉਹ ਸਤਿਸੰਗ ਨਹੀਂ, ਮਨੁੱਖਾਂ ਦਾ ਇਕੱਠ ਹੈ। ਸਤਿਸੰਗ ਦੇ ਵਿਚ ਜਾ ਕੇ ਇਸ ਗੱਲ ਦੀ ਸੋਝੀ ਪੈਣੀ ਹੈ ਕਿ ਮੈਂ ਕੌਣ ਹਾਂ? ਸਾਨੂੰ ਤਾਂ ਇਹ ਹੀ ਨਹੀਂ ਪਤਾ ਕਿ ਅਸੀਂ ਕੌਣ ਹਾਂ।

ਜਦੋਂ ਮੈਂ ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਨੂੰ ਮਿਲਿਆ ਪਹਿਲੀ ਵਾਰ, ਛੋਟਾ ਜਿਹਾ ਸੀ, ਪੜ੍ਹ ਕੇ ਹਟਿਆ ਸੀ। ਮਹਾਰਾਜ ਜੀ ਦੇ ਕੋਲ ਗਿਆ ਤਾਂ ਮੈਨੂੰ ਕਹਿੰਦੇ, ਤੂੰ ਕੌਣ ਹੈਂ? 17 ਸਾਲ ਦਾ ਉਸ ਵੇਲੇ ਸਰੀਰ। ਸਵਾਲ ਸਿੱਧਾ ਹੀ ਸੀ, ਮੈਂ ਚੁੱਪ ਕਰ ਗਿਆ। ਇਕ ਮਿੰਟ ਤੋਂ ਬਾਅਦ ਮਹਾਰਾਜ ਜੀ ਕਹਿਣ ਲੱਗੇ ਕਿ ਤੂੰ ਦੱਸਿਆ ਨਾ? ਜਿੰਨੀ ਸੰਗਤ ਬੈਠੀ ਸੀ ਉਹ ਸਾਰੀ ਹੱਸ ਪਈ। ਉਹ ਕਹਿਣ ਲੱਗੇ, ਤੂੰ ਦੱਸ ਦੇ ਤੂੰ ਕੌਣ ਹੈਂ? ਮਹਾਰਾਜ ਕਹਿਣ ਲੱਗੇ ਸੰਗਤ ਨੂੰ, ਖਾਮੋਸ਼। ਮੈਂ ਕਿਹਾ, ਦੱਸਦਾਂ ਮਹਾਰਾਜ। ਦੋ ਮਿੰਟ ਲੰਘ ਗਏ, ਮੈਂ ਖੜ੍ਹਾ ਰਿਹਾ ਹੱਥ ਬੰਨ੍ਹੀਂ, ਜਦੋਂ ਤਿੰਨ

ਮਿੰਟ ਲੰਘ ਗਏ, ਮਹਾਰਾਜ ਕਹਿੰਦੇ, ਦਸ ਬਈ, ਦਸਿਆ ਹੀ ਨਹੀਂ ਤੂੰ ਤਾਂ ਕਿੰਨਾ ਸਮਾਂ ਹੋ ਗਿਆ। ਸਾਰੀ ਸੰਗਤ ਫੇਰ ਬੋਲ ਪਈ, ਕਹਿੰਦੇ, ਕਾਕਾ! ਤੈਨੂੰ ਇਸ ਤਰ੍ਹਾਂ ਪੁਛਦੇ ਹਾਂ ਕਿ ਤੂੰ ਕੌਣ ਹੈਂ? ਦਸ ਨਹੀਂ ਸਕਦਾ? ਮੈਂ ਕਿਹਾ, ਮੈਨੂੰ ਦੱਸਣਾ ਨਹੀਂ ਆਉਂਦਾ। ਮਹਾਰਾਜ ਕਹਿੰਦੇ, ਦੱਸ ਕਿਵੇਂ ਨਹੀਂ ਦੱਸਣਾ ਆਉਂਦਾ, ਮੈਂ ਕਿਹਾ, ਮਹਾਰਾਜ! ਪਹਿਲਾਂ ਮੈਂ ਕਿਹਾ ਕਿ ਮੈਂ ਵਰਿਆਮ ਸਿੰਘ ਹਾਂ। ਇਹ ਮੇਰੇ ਸਰੀਰ ਦਾ ਨਾਉਂ ਹੈ, ਮੇਰੇ ਮਾਂ-ਬਾਪ ਨੇ ਰੱਖਿਆ ਹੈ। ਦੂਸਰਾ ਮੈਨੂੰ ਖਿਆਲ ਆਇਆ ਕਿ ਹਨ੍ਹੇਰਾ ਨਹੀਂ ਹੈਗਾ, ਦੇਖ ਲਿਆ ਕਿ ਇਹ ਮੁੰਡਾ ਹੈ। ਤੀਸਰਾ ਮੈਂ ਪੰਗਤ ਵਿਚ ਬੈਠਾ ਹੋਵਾਂ, ਮੇਰੀ ਕੋਈ ਜਾਤ ਪਾਤ ਉਹਨਾਂ ਦਿਨਾਂ 'ਚ ਹੁੰਦੀ? ਮੈਂ ਕਿਹਾ, ਇਹ ਤਿੰਨੇ ਚਾਰੋਂ ਗੱਲਾਂ ਨੇ। ਮੈਂ ਤੁਹਾਡੇ ਸਾਮ੍ਹਣੇ ਹਾਂ, ਤੁਸੀਂ ਪੁੱਛ ਲਿਆ ਮੈਨੂੰ ਤੂੰ ਕੌਣ ਹੈਂ? ਮੈਂ ਕਿਹਾ, ਫੇਰ ਮੇਰੇ ਮਨ ਵਿਚ ਆਇਆ ਕਿ ਮੈਂ ਪਿਛਲੇ ਜਨਮ ਵਾਲਾ ਨਾਮ ਦਸ ਦੇਵਾਂ ਇਹਨਾਂ ਨੂੰ ਫੇਰ ਮੇਰੇ ਅੰਦਰ ਚਲ ਪਿਆ ਕਿ ਉਸ ਤੋਂ ਪਹਿਲਾਂ, ਫੇਰ ਉਸ ਤੋਂ ਪਹਿਲਾਂ, ਇਸ ਤਰ੍ਹਾਂ ਕਰਦੇ-ਕਰਦੇ ਮੈਂ ਅਖੀਰ 'ਤੇ ਓਥੇ ਪਹੁੰਚ ਗਿਆ। ਜਿਸ ਦਿਨ ਪਹਿਲੇ ਦਿਨ ਸ੍ਰਿਸ਼ਟੀ ਸਾਜੀ ਹੈ। ਕਹਿੰਦੇ, ਫੇਰ? ਮੈਂ ਕਿਹਾ, ਮੈਂ ਹੈ ਨਹੀਂ ਸੀਗਾ, ਮੈਨੂੰ ਬਣਾਇਆ ਗਿਆ, ਮੈਂ ਉਹ ਹਾਂ ਜਿਹੜਾ ਕੁਝ ਮੈਨੂੰ ਬਣਾਇਆ ਗਿਆ। ਮਹਾਰਾਜ ਕਹਿੰਦੇ, ਬਹਿ ਜਾਓ, 45 ਮਿੰਟ ਨਾ ਮਹਾਰਾਜ ਨੇ ਨੇਤਰ ਖੋਲ੍ਹੇ। ਸੰਗਤ ਨੂੰ ਕਹਿਣ ਲੱਗੇ, ਤੁਸੀਂ ਮੁੰਡੇ 'ਤੇ ਹਸਦੇ ਸੀ, ਗੱਲ ਤੁਹਾਡੇ ਸਮਝ ਵਿਚ ਪਈ, ਕਹਿੰਦੇ ਜੀ, ਨਾ ਸਾਨੂੰ ਪਤਾ ਲੱਗਿਆ। ਮਹਾਰਾਜ ਮੈਨੂੰ ਕਹਿਣ ਲੱਗੇ ਕਿ ਇਹਦਾ ਨਾਉਂ ਤਾਂ ਕੋਈ ਨਹੀਂ ਹੈਗਾ ਪਰ ਜਿਥੇ ਹੋਂਦ ਕਾਇਮ ਹੋ ਗਈ, ਇਹਨੂੰ ਜੀਵ ਆਤਮਾ ਕਹਿਣ ਲੱਗ ਜਾਂਦੇ ਨੇ। ਆਤਮਾ ਦੇ ਵਿਚੋਂ ਜੀਵ ਆਤਮਾ ਇਕ ਹੋਂਦ ਸਾਡੇ ਅੰਦਰ ਜਿਹੜੀ ਚੇਤਨਤਾ ਆਉਂਦੀ ਹੈ, ਸਰੀਰ ਦੇ ਅੰਦਰ। ਚਾਹੇ ਉਹ ਸਥੂਲ ਸਰੀਰ ਹੈ, ਚਾਹੇ ਸੂਖਸ਼ਮ ਹੈ, ਚਾਹੇ ਕਾਰਨ ਹੈ। ਤਿੰਨਾਂ ਦੇ ਵਿਚ ਹਉਮੈਂ ਹੁੰਦੀ ਹੈ। ਇਹ ਜਿਹੜਾ ਮੈਂ ਭਾਵ ਜਾਗਦਾ ਹੈ ਕਿ ਮੈਂ ਹਾਂ, ਇਥੇ ਅਸੀਂ ਵਾਹਿਗੁਰੂ ਨਾਲੋਂ ਅੱਡ ਹੋ ਗਏ। ਹੁਣ ਇਲਾਜ ਕੀ ਹੈ, ਇਹ ਮੈਂ ਭਾਵ ਕਿਸੇ ਤਰੀਕੇ ਨਾਲ ਟੁੱਟ ਜਾਵੇ, ਜਿੰਨੀ ਦੇਰ ਤੱਕ ਇਹ ਟੁੱਟਦਾ ਨਹੀਂ ਹੈ, ਸਾਡਾ ਛੁਟਕਾਰਾ ਨਹੀਂ ਹੋ ਸਕਦਾ। ਸੋ ਇਹਨੂੰ ਹਉਮੈ ਰੋਗ ਕਹਿੰਦੇ ਨੇ, ਜਿਹੜੀ ਸਾਰੀ ਦੁਨੀਆਂ ਹਉਮੈ ਰੋਗ 'ਚ ਫਸੀ ਹੋਈ ਹੈ। ਇਹਦਾ ਇਕੋ ਹੀ ਇਲਾਜ ਹੈ, ਉਹ ਹੈ ਪਰਮੇਸ਼ਰ ਦਾ ਨਾਮ। ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਬੜੇ ਵਿਸਥਾਰ ਦੀ ਗੱਲ ਦਸੀ।

ਸੋ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਪੁੱਛਿਆ, ਵੈਦ ਜੀ! ਇਹਦੇ ਅੰਦਰ ਕਿੰਨੀਆਂ ਮਾੜੀਆਂ ਚੀਜ਼ਾਂ ਪਈਆਂ ਨੇ। ਕਿੰਨੇ ਮਾੜੇ ਜਜ਼ਬੇ ਪਏ ਨੇ ਸਰੀਰ ਦੇ ਅੰਦਰ, ਜਿਹੜੇ ਸਰੀਰ ਨੂੰ ਨਿਢਾਲ ਕਰਦੇ ਨੇ। ਕਾਮ ਹੈ, ਕ੍ਰੋਧ ਹੈ, ਲੋਭ ਹੈ, ਮੋਹ ਹੈ, ਅਹੰਕਾਰ ਹੈ, ਈਰਖਾ ਹੈ, ਨਿੰਦਿਆ ਹੈ, ਚੁਗਲੀ ਹੈ; ਬੇਅੰਤ ਚੀਜ਼ਾਂ ਨੇ। ਇਹਨਾਂ ਦਾ ਅਸਰ ਕੀ ਹੁੰਦਾ ਹੈ?

*ਧਾਰਨਾ - ਕਾਇਆ ਨੂੰ ਗਾਲਦੇ,*
*ਕਾਮ ਤੇ ਕ੍ਰੋਧ ਦੋਵੇਂ।*

ਕਿੱਡੀ ਮਾੜੀ ਚੀਜ਼ ਹੈ, ਸਾਰਾ ਸਰੀਰ ਰੋਗੀ ਹੋ ਜਾਂਦਾ ਹੈ। ਸੋ ਮਹਾਰਾਜ ਕਹਿਣ ਲੱਗੇ, ਇਸ ਤੋਂ ਵੀ ਭਿਆਨਕ ਇਹਦੇ ਵਿਚ ਨਿੰਦਿਆ ਹੈ। ਨਿੰਦਿਆ ਕੀ ਕੰਮ ਕਰਦੀ ਹੈ, ਕਿੰਨਾ ਹੀ ਦਾਨ ਕਰ ਲਓ, ਕਿੰਨਾ ਹੀ ਪੁੰਨ ਕਰ ਲਓ, ਖੂਹ ਲਵਾ ਲਓ, ਗੁਰਦੁਆਰਾ ਬਣਾ ਲਓ, ਹੋਰ ਜੋ ਕੁਛ ਕਰਨਾ ਹੈ ਕਰ ਲਓ। ਭੂਮੀ ਦਾਨ ਕਰ ਲਓ, ਪੈਸਾ ਦਾਨ ਕਰ ਲਓ, ਸੋਨਾ ਦਾਨ ਕਰ ਲਓ ਪਰ ਜੇ ਨਿੰਦਿਆ ਕਰ ਦਿਓ -

*ਕਰੈ ਨਿੰਦ ਸਭ ਬਿਰਥਾ ਜਾਵੈ ॥ ਅੰਗ- ੮੭੫*

ਐਸੀ ਭਿਆਨਕ ਬਿਮਾਰੀ ਹੈ ਮਹਾਰਾਜ ਕਹਿੰਦੇ-

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*
*ਅੰਗ- ੭੫੫*

ਇਹ ਬਾਣੀ ਨੂੰ ਕੌਣ ਬਦਲ ਦਏਗਾ। ਕੁੰਭੀ ਨਰਕ ਦੇ ਵਿਚ ਵਾਸਾ ਕਰਾ ਦਿੰਦੀ ਹੈ। ਬੇਮਤਲਬੀ ਗੱਲ। ਐਵੇਂ ਹੀ ਕਿਸੇ ਦੀ ਗੱਲ ਨਹੀਂ। ਇਕ ਮਿਸਾਲ ਦੇ ਨਾਲ ਮਹਾਂਪੁਰਸ਼ ਗੱਲ ਸਮਝਾਇਆ ਕਰਦੇ ਨੇ ਕਿ ਇਕ ਰਾਜਾ ਸੀ ਅਜ ਰਾਜਾ, ਸ੍ਰੀ ਰਾਮ ਚੰਦਰ ਜੀ ਤੋਂ ਤਿੰਨ ਕੁ ਪੁਸ਼ਤਾਂ ਪਹਿਲਾਂ ਹੋਇਆ ਹੈ ਉਹ ਰਾਜਾ। ਉਹ ਦਾਨ ਕਰਿਆ ਕਰਦਾ ਸੀ 10 ਵਜੇ ਤੱਕ। ਇਕ ਦਿਨ ਇਕ ਮਹਾਤਮਾ ਆਏ, ਉਹ 10 ਵਜੇ ਤੋਂ ਬਾਅਦ ਆਏ। ਉਸ ਤੋਂ ਬਾਅਦ ਉਹ ਡਿਊਟੀ ਦਿੰਦਾ ਸੀ। ਤਬੇਲੇ ਵਿਚ ਗਿਆ ਹੋਇਆ ਹੈ। ਉਥੇ ਘੋੜੇ ਦੇਖ ਰਿਹਾ ਸੀ, ਹਦਾਇਤਾਂ ਦੇ ਰਿਹੈ ਸੈਨਾਪਤੀ ਨੂੰ ਕਿ ਆਹ ਘੋੜੇ ਕਮਜ਼ੋਰ ਨੇ, ਆਹ ਬਦਲ ਦਿਓ, ਇਹਨਾਂ ਦੀ ਥਾਂ ਨਵੇਂ ਲੈ ਆਓ। ਸੰਤ ਉਥੇ ਹੀ ਚਲੇ ਗਏ, ਜਾ ਕੇ ਉਹਨਾਂ ਨੇ ਸਤਿ ਕਰਤਾਰ ਦਾ ਅਵਾਜ਼ਾ ਦਿਤਾ। ਇਹਨੂੰ ਕ੍ਰੋਧ ਆ ਗਿਆ, ਇਹਨੇ ਕਿਹਾ ਹੈਂ 10 ਵਜ ਚੁੱਕੇ ਨੇ, ਮੈਂ ਕੰਮ 'ਤੇ ਹਾਂ ਤੇ ਇਹਨੂੰ ਐਨਾ ਨਹੀਂ ਪਤਾ ਕਿ ਹੁਣ ਇਹਦੇ ਕੋਲ ਤਾਂ ਕੁਝ ਨਹੀਂ। ਰਾਜੇ ਕਿਹੜਾ ਪੈਸੇ ਜੇਬਾਂ ਵਿਚ ਪਾ ਕੇ ਰਖਦੇ ਨੇ ਜਾਂ ਚੈੱਕ ਰਖਦੇ ਨੇ। ਉਹਨਾਂ ਦੇ ਸੈਕਟਰੀਆਂ ਦੇ ਕੋਲ ਹੁੰਦੇ ਨੇ। ਉਹਨੇ ਕਿਹਾ ਸੰਤ ਜੀ! ਇਸ ਵੇਲੇ ਤਾਂ ਮੇਰੇ ਕੋਲ ਦੇਣ ਨੂੰ

ਕੋਈ ਚੀਜ਼ ਨਹੀਂ। ਕਹਿੰਦੀ ਜਿਹੜਾ ਕੁਝ ਦੇਣਾ ਹੈ ਦੇ-ਦੇ। ਉਹੀ ਫਲ ਜਾਣੈ। ਉਹਨੇ ਲਿੱਦ ਚੁੱਕੀ, ਪਾ ਦਿਤੀ ਉਹਨਾਂ ਦੀ ਚਿੱਪੀ 'ਚ। ਉਹਨੇ ਬਚਨ ਕਰ ਦਿਤਾ ਕਿ ਤੇਰਾ ਦਾਨ ਵਧੇ। ਸਮਾਂ ਪਾ ਕੇ ਇਕ ਦਿਨ ਜੰਗਲ ਵਿਚ ਜਾਂਦਾ ਹੈ। ਜਦੋਂ ਸੰਤਾਂ ਦੀ ਕੁਟੀਆ ਕੋਲੋਂ ਲੰਘਿਆ। ਉਸ ਵੇਲੇ ਕੀ ਦੇਖਦਾ ਹੈ, ਢੇਰ ਲੱਗਿਆ ਪਿਆ ਹੈ ਲਿੱਦ ਦਾ? ਕਹਿਣ ਲੱਗਿਆ, ਘੋੜਾ ਕੋਈ ਨਜ਼ਰ ਨਹੀਂ ਆਉਂਦਾ। ਅਗਾੜੀਆਂ ਪਿਛਾੜੀਆਂ ਕਿਤੇ ਨਜ਼ਰ ਨਹੀਂ ਆਉਂਦੀਆਂ, ਖੁਰਲੀਆਂ ਕਿਤੇ ਨਜ਼ਰ ਨਹੀਂ ਆਉਂਦੀਆਂ। ਐਡਾ ਢੇਰ ਕੀਹਨੇ ਲਾ ਦਿਤਾ ਇਥੇ? ਜਾ ਕੇ ਨਮਸ਼ਕਾਰ ਕਰੀ। ਮਹਾਂਪੁਰਸ਼ਾਂ ਨੇ ਕਿਹਾ, ਬੈਠੋ। ਕਹਿੰਦਾ, ਮਹਾਰਾਜ! ਇਕ ਸ਼ੰਕਾ ਮਨ ਵਿਚ ਪੈ ਗਿਆ। ਕਹਿੰਦੇ, ਕੀ? ਕਹਿੰਦਾ, ਘੋੜਾ ਤਾਂ ਤੁਹਾਡੇ ਇਥੇ ਕੋਈ ਨਜ਼ਰ ਨਹੀਂ ਆ ਰਿਹਾ। ਲਿੱਦ ਦਾ ਢੇਰ ਕਿਵੇਂ ਲਗੱ ਗਿਆ?

ਕਹਿੰਦੇ, ਰਾਜਨ! ਤੇਰੇ ਯਾਦ ਹੈ ਕਿ ਇਕ ਦਿਨ ਮੈਂ ਤੇਰੇ ਗਿਆ ਸੀ। ਤੂੰ ਮੇਰੀ ਚਿੱਪੀ ਵਿਚ ਲਿੱਦ ਪਾਈ ਸੀ। ਮੈਂ ਕਿਹਾ ਸੀ ਤੇਰਾ ਦਾਨ ਵਧੇ। ਕਹਿੰਦਾ, ਮਹਾਰਾਜ! ਇਹ ਕਿਵੇਂ ਹਟੇਗਾ। ਇਹ ਕਹਿੰਦੇ, ਦਾਨ ਦਿਤਾ ਹੈ ਤੂੰ। ਇਹ ਤੈਨੂੰ ਖਾਣਾ ਪੈਣਾ ਹੈ। ਚਾਹੇ ਸੂਰ ਹੋ ਕੇ ਖਾਈਂ ਚਾਹੇ ਕਿਵੇਂ ਖਾਈਂ। ਖਾਣਾ ਪਵੇਗਾ। ਉਸ ਵੇਲੇ ਰਾਜੇ ਨੂੰ ਬਹੁਤ ਅਫਸੋਸ ਹੋਇਆ ਕਿ ਮੈਂ ਲਾਪਰਵਾਹੀ ਦੇ ਨਾਲ ਕਿੰਨੀ ਗਲਤੀ ਕਰ ਦਿਤੀ। ਫੇਰ ਪੁੱਛਿਆ, ਕਹਿੰਦਾ, ਮਹਾਰਾਜ! ਕੋਈ ਉਪਾਅ ਦਸੋ? ਉਹ ਕਹਿੰਦਾ, ਉਪਾਅ ਤਾਂ ਇੱਕੋ ਹੀ ਹੈ ਜੇ ਤੂੰ ਆਪਣੀ ਨਿੰਦਿਆ ਕਰਾ ਲਵੇਂ, ਅਰ ਸਾਰੇ ਲੋਕ ਤੇਰੀ ਨਿੰਦਿਆ ਕਰਦੇ ਨੇ। ਇਸ ਤੋਂ ਬਚ ਜਾਏਂਗਾ। ਉਸ ਵੇਲੇ ਵਿਉਂਤ ਕੱਢੀ। ਦੂਜੇ ਦਿਨ ਸ਼ਹਿਰ 'ਚ, ਨਾਲ ਲੜਕੀ ਲਈ, ਨਾਲ ਸ਼ਰਾਬ ਦੀ ਬੋਤਲ ਹੱਥ ਵਿਚ ਲਈ। ਬੱਘੀ 'ਤੇ ਬੈਠਾ, ਕੇਸ ਖੁਲ੍ਹੇ ਨੇ, ਹਾਥ-ਹੂਥ ਕਰਦਾ ਜਾਂਦਾ ਹੈ, ਦੁਨੀਆਂ ਦੇਖਦੀ ਹੈ ਸਾਰੀ ਕਿ ਰਾਜੇ ਦੀ ਮੱਤ ਮਾਰੀ ਗਈ। ਸਾਰੀ ਰਾਤ ਨਿੰਦਿਆ ਹੋਈ ਗਈ, ਕੋਈ ਬੰਦਾ ਨਾ ਬਚਿਆ ਸ਼ਹਿਰ 'ਚੋਂ। ਸਵੇਰੇ ਹੀ ਉਥੇ ਗਿਆ ਤਾਂ ਬਸ ਓਨੀ ਕੁ ਪਈ ਸੀ, ਜਿੰਨੀ ਇਸ ਨੇ ਸੰਤਾਂ ਨੂੰ ਦਿਤੀ ਸੀ। ਕਹਿੰਦਾ, ਮਹਾਰਾਜ! ਐਨੀ ਕੁ ਬਚ ਗਈ। ਕਹਿੰਦੇ, ਮਹਾਰਾਜ! ਇਹ ਵੀ ਖਿਲਾ ਦੇ। ਨਹੀਂ ਤਾਂ ਤੈਨੂੰ ਖਾਣੀ ਪੈਣੀ ਹੈ ਇਹ। ਵਧ ਜਾਣੀ ਹੈ ਫੇਰ ਮੁੜ ਕੇ। ਕਹਿੰਦਾ, ਮਹਾਰਾਜ! ਮੈਂ ਕਿਵੇਂ ਕਰਾਂ? ਕ੍ਰਿਪਾ ਕਰਕੇ ਮੈਨੂੰ ਦੱਸੋ। ਕਹਿਣ ਲੱਗੇ, ਇਕ ਲੁਹਾਰ ਹੈ, ਉਹਦੀ ਜਿਹੜੀ ਅਵਸਥਾ ਹੈ, ਉਹ ਬ੍ਰਹਮਗਿਆਨ ਦੀ ਅਵਸਥਾ ਹੈ, ਤੱਤ ਬੇਤੇ ਮਹਾਂਪੁਰਸ਼ ਨੇ ਲੁਕੇ ਹੋਏ। ਜੇ ਉਹ ਤੇਰੀ ਨਿੰਦਿਆ ਕਰ ਦੇਵੇ ਫੇਰ ਇਹ ਖਤਮ ਹੋ ਜਾਏਗੀ। ਉਸ ਵੇਲੇ ਆਇਆ, ਆ ਕੇ ਜ਼ਿਮੀਦਾਰ ਦਾ, ਕਿਸਾਨ ਦਾ ਭੇਖ ਧਾਰਿਆ, ਮੰਡਾਸਾ ਬੰਨ੍ਹਿਆ, ਦਾਤੀਆਂ ਲਈਆਂ, ਬੋਰੀ 'ਚ ਪਾ ਲਈਆਂ, ਜਾ ਕੇ ਉਥੇ ਕਹਿਣ ਲੱਗਿਆ ਕਿ ਮਿਸਤਰੀ ਜੀ! ਮੇਰੀਆਂ ਦਾਤੀਆਂ ਦੇ ਦੰਦੇ ਕੱਢ ਦਿਓ, ਕਣਕ ਵੱਢਣ ਵਾਲੀ ਆ ਰਹੀ ਹੈ। ਉਹ ਕਹਿੰਦਾ, ਦੇਹ ਭਾਈ! ਦਾਤੀਆਂ ਦੇ ਦਿਤੀਆਂ, ਬਹਿ ਗਿਆ, ਇਕ ਦਾਤੀ ਦੇ ਦੰਦੇ ਜਦੋਂ ਉਹਨੇ ਕੱਢ ਦਿਤੇ। ਕਹਿਣ ਲੱਗਿਆ, ਮਿਸਤਰੀ ਜੀ! ਤੁਸੀਂ ਤਾਂ ਬੋਲਦੇ-ਚਾਲਦੇ ਨੀਂ, ਆਪਣਾ ਸਮਾਂ ਕਿਵੇਂ ਪਾਸ ਹੋਏਗਾ। ਕਹਿੰਦੇ, ਤੂੰ ਹੀ ਬੋਲ ਪੈ। ਕਹਿੰਦਾ, ਕੱਲ੍ਹ ਪਤੈ ਕੀ ਹੋਇਆ ਆਪਣੇ ਸ਼ਹਿਰ 'ਚ। ਰਾਜੇ ਨੇ ਕੀ ਕਰਿਆ? ਉਹ ਵਿਚਾਰੇ ਨੇ ਟਕੋਰਾ ਬੰਦ ਕਰ ਦਿਤਾ। ਇਹਦੇ ਵਲ ਦੇਖਣ ਲੱਗ ਗਿਆ। ਕਹਿੰਦਾ, ਅਗਾਂਹਾਂ ਨਾ ਗੱਲ ਕਰੀਂ। ਇਹ ਕਹਿੰਦਾ, ਕੀ ਗੱਲ ਮਹਾਰਾਜ? ਕਹਿੰਦਾ, ਆਹ ਚੁੱਕ ਦਾਤੀਆਂ ਆਪਣੀ ਲਿੱਦ ਤੂੰ ਆਪ ਖਾਹ, ਮੈਂ ਨਹੀਂ ਖਾਣੀ।

ਸੰਤਾਂ ਦੇ ਕੋਲ ਚਲਿਆ ਗਿਆ, ਕਹਿਣ ਲੱਗਿਆ, ਮਹਾਰਾਜ! ਉਹ ਤਾਂ ਕਰਦਾ ਨਹੀਂ ਨਿੰਦਿਆ। ਕਹਿੰਦੇ, ਫੇਰ ਤੂੰ ਖਾਹ। ਕਹਿੰਦਾ, ਕਿਵੇਂ ਖਾਵਾਂ? ਕਹਿੰਦੇ, ਭਿਖਾਰੀ ਬਣ ਕੇ ਮੇਰੇ ਤੋਂ ਭੀਖ ਮੰਗ। ਲਿੱਦ ਦੀ ਭੀਖ ਮੰਗ, ਉਸੇ ਵੇਲੇ ਮੰਗਤਾ ਬਣ ਕੇ ਝੋਲੀ ਅੱਡ ਕੇ ਕਹਿਣ ਲੱਗਿਆ, ਮਹਾਰਾਜ! ਮੇਰੀ ਝੋਲੀ ਵਿਚ ਲਿੱਦ ਦੀ ਭਿਖਿਆ ਦੇ ਦਿਓ। ਕਹਿੰਦਾ, ਮਹਾਰਾਜ! ਹੁਣ ਕੀ ਕਰਾਂ? ਮੈਂ ਖਾਵਾਂਗਾ ਕਿਵੇਂ ਲਿੱਦ। ਕਹਿੰਦੇ, ਇਹਦੀ ਤੈਨੂੰ ਵਿਧੀ ਦਸ ਦਿੰਦੇ ਹਾਂ, ਇਹਨੂੰ ਜਾਲ ਲਈ, ਕੱਪੜ ਛਾਣ ਕਰ ਲਈਂ, ਫੇਰ ਜਾਲ ਲਈਂ ਫੇਰ ਕੱਪੜ ਛਾਣ ਕਰ ਲਈਂ। ਰਗੜ ਲਈਂ, ਪਾਊਡਰ ਬਣਾ ਲਈਂ। ਇਹਦੇ ਵਿਚ ਤੂੰ ਚੂਰਣ ਰਲਾ ਲੈ। ਚੂਰਣ ਰਲਾ ਕੇ ਜਿੰਨਾਂ ਕੁ ਦੋ ਗੋਲੀ-ਚਾਰ ਗੋਲੀ ਜਿੰਨਾਂ ਕੁ ਖਾ ਸਕਦੈਂ, ਰੋਜ਼ ਖਾਈਂ। ਮਹਾਰਾਜ ਕਹਿੰਦੇ –

*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥* *ਅੰਗ- ੯੫੩*

ਨਿੰਦਿਆ ਕਰਨ ਦਾ ਜਿਹੜਾ ਹੈ, ਬਾਕੀ ਤਾਂ ਖਾ ਲਿਆ ਸੀ ਲੋਕਾਂ ਨੇ। ਸਾਨੂੰ ਪਤਾ ਵੀ ਨਹੀਂ ਲੱਗਿਆ। ਸੋ ਮਹਾਰਾਜ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

*ਧਾਰਨਾ – ਨਿੰਦਾ ਭਲੀ ਕਿਸੇ ਦੀ ਨਾਹੀਂ,*
*ਮਨਮੁਖ ਲੋਕੀ ਕਰਦੇ ਨੇ।*

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*
*ਅੰਗ- ੭੫੫*

ਸ੍ਰੀ ਗੁਰੂ ਨਾਨਕ ਸਾਹਿਬ ਜੀ ਕਹਿਣ ਲੱਗੇ,

ਕਿਉਂ ਵੈਦ ਜੀ! ਜੇ ਕਿਸੇ ਨੂੰ ਬੁਖਾਰ ਚੜ੍ਹ ਗਿਆ, ਆਹ ਗੱਲਾਂ ਤਾਂ ਨਹੀਂ ਨਾ ਹੁੰਦੀਆਂ। ਕਿਸੇ ਨੂੰ ਹੈਜ਼ਾ ਹੋ ਗਿਆ, ਕੋਈ ਹੋਰ ਬਿਮਾਰੀ ਲਗ ਗਈ। ਪਰ ਜਿਹੜੀਆਂ ਅੰਦਰ ਮਨ ਨੂੰ ਬਿਮਾਰੀਆਂ ਲਗਦੀਆਂ ਨੇ ਇਹ ਕਿੰਨੀਆਂ ਤਕਲੀਫਾਂ ਵਿਚ ਆਉਂਦਾ ਹੈ। ਬਾਰ-ਬਾਰ ਜੰਮਦਾ ਹੈ, ਬਾਰ-ਬਾਰ ਮਰਦਾ ਹੈ, ਕਿੰਨੇ ਦੁਖ ਸਰੀਰ ਸਹਾਰਦਾ ਹੈ। ਸੋ ਕਿੰਨੀਆਂ ਬਿਮਾਰੀਆਂ ਨੇ ਆਦਮੀ ਦੇ ਅੰਦਰ। ਨਿੰਦਿਆ ਹੈ, ਈਰਖਾ ਹੈ, ਚੁਗਲੀ ਹੈ, ਵੈਰ ਭਾਵ ਹੈ, ਵਿਰੋਧ ਹੈ, ਗੁੱਸਾ ਹੈ, ਕਾਮ ਹੈ, ਕ੍ਰੋਧ ਹੈ, ਲੋਭ ਹੈ, ਮੋਹ ਹੈ, ਅਹੰਕਾਰ ਹੈ, ਆਸਾ, ਤ੍ਰਿਸਨਾ ਦੀਆਂ ਡੈਣਾਂ ਵੱਢ-ਵੱਢ ਖਾਂਦੀਆਂ ਨੇ। ਇਹਦੇ ਹੁੰਦੇ ਹੋਏ ਫੇਰ ਬੰਦਾ ਰਾਜ਼ੀ ਕਿਵੇਂ ਹੋ ਜਾਏਗਾ। ਦਵਾਈਆਂ ਬਣਾਈ ਜਾਓ, ਦੇਈ ਜਾਓ। ਜੇ ਰੋਗ ਦਾ ਖਾਤਮਾ ਕਰਨਾ ਹੈ ਤਾਂ ਉਹਦਾ ਇਲਾਜ ਹੋਰ ਹੈ। ਉਸ ਵੇਲੇ ਵੈਦ ਚਰਨਾਂ 'ਤੇ ਢਹਿ ਪਿਆ।

ਹੇ ਗੁਰੂ ਨਾਨਕ! ਤੁਸੀਂ ਮੈਨੂੰ ਵੈਦਕ ਦੀ ਸਹੀ ਸੇਧ ਦੇ ਦਿਤੀ। ਇਥੇ ਜਦੋਂ ਮੈਂ ਕਾਲਜ ਦਾ ਨੀਂਹ ਪੱਥਰ ਰੱਖਿਆ। ਮੈਂ ਕਿਹਾ, ਤਿੰਨ ਗੱਲਾਂ ਨੇ ਨੋਟ ਕਰੋ। ਪਹਿਲੀ ਗੱਲ ਤਾਂ ਇਹ ਹੈ ਕਿ ਜਿਸ ਵਕਤ ਕੋਈ ਬਿਮਾਰ ਆਉਂਦੈ, ਉਹਦੇ ਮਨ ਵਿਚ ਇਹ ਹੋਵੇ ਕਿ ਮੈਂ ਰਾਜ਼ੀ ਹੋ ਜਾਣੈ। ਮੈਂ ਗੁਰੂ ਤੋਂ ਦਵਾਈ ਲੈਣ ਲੱਗਿਆ ਹਾਂ। 100% ਵਿਸ਼ਵਾਸ਼ ਹੋਵੇ। ਜੇ 99% ਹੈ, ਫੇਰ ਨਹੀਂ ਹੁੰਦਾ। ਦੂਸਰਾ ਜਿਹੜਾ ਸ਼ਬਦ ਦੇਣ ਵਾਲਾ ਬੰਦਾ ਹੈ ਉਹ ਦਸਦਾ ਹੈ ਕਿ ਤੂੰ ਆਹ ਸ਼ਬਦ ਪੜ੍ਹ ਲੈ ਰਾਜ਼ੀ ਹੋ ਜਾਏਂਗਾ। ਉਹਨੂੰ 100% ਵਿਸ਼ਵਾਸ਼ ਹੋਵੇ ਕਿ ਬਾਣੀ ਦੇ ਵਿਚ ਐਨੀ ਤਾਕਤ ਹੈ ਇਹਨੇ ਰਾਜ਼ੀ ਹੋ ਜਾਣੈ। ਦੋ ਗੱਲਾਂ ਹੋ ਗਈਆਂ। ਤੀਸਰਾ ਇਹ ਕਿ ਇਹਦੇ ਵਿਚ ਐਨੀ ਦ੍ਰਿੜ੍ਹਤਾ ਹੋਵੇ ਕਿ ਜਿਹੜੀ ਰਹਿਤ ਦੱਸੀ ਹੈ ਉਹਦੇ ਮੁਤਾਬਿਕ ਇਹ ਦ੍ਰਿੜ੍ਹਤਾ ਦੇ ਨਾਲ ਕਰੇ। ਤਿੰਨ ਗੱਲਾਂ ਹੋਣ ਰਾਜ਼ੀ ਹੋ ਜਾਂਦੈ, ਚਾਹੇ ਕੈਂਸਰ ਹੋਵੇ।

ਮੈਂ ਪਿਛਲੇ ਦੀਵਾਨ 'ਚ ਦਸਿਆ ਸੀ ਕਿ ਭਾਟੀਆ ਸੀ, ਡਿਪਟੀ ਏਅਰ ਮਾਰਸ਼ਲ ਡਾਕਟਰਾਂ ਨੇ ਕਹਿ ਦਿਤਾ, ਮੂੰਹ ਵਿਚ ਕੈਂਸਰ ਹੋ ਗਿਆ। ਮੈਂ ਕਿਹਾ ਕਿ ਤੂੰ ਆਹ ਸ਼ਬਦ ਦਾ ਪਾਠ ਕਰ ਲੈ। ਪਰ ਇਕ ਨਾਲ ਇਹ ਗੱਲ ਕਰ ਜਿੱਥੇ ਸਿੰਘ ਚਰਨ ਧੋ ਕੇ ਮੱਥਾ ਟੇਕਣ ਜਾਂਦੇ ਨੇ ਉਥੇ ਉਸ ਪਾਣੀ ਦੀਆਂ ਕੁਰਲੀਆਂ ਕਰ ਲਈਂ। ਉਹ ਪਾਠ ਉਸੇ ਤਰ੍ਹਾਂ ਕਰਦਾ ਰਿਹਾ, ਝਾੜੂ ਤਾਂ ਮੈਂ ਉਹਨੂੰ ਕਿਹਾ ਨਾ, ਮੈਂ ਕਿਹਾ ਇਹ ਵੱਡਾ ਆਦਮੀ ਹੈ, ਇਹਨੂੰ ਸੰਗ ਲੱਗਣੀ ਹੈ ਝਾੜੂ ਦਿੰਦੇ ਨੂੰ ਗੁਰਦੁਆਰੇ। ਨਾਲ ਸੀਗਾ ਡਾਇਰੈਕਟਰ ਜਨਰਲ ਪੁਲਿਸ ਚਹਿਲ। ਉਹ ਵੀ ਬਿਮਾਰ ਸੀ, ਉਹਨੇ ਵੀ ਸ਼ਬਦ ਲਿਆ। ਉਥੇ ਜਾ ਕੇ ਕਹਿਣ ਲੱਗਿਆ ਚਹਿਲ ਕਿ ਬਾਬਾ ਜੀ ਨੇ ਤਾਂ ਕਿਹਾ ਕੁਰਲੀਆਂ ਕਰ ਲਓ, ਆਪਾਂ ਕੁਰਲੀਆਂ ਕੀ ਕਰਨੀਆਂ ਨੇ, ਪੀ ਹੀ ਲੈਂਦੇ ਹਾਂ, ਉਂਜਲ ਚੁੱਕ ਕੇ ਪੀ ਲਿਆ। ਚਹਿਲ ਨੇ ਮੈਨੂੰ ਦੱਸਿਆ ਕਿ ਮੈਂ ਤਾਂ ਹੈਰਾਨ ਹੀ ਹੋ ਗਿਆ, ਉਹਨੇ ਕੁਰਲੀਆਂ ਕੀ ਕਰਨੀਆਂ ਸੀ ਜਲ ਪੀ ਹੀ ਲਿਆ। ਕਹਿੰਦਾ, ਬਿਮਾਰੀ ਤਾਂ ਹੁਣ ਹੋ ਗਈ ਭੈੜੀ, ਹੁਣ ਤਾਂ ਪੂਰਾ ਹੀ ਨਿਸ਼ਚਾ ਰੱਖਾਂਗੇ ਤਾਂ ਹਟਣਾ ਹੈ ਇਹਨੇ। ਸੱਤੀਂ ਦਿਨੀਂ ਪ੍ਰਸ਼ਾਦੇ ਲੈ ਕੇ ਆਉਂਦਾ ਸੀ ਲੰਗਰ 'ਚ, ਮੈਂ ਕਿਹਾ ਭਾਟੀਆ! ਕੀ ਹਾਲ ਹੈ ਤੇਰੀ ਬਿਮਾਰੀ ਦਾ। ਮੂੰਹ ਅੱਡ ਤਾ, ਕਹਿੰਦਾ, ਜੀ! ਬਿਲਕੁਲ ਸਾਫ ਹੋ ਗਿਆ, ਕਾਲਾ ਮੂੰਹ। ਮੈਂ ਕਿਹਾ, ਡਾਕਟਰ ਤੇਰੇ ਕੀ ਕਹਿੰਦੇ ਨੇ। ਕਹਿੰਦੇ ਨੇ ਤੇਰੀ ਟਲ ਗਈ ਬਿਮਾਰੀ। ਰਾਜ਼ੀ ਹੋ ਗਿਆ। ਕਿਹੜੀ ਦਵਾਈ ਲਈ ਹੈ? ਮੈਂ ਕਿਹਾ, ਮੈਂ ਦਵਾਈ ਤਾਂ ਕੋਈ ਨਹੀਂ ਲਈ, ਮੈਂ ਤਾਂ ਪ੍ਰਮੇਸ਼ਰ ਦੇ ਨਾਮ ਦੀ ਦਵਾਈ ਲਈ ਹੈ। ਸਵਾ ਮਹੀਨੇ ਬਾਅਦ ਮੈਂ ਕਿਹਾ, ਟੈਸਟ ਕਰਾ ਲਿਆ? ਕਹਿੰਦਾ, ਹਾਂ ਜੀ। ਬਿਲਕੁਲ ਰਾਜ਼ੀ ਹਾਂ।

ਕਨੇਡਾ ਦੇ ਵਿਚ ਇਕ ਤਰਸੇਮ ਸਿੰਘ ਬੈਂਸ ਹੈ। ਉਹ ਸਰੀ ਰਹਿੰਦਾ ਹੈ। ਬਹੁਤ ਰਹਿੰਦੇ ਨੇ ਕਨੇਡਾ ਵਿਚ। ਜਸਬੀਰ ਸਿੰਘ ਵੀ ਰਹਿੰਦਾ ਹੈ। ਉਹ ਇਥੇ ਆਏ ਮੇਰੇ ਕੋਲ ਕਹਿੰਦਾ, ਬਾਬਾ ਜੀ! ਮੇਰਾ ਓਪਰੇਸ਼ਨ ਹੋਣਾ ਹੈ, ਮੈਨੂੰ ਬੜੀ ਭੈੜੀ ਬਿਮਾਰੀ ਲੱਗੀ ਹੋਈ ਹੈ। ਮੈਂ ਸ਼ਬਦ ਦੇ ਦਿਤਾ। ਮੈਂ ਕਿਹਾ, ਨਿਸ਼ਚੇ ਨਾਲ ਕਰ ਲਏਂਗਾ? ਕਹਿਦਾ, ਕਰ ਲਵਾਂਗਾ। ਉਹ ਕਰਦਾ ਰਿਹਾ। ਉਥੇ ਉਹਦਾ ਓਪਰੇਸ਼ਨ ਹੋ ਗਿਆ, ਉਦੋਂ ਮੈਂ ਉਥੇ ਹੀ ਸੀਗਾ। ਟੈਲੀਫੋਨ ਆਇਆ ਕਿ ਅੱਜ ਮੇਰਾ ਓਪਰੇਸ਼ਨ ਹੋਣੈ। ਉਹ Urine bladder ਦੇ ਵਿਚ ਸੀਗਾ। ਉਹ ਡਾਕਟਰਾਂ ਨੇ ਕੱਟ ਕੇ ਅਗਾਂਹਾਂ ਪਾ ਦਿਤਾ। ਜਦੋਂ ਟੈਸਟ ਵਾਸਤੇ ਮਾਸ ਦਾ ਟੁਕੜਾ ਗਿਆ, ਉਥੇ ਟੈਸਟ ਕਰਨ ਵਾਸਤੇ ਡਾਕਟਰ ਨੇ ਰਿਪੋਰਟ ਦੇ ਦਿਤੀ ਕਿ ਕੈਂਸਰ ਤਾਂ ਹੈ ਹੀ ਨਹੀਂ ਇਹਦੇ ਵਿਚ। ਤੁਸੀਂ ਕਿਉਂ ਓਪਰੇਸ਼ਨ ਕਰਿਆ। ਉਹ ਰਾਜ਼ੀ ਹੋ ਗਿਆ। ਕੇਸ ਚੱਲ ਪਿਆ ਸਰੀ ਮੈਡੀਕਲ ਡਿਪਾਰਟਮੈਂਟ 'ਚ। ਹੁਣ ਉਪਰਲੇ ਡਾਕਟਰ ਕਹਿਣ ਕਿ ਹੈ ਨਹੀਂ। ਦੂਜੇ ਡਾਕਟਰ ਕਹਿਣ ਕਿ ਸਾਡੇ ਆਹ ਟੈਸਟ ਦੇਖ ਲਓ। ਬਈ ਕੋਈ ਗੱਲ ਹੋਈ ਹੈ ਇਹਦੇ ਵਿਚ। ਮੈਨੂੰ ਟੈਲੀਫੋਨ ਤੇ ਮਿਲਿਆ। ਮੈਂ ਕਿਹਾ, ਕੀ ਹਾਲ ਹੈ ਤਰਸੇਮ? ਕਹਿੰਦਾ, ਬਾਬਾ ਜੀ! ਮੇਰੇ ਮਿੱਤਰ, ਦੋਸਤ ਮੈਨੂੰ ਕਹਿੰਦੇ ਨੇ ਕਿ ਤੂੰ ਇਹਨਾਂ 'ਤੇ ਕੇਸ ਕਰ ਦੇ। 30 ਲੱਖ ਡਾਲਰ ਦਾ ਕਿ ਇਹਨਾਂ ਨੇ ਖਾਹਮਖਾਹ, ਮੇਰਾ ਓਪਰੇਸ਼ਨ ਕਰਿਆ ਹੈ। ਮੈਂ ਕਿਹਾ, ਕਰੀਂ ਨਾ, ਲਾਲਚ ਵਿਚ ਨਾ ਆ ਜਾਈਂ। ਇਹ ਤੈਨੂੰ ਗੁਰੂ ਦੇ ਸ਼ਬਦ ਨੇ ਰਾਜ਼ੀ ਕਰਿਆ ਹੈ। ਤੂੰ ਦਸ ਦੇ ਇਹਨਾਂ ਡਾਕਟਰਾਂ ਨੂੰ। ਅਮਰੀਕਨ

ਡਾਕਟਰ ਇਹ ਵੀ ਜਾਣਦੇ ਨੇ ਕਿ ਹਾਂ ਇਸ ਤਰ੍ਹਾਂ ਹੋ ਜਾਇਆ ਕਰਦੈ।

ਸੋ ਮਹਾਰਾਜ ਕਹਿੰਦੇ ਨੇ ਕਿ ਪਿਆਰਿਓ! ਜੇ ਤੁਸੀਂ ਰਾਜ਼ੀ ਹੋਣਾ ਹੈ ਤਾਂ ਸਿੱਧਾ ਹੀ ਹੈ –

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥* ਅੰਗ- ੬੧੧

ਜਦੋਂ ਮਨ ਅਰੋਗ ਹੋ ਗਿਆ, ਤਨ ਨੇ ਅਰੋਗ ਹੋ ਹੀ ਜਾਣਾ ਹੈ। ਪਰ ਦੇਖਿਆ ਹੈ ਕਿ ਲੋਕਾਂ 'ਚ ਦ੍ਰਿੜ੍ਹਤਾ ਨਹੀਂ ਹੈ। ਇਥੇ ਮੇਰੇ ਕੋਲ ਆਉਂਦੇ ਨੇ ਕਿ ਬਾਬਾ ਜੀ! ਰਾਜ਼ੀ ਨਹੀਂ, ਮੈਂ ਤਾਂ ਜਪੁਜੀ ਸਾਹਿਬ ਨੂੰ ਨਹੀਂ ਜਾਣਦੀ, ਤੁਸੀਂ ਆਪੇ ਹੀ ਰਾਜ਼ੀ ਕਰੋ। ਮੈਂ ਕਿਹਾ, ਮੇਰੇ ਕੋਲ ਨਹੀਂ ਤਾਕਤ। ਅਸੀਂ ਤਾਂ ਚੁਰਾਹੇ ਦੇ ਸਿਪਾਹੀ ਹਾਂ। ਜੇ ਤੁਸੀਂ ਪੁਛਦੇ ਹੋਂ ਕਿ ਆਹ ਰਾਹ ਕਿੱਧਰ ਨੂੰ ਜਾਂਦਾ ਹੈ, ਅਸੀਂ ਇਸ਼ਾਰਾ ਕਰ ਦਿੰਦੇ ਹਾਂ, ਆਹ ਰਾਹ ਜਾਂਦਾ ਹੈ। ਸਾਡੇ ਮਨ 'ਚ ਵਿਸ਼ਵਾਸ਼ ਹੈ ਕਿ ਬਾਣੀ ਨੇ ਰਾਜ਼ੀ ਕਰ ਦੇਣੈ, ਨਾਮ ਨੇ ਰਾਜ਼ੀ ਕਰਨਾ ਹੀ ਕਰਨਾ ਹੈ। ਇਸ ਵਿਸ਼ਵਾਸ਼ ਦੇ ਵਿਚ ਅਸੀਂ 100% ਪੱਕੇ ਹਾਂ। ਨਾ ਤੈਨੂੰ ਬਾਣੀ ਪੜ੍ਹਨੀ ਆਉਂਦੀ ਹੈ, ਨਾ ਤੂੰ ਕੁਛ ਹੋਰ ਕਰਨੈ, ਚੱਲ ਤੂੰ ਵਾਹਿਗੁਰੂ-ਵਾਹਿਗੁਰੂ ਹੀ ਕਰੀ ਜਾਹ, ਗੁਰਦੁਆਰੇ ਝਾੜੂ ਦੇਈ ਜਾਹ। ਚਰਨ ਧੂੜ ਗੁਰਸਿੱਖਾਂ ਦੀ ਮੱਥੇ 'ਤੇ ਮਲੀ ਜਾਹ।

ਸੋ ਇਸ ਤਰ੍ਹਾਂ ਨਾਲ ਸਾਧਸੰਗਤ ਜੀ! ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਜਦੋਂ ਵੈਦ ਨੇ ਪੁੱਛਿਆ ਕਿ ਹੇ ਨਾਨਕ! ਕੋਈ ਐਸੀ ਦਵਾਈ ਦਸ ਜਿਹਨੂੰ ਖਾ ਕੇ ਸਾਰੇ ਰੋਗਾਂ ਦਾ ਨਾਸ਼ ਹੋ ਜਾਏ।

ਮਹਾਰਾਜ ਕਹਿਣ ਲੱਗੇ, ਵੈਦ ਜੀ! ਉਹ ਹੈ ਪ੍ਰਮੇਸ਼ਰ ਦਾ ਨਾਮ। ਉਹ ਸਾਰੇ ਰੋਗਾਂ ਦੀ ਦਾਰੂ ਹੈ-

*ਧਾਰਨਾ - ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,*
*ਇਕੋ ਨਾਮ ਵਾਹਿਗੁਰੂ ਦਾ।*

*ਸਰਬ ਰੋਗ ਕਾ ਅਉਖਦੁ ਨਾਮੁ ॥*
*ਕਲਿਆਣ ਰੂਪ ਮੰਗਲ ਗੁਣ ਗਾਮ ॥* ਅੰਗ- ੨੭੪

ਉਸ ਵੇਲੇ ਵੈਦ ਨੇ ਕਿਹਾ, ਹੇ ਨਾਨਕ ਜੀ! ਜਿਥੇ ਤੁਸੀਂ ਮੈਨੂੰ ਇਹ ਦਵਾਈ ਦਸੀ ਹੈ, ਕ੍ਰਿਪਾ ਕਰੋ ਇਹ ਦਵਾਈ ਵੀ ਮੈਨੂੰ ਦੇ ਦਿਓ।

ਕਿਉਂਕਿ ਇਹ ਦਵਾਈ ਸਾਧਸੰਗਤ ਜੀ! ਸਮਰੱਥ ਗੁਰੂ ਤੋਂ ਮਿਲਦੀ ਹੈ –

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥* ਅੰਗ- ੨੫੯

ਜਿੰਨਾਂ ਚਿਰ ਸਮਰੱਥ ਗੁਰੂ ਨਹੀਂ ਮਿਲਦਾ, ਦਵਾਈ ਦੀ ਵਿਧੀ ਦਾ ਨਹੀਂ ਪਤਾ ਲਗਦਾ। ਹੈ ਤੁਹਾਡੇ ਅੰਦਰ ਪਈ, ਸਭ ਦੇ ਅੰਦਰ ਪਈ ਹੈ। ਇਹ ਨਹੀਂ ਪ੍ਰਮੇਸ਼ਰ ਨੇ ਕਿਹਾ ਕਿ ਸੰਤਾਂ ਦੇ ਅੰਦਰ ਹੈ ਜਾਂ ਦੂਜਿਆਂ ਦੇ ਅੰਦਰ ਨਹੀਂ ਹੈ। ਹਰੇਕ ਮਾੜੇ ਚੰਗੇ ਬੰਦੇ ਦੇ ਅੰਦਰ ਦਵਾਈ ਰੱਖੀ ਹੋਈ ਹੈ। ਪਰ ਸਮਰੱਥ ਗੁਰੂ ਤੋਂ ਬਿਨਾਂ ਨਹੀਂ ਉਹ ਮਿਲਦੀ। ਬੈਗੈਰ ਭਾਗਾਂ ਤੋਂ ਗੁਰੂ ਨਹੀਂ ਮਿਲਦਾ। ਗੁਰੂ ਤੋਂ ਬਗੈਰ ਨਾਮ ਨਹੀਂ ਮਿਲਦਾ –

*ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥*
ਅੰਗ- ੬੪੯

ਮੈਂ ਪਹਿਲੇ ਵੀ ਦਸਿਆ ਸੀ ਕਿ ਪੰਜ ਪਿਆਰਿਆਂ ਦੀ ਕਰਨੀ ਕਮਾਈ ਪੂਰੀ ਹੋਵੇ, ਅੰਮ੍ਰਿਤ ਛਕਣ ਵਾਲਿਆਂ ਦਾ ਵੀ ਨਿਸ਼ਚਾ ਪੂਰਾ ਹੋਵੇ ਕਿ ਮੈਂ ਤਾਂ ਗੁਰੂ ਦਸਵੇਂ ਪਾਤਸ਼ਾਹ ਤੋਂ ਅੰਮ੍ਰਿਤ ਛਕ ਰਿਹਾ ਹਾਂ। ਇਸ ਤੋਂ ਘੱਟ ਨਿਸ਼ਚਾ ਨਾ ਹੋਵੇ ਤੇ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਬਣਾ ਰਿਹਾਂ। ਇਸ ਤੋਂ ਵੱਡਾ ਤਾ ਗੁਰੂ ਦੁਨੀਆਂ 'ਚ ਹੈ ਨਹੀਂ ਕੋਈ। ਸਮਰੱਥ ਹੈ ਤੇ ਜਿਸ ਵਕਤ ਇਸ ਨਿਸ਼ਚੇ ਨਾਲ ਨਾਮ ਜਪਦਾ ਹੈ ਉਹ ਆ ਕੇ ਅੰਮ੍ਰਿਤ ਛਕਦੈ, ਉਹਦਾ ਨਾਮ ਉਸੇ ਵੇਲੇ ਚਲ ਜਾਂਦੈ। ਹੁਣ ਇਥੇ ਫਰਕ ਕੀ ਪੈਂਦੈ। ਪੰਜ ਪਿਆਰਿਆਂ ਦੀ ਸੁਰਤੀ ਨਹੀਂ ਟਿਕੀ ਹੋਈ। ਹੁਣ ਕਲਜੁਗ ਦਾ ਸਮਾਂ ਹੈ। ਸਾਧਨ ਕਰਦੇ ਨਹੀਂ ਹਨ, ਨਾਮ ਜਪਦੇ ਨਹੀਂ ਹਨ। ਉਹ ਇਕ ਰਸ ਬਿਰਤੀ ਵਿਚ ਹੋ ਕੇ ਪਾਣੀ ਦੇ ਉਤੇ ਖੰਡਾ ਫੇਰਦੇ ਨਹੀਂ, ਵਿਚ ਫੁਰਨੇ ਆਉਂਦੇ ਨੇ। ਇਹ ਫੁਰਨੇ ਹਟਦੇ ਨੇ ਬਹੁਤ ਸਾਧਨ ਕਰਨ 'ਤੇ। ਸੋ ਐਸੇ ਸਾਧਨ ਸੰਪੰਨ ਗੁਰਸਿੱਖ ਪੰਜ ਇਕੱਠੇ ਹੋ ਜਾਣ। ਉਸ ਮੰਤਰੇ ਹੋਏ ਜਲ ਦੇ ਵਿਚ ਤਾਂ ਬਹੁਤ ਵੱਡੀ ਸ਼ਕਤੀ ਆ ਜਾਂਦੀ ਹੈ। ਉਹ ਆਮ ਜਲ ਨਹੀਂ ਹੈ ਕਿ ਆਮ ਪਾਣੀ ਹੈ। ਅਸੀਂ ਵੀ ਕਹਿੰਦੇ ਹਾਂ ਕਿ ਆਹ ਪਾਣੀ ਮੂਹਰੇ ਰੱਖ ਕੇ ਸ਼ਬਦ ਦਾ ਜਾਪ ਕਰ ਲੈ। ਤੇਰਾ ਸਰੀਰ ਪਾਣੀ ਨੂੰ touch (ਛੂੰਹਦਾ) ਰਹੇ। ਤੇਰੇ ਅੰਦਰੋਂ ਜਦੋਂ ਐਨਰਜੀ ਦੀ ਕਰੰਟ ਪੈਦਾ ਹੋਣੀ ਹੈ ਬਾਣੀ ਨਾਲ, ਇਹ ਤੇਰੀਆਂ ਅੱਖਾਂ ਰਾਹੀ ਵੀ ਜਾਂਦੀ ਰਹਿਣੀ ਹੈ-

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥*
ਅੰਗ- ੨੭੩

ਉਹ ਅੰਮ੍ਰਿਤ ਉਹਦੇ ਨੇਤਰਾਂ 'ਚੋਂ ਜਾਈ ਜਾਣੈ। ਤਾਰ ਜੁੜ ਜਾਣੀ ਹੈ। ਜਿਹੜਾ ਉਹ ਬਾਣੀ ਪੜ੍ਹਦੈ ਹੈ ਉਹਦੀ ਸ਼ਕਤੀ ਵੀ ਉਹਦੇ ਵਿਚ ਪ੍ਰਵੇਸ਼ ਕਰੀ ਜਾਣੀ ਹੈ। ਉਸ ਤਰ੍ਹਾਂ ਜੇ ਪੰਜ ਪਿਆਰੇ ਅੰਮ੍ਰਿਤ ਛਕਾਉਂਦੇ ਨੇ ਗੁਰੂ ਦਸਵੇਂ ਪਾਤਸ਼ਾਹ ਦਾ ਬਚਨ ਹੈ ਕਿ ਜਿੱਥੇ ਪੰਜ ਹੋਣਗੇ ਇਹਨੂੰ ਮੇਰਾ ਰੂਪ ਜਾਣਿਓ। ਮੈਂ ਪੰਜਾਂ ਵਿਚ ਵਰਤਾਂਗਾ। ਸੋ ਜੋ ਗੁਰੂ ਘਰ ਦਾ ਨਾਮ ਹੈ ਉਹ ਦਿੰਦੇ ਨੇ। ਸਾਡਾ ਕਿਸੇ ਨਾਮ ਨਾਲ ਕੋਈ ਵਿਰੋਧ ਨਹੀਂ ਹੈ। ਜਿਥੋਂ ਜੀਅ ਕਰਦੈ ਲੈ ਲਵੋ। ਜਿਥੇ ਮਨ ਮੰਨ ਜਾਏ, ਇਹ ਮਾਨਸ ਜਨਮ

ਹੈ, ਅਸੀਂ ਕਿਸੇ ਨੂੰ ਗਲਤ ਗਾਈਡ ਨਹੀਂ ਕਰਦੇ। ਅਸੀਂ ਕਹਿੰਦੇ ਹਾਂ, ਜਿਥੇ ਤੇਰਾ ਮਨ ਮੰਨਦਾ ਹੈ ਪਰ ਨਿਸ਼ਾਨੀ ਇਹ ਹੈ –

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥* ਅੰਗ– ੧੨੯੧

ਜਿਹੜਾ ਇਸ ਘਰ ਦੇ ਵਿਚ ਵਾਹਿਗੁਰੂ ਦਾ ਘਰ ਦਿਖਾ ਦੇਵੇ ਉਹ ਸਤਿਗੁਰੂ ਹੈ। ਜਿਹੜਾ ਨਹੀਂ ਹੈ – 'ਕੰਨਾਂ ਬਾਟੀ ਚੂਰ, ਮੈਂ ਤੇਰਾ ਚੇਲਾ ਤੂੰ ਮੇਰਾ ਗੁਰ।' ਉਹ ਦੋਵੇਂ ਨਰਕਾਂ ਨੂੰ ਜਾਂਦੇ ਨੇ।

ਗੁਰੂ ਛੇਵੇਂ ਪਾਤਸ਼ਾਹ ਇਕ ਪਿੰਡ ਵਿਚ ਗਏ ਹੋਏ ਨੇ ਲਦਾਈ ਕੇ। ਉਥੇ ਇਕ ਸਰਾਲ ਤੁਰੀ ਆਉਂਦੀ ਹੈ। ਸਿੱਖ ਕਹਿਣ ਲੱਗੇ, ਮਹਾਰਾਜ! ਕਿੱਡੀ ਵਿਕਰਾਲ ਸਰਾਲ ਤੁਰੀ ਆਉਂਦੀ ਹੈ। ਤੁਹਾਡੇ ਵਲ ਨੂੰ ਆ ਰਹੀ ਹੈ। ਮਹਾਰਾਜ ਕਹਿੰਦੇ, ਆਉਣ ਦਿਓ। ਉਹ ਜਦੋਂ ਨੇੜੇ ਆਈ, ਮਹਾਰਾਜ ਕਹਿੰਦੇ, ਜਲ ਦਾ ਛਿੱਟਾ ਦੇ ਦਿਓ। ਛਿੱਟਾ ਦਿਤਾ ਉਹ ਚੜ੍ਹਾਈ ਕਰ ਗਈ। ਕਹਿੰਦਾ, ਮਹਾਰਾਜ! ਇਹ ਕੀ ਕੌਤਕ ਹੈ? ਮਹਾਰਾਜ ਨੇ ਰੂਹ ਨੂੰ ਰੋਕ ਲਿਆ, ਕਹਿੰਦੇ ਹਾਂ ਬਈ, ਤੂੰ ਹੀ ਬੋਲ ਕੇ ਦਸ। ਉਹ ਕਹਿਣ ਲੱਗਿਆ, ਮਹਾਰਾਜ ਜੀ! ਮੈਂ ਕੱਚਾ ਗੁਰੂ ਸੀ, ਮੈਂ ਦਸਵੰਧ ਖਾਂਦਾ ਸੀ ਚੇਲਿਆਂ ਦਾ। ਮੇਰੀ ਸੁਰਤੀ ਮਾਇਆਕਾਰ ਹੋਣ ਕਰਕੇ ਮੈਨੂੰ ਇਹ ਜੂਨੀ ਮਿਲੀ ਹੈ –

*ਅੰਤਿ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥* ਅੰਗ– ੫੨੬

ਜਿਥੇ ਮੇਰੇ ਉਪਰ ਕ੍ਰਿਪਾ ਹੈ ਮਹਾਰਾਜ! ਮੇਰੇ ਚੇਲਿਆਂ 'ਤੇ ਵੀ ਕਰ ਦਿਓ। ਮਹਾਰਾਜ ਕਹਿੰਦੇ, ਉਹ ਕਿੱਥੇ ਨੇ? ਕਹਿਣ ਲੱਗਿਆ, ਮੇਰਾ ਸਰੀਰ ਵੱਢ-ਵੱਢ ਖਾ ਰਹੇ ਨੇ। ਪਾਣੀ ਦਾ ਛਿੱਟਾ ਮਾਰਿਆ, ਦੇਹੀ ਪਾਟ ਗਈ ਉਸ ਦੀ, ਉਸ 'ਚ ਕੀੜੇ ਕੁਰਬਲ-ਕੁਰਬਲ ਕਰਦੇ ਨੇ। ਜਿਹੜਾ ਗੁਰੂ ਆਪ ਹੀ ਇਹੋ ਜਿਹਾਂ ਹੁੰਦਾ ਹੈ, ਆਪ ਵੀ ਡੁੱਬਦਾ ਤੇ ਚੇਲਿਆਂ ਨੂੰ ਵੀ ਡੋਬ ਦਿੰਦਾ ਹੈ।

ਸਮਰੱਥ ਗੁਰੂ ਟੋਲ੍ਹਣਾ ਸਾਡੇ ਵਸ ਤੋਂ ਬਾਹਰ ਹੈ। ਸਾਡੀ ਅਰਦਾਸ ਹੈ ਹੇ ਸੱਚੇ ਪਾਤਸ਼ਾਹ! ਮਾਨਸ ਜਨਮ ਤਾਂ ਗਿਆ ਮਿਲ ਤੇ ਮੈਨੂੰ ਸਮਰੱਥ ਗੁਰੂ ਦੀ ਪ੍ਰਾਪਤੀ ਹੋ ਜਾਏ। ਸਾਡੇ ਉਤੇ ਬੜੀ ਭਾਰੀ ਕ੍ਰਿਪਾ ਕੀਤੀ ਹੈ। ਉਹ ਇਹ ਕਰ ਦਿਤਾ ਕਿ ਸ਼ਬਦ ਗੁਰੂ ਦੇ ਲੜ ਸਾਨੂੰ ਲਾ ਦਿਤਾ। ਹੁਣ ਸਾਨੂੰ ਸ਼ੱਕ ਨਹੀਂ ਕੋਈ ਵੀ। ਹੁਣ ਸਾਡਾ ਨਿਸ਼ਚਾ ਕਿੰਨਾ ਕੁ ਬਣਦਾ ਹੈ। ਕਿੰਨਾ ਕੁ ਅਸੀਂ ਸ਼ਬਦ ਗੁਰੂ ਨੂੰ ਮਹਾਨਤਾ ਦਿੰਦੇ ਹਾਂ। ਜੇ ਤਾਂ ਸਾਡੇ ਅੰਦਰ ਵੀ ਓਹੀ ਚੀਜ਼ ਹੈ। ਫੇਰ ਤਾਂ ਠੀਕ ਹੈ।

ਇਕ ਵਾਰ ਗੁਰੂ ਅੰਗਦ ਸਾਹਿਬ ਮਹਾਰਾਜ ਨੇ ਪੁਛਿਆ ਕਿ ਭਾਈ ਬਾਲਾ! ਤੁਸੀਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨਾਲ ਖੰਡਾਂ-ਬ੍ਰਹਿਮੰਡਾਂ 'ਚ ਘੁੰਮੇ ਹੋ। ਤੁਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕੀ ਕਰ ਜਾਤਾ? ਕਹਿੰਦੇ, ਮਹਾਰਾਜ! ਉਹ ਤਾਂ ਪੂਰਨ ਸੰਤ ਸੀ। ਕਹਿੰਦੇ, ਤੂੰ ਸੰਤ ਹੋਇਆ। ਕਿਉਂ ਬਾਬਾ ਬੁੱਢਾ ਜੀ ਤੁਸੀਂ ਕੀ ਕਰਕੇ ਜਾਤਾ? ਕਹਿੰਦੇ, ਮਹਾਰਾਜ ਉਹ ਤਾਂ ਪੂਰਨ ਬ੍ਰਹਮਗਿਆਨੀ ਸੀ। ਕਹਿੰਦੇ, ਤੁਸੀਂ ਬ੍ਰਹਮਗਿਆਨੀ ਹੋਏ। ਕਿਉਂ ਭਾਈ ਮਨਸੁਖ ਜੀ! ਤੁਸੀਂ ਕੀ ਕਰ ਜਾਤਾ? ਆਪਣਾ-ਆਪਣਾ ਜਵਾਬ ਦਿੰਦੇ ਗਏ ਸਾਰੇ। ਸਾਰਿਆਂ ਨੇ ਪੁੱਛਿਆ ਕਿ ਹੇ ਸਤਿਗੁਰੂ ਮਹਾਰਾਜ ਜੀ! ਆਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕੀ ਕਰ ਜਾਤਾ? ਕਹਿੰਦੇ, ਪਿਆਰਿਓ! ਸ੍ਰੀ ਗੁਰੂ ਨਾਨਕ ਦੇਵ ਜੀ 'ਤੇ ਪਾਰਬ੍ਰਹਮ ਪ੍ਰਮੇਸ਼ਰ ਤੋਂ ਘੱਟ ਮੇਰਾ ਨਿਸ਼ਚਾ ਨਹੀਂ ਕਦੇ ਹੋਇਆ –

*ਅਪਰੰਪਰ ਪਾਰਬ੍ਰਹਮੁ ਪਰਮੇਸਰੁ*
*ਨਾਨਕ ਗੁਰੁ ਮਿਲਿਆ ਸੋਈ ਜੀਉ ॥* ਅੰਗ– ੫੯੯

*ਆਦਿ ਅੰਤਿ ਏਕੈ ਅਵਤਾਰਾ॥*
*ਸੋਈ ਗੁਰੂ ਸਮਝਿਯਹੁ ਹਮਾਰਾ॥* ਪਾਤਸ਼ਾਹੀ ੧੦

ਗੁਰੂ ਤੇ ਗੋਬਿੰਦ ਵਿਚ ਫਰਕ ਨਹੀਂ ਹੁੰਦਾ –

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥* ਅੰਗ– ੪੪੨

ਸਾਰੇ ਕਹਿਣ ਲੱਗੇ, ਤਾਂ ਹੀ ਮਹਾਰਾਜ ਤੁਸੀਂ ਉਹਨਾਂ ਦਾ ਹੀ ਰੂਪ ਬਣ ਗਏ। ਭਾਈ ਗੁਰਦਾਸ ਜੀ ਕਹਿੰਦੇ ਨੇ –

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*

*ਭਾਈ ਗੁਰਦਾਸ ਜੀ*

ਜਿਹੋ ਜਿਹੇ ਨਿਸ਼ਚੇ ਨਾਲ ਬੀਜ ਦਿਓਂਗੇ, ਓਹੋ ਜਿਹਾ ਹੀ ਫਲ ਮਿਲੇਗਾ। ਜੇ ਤਾਂ ਨਿਸ਼ਚਾ ਬਣਦਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਉਤੇ ਕਿ ਇਹ ਅਕਾਲ ਪੁਰਖ ਦੀ ਬਾਣੀ ਹੈ। ਸ਼ਬਦ ਗੁਰੂ ਹੈ, ਸ਼ੇਰ ਦ੍ਰਿਸ਼ਟੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇਖੋ। ਕੁੱਤਾ ਦ੍ਰਿਸ਼ਟੀ ਨਾਲ ਨਾ ਦੇਖੋ। ਕੁੱਤੇ ਦੇ ਕੋਈ ਚੀਜ਼ ਮਾਰ ਦਿਓ, ਉਹ ਨੱਠ ਕੇ ਚੀਜ਼ ਨੂੰ ਪੈਂਦੈ। ਮਾਰਨ ਵਾਲੇ ਵਲ ਨਹੀਂ ਪੈਂਦਾ।

ਰਾਜੇ ਨੇ ਪੁੱਛਿਆ ਕਿ ਮਹਾਰਾਜ! ਤੁਸੀਂ ਸ਼ੇਰ ਦ੍ਰਿਸ਼ਟੀ ਦੀ ਗੱਲ ਕਰਦੇ ਹੋਂ, ਕੀ ਹੁੰਦੀ ਹੈ ਉਹ? ਮਹਾਰਾਜ ਕਹਿੰਦੇ, ਪ੍ਰਤੀਕ ਦੇ ਪਿੱਛੇ ਉਹਦਾ ਜਿਹੜਾ

ਅਸਲੀ ਸਰੂਪ ਹੈ, ਉਹਨੂੰ ਦੇਖਣਾ। ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿੱਛੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਦੇਖੋ। ਇਹ ਪ੍ਰਤੀਕ ਹੈ। ਉਹ ਸ਼ਕਤੀ ਜੋ ਸਾਰੇ ਪ੍ਰੀਪੂਰਨ ਹੈ, ਅਕਾਸ਼ ਤੋਂ ਅਗਾਂਹਾਂ ਤੁਸੀਂ ਉਹਨੂੰ ਦੇਖੋ। ਉਸ ਵੇਲੇ ਗੁਰੂ ਦੀ ਭਾਵਨਾ ਪੂਰੀ ਹੋਏਗੀ। ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਮੰਤਰ ਮਿਲੇਗਾ। ਉਹ ਮੰਤਰ ਕੀ ਕਰੇਗਾ –

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।*

*ਭਾਈ ਗੁਰਦਾਸ ਜੀ*

ਇਸ ਕਰਕੇ –

*ਸਰਬ ਰੋਗ ਕਾ ਅਉਖਦੁ ਨਾਮੁ ॥* *ਅੰਗ- ੨੭੪*

ਸੋ ਕਹਿਣ ਲੱਗੇ, ਸੱਚੇ ਪਾਤਸ਼ਾਹ! ਅੱਜ ਸੰਜੋਗ ਨਾਲ ਤੁਹਾਡਾ ਮੇਲਾ ਹੋ ਗਿਆ। ਮੇਰੇ ਜਨਮਾਂ-ਜਨਮਾਂਤਰਾ ਦੇ ਪੁੰਨਾਂ ਦੇ ਫਲ ਦੇਣ ਦਾ ਸਮਾਂ ਆ ਗਿਆ। ਕ੍ਰਿਪਾ ਕਰੋ ਮੈਨੂੰ ਨਾਮ ਦਾਨ ਦਿਓ। ਤੁਹਾਡੇ ਬਚਨ ਸੁਣ ਕੇ ਮੈਂ ਪਰਮ ਰੋਗੀ ਹਾਂ। ਮੇਰੇ ਅੰਦਰ ਨਿੰਦਿਆ ਵੀ ਹੈ, ਈਰਖਾ ਵੀ ਹੈ, ਚੁਗਲੀ ਵੀ ਹੈ, ਮੈਂ ਬੁਰਾ ਵੀ ਚਿਤਵ ਲੈਂਦਾ ਹਾਂ, ਮੈਂ ਆਪਣੇ ਆਪ ਨੂੰ ਅੱਡ ਸਮਝਦਾ ਹਾਂ।

ਮਹਾਰਾਜ ਕਹਿਣ ਲੱਗੇ, ਸਾਵਧਾਨ ਹੋ ਕੇ ਬੈਠ। ਸਾਮ੍ਹਣੇ ਬਿਠਾ ਲਿਆ। ਓਸ ਵੇਲੇ ਕਿਹਾ, ਕਹੁ ਵਾਹਿਗੁਰੂ-ਕਹੁ ਵਾਹਿਗੁਰੂ। ਵਾਹਿਗੁਰੂ ਕਹਿਣ ਦੀ ਦੇਰ ਸੀ ਅੰਗੂਠੇ ਤੋਂ ਲੇ ਕੇ ਸਿਰ ਤਕ ਐਸੀ ਮਿੱਠੀ ਝਰਨਾਹਟ ਚੜ੍ਹੀ, ਕੀ ਦੇਖਦੈ, ਵਾਹਿਗੁਰੂ ਦੀ ਅਵਾਜ਼ ਆ ਰਹੀ ਹੈ, ਹਰ ਪਾਸੋਂ, ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ। ਕਹਿੰਦੇ, ਲੈ ਇਹਨੂੰ ਭੁੱਲੀਂ ਨਾ। ਇਹ ਹੈ ਸ਼ਬਦ, ਸ਼ਬਦ ਦੇ ਪਿੱਛੇ ਹੈ ਨਿਰੰਕਾਰ। ਉਹ ਸਾਰੇ ਪ੍ਰੀਪੂਰਨ ਹੈ, ਕੋਈ ਥਾਂ ਐਸਾ ਨਹੀਂ ਜਿਥੇ ਉਹ ਨਹੀਂ ਹੈ। ਇਸ ਕਰਕੇ –

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*

ਵੈਦ ਨੂੰ ਦਵਾਈ ਮਿਲ ਗਈ। ਸਰੀਰ ਦੀ ਦਵਾਈ ਉਹ ਪਹਿਲਾਂ ਹੀ ਜਾਣਦਾ ਸੀਗਾ। ਹੁਣ ਅੰਦਰਲੀ ਦਵਾਈ ਮਿਲ ਗਈ। ਸੋ ਇਸ ਤਰ੍ਹਾਂ ਨਾਮ ਸਾਧਸੰਗਤ ਜੀ! ਸਾਰੀਆਂ ਬਿਮਾਰੀਆਂ ਦਾ ਇਲਾਜ ਹੈ। ਪੜ੍ਹੋ ਸੁਖਮਨੀ ਸਾਹਿਬ ਤੁਸੀਂ ਹਰ ਥਾਂ ਸਹਾਇਤਾ ਕਰਦਾ ਹੈ –

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥* *ਅੰਗ- ੨੬੪*

ਔਖਾ ਵੇਲਾ ਆ ਜਾਵੇ, ਸਭ ਤੋਂ ਔਖਾ। ਦਰੋਪਤੀ ਦੇ ਉਤੇ ਐਨਾ ਔਖਾ ਵੇਲਾ ਆ ਗਿਆ–

*ਅੰਦਰਿ ਸਭਾ ਦੁਸਾਸਣੈ ਮਥੇਵਾਲ ਦ੍ਰੋਪਤੀ ਆਂਦੀ।*
*ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।*
*ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨ੍ਹਾਂ ਦੀ।*

*ਭਾਈ ਗੁਰਦਾਸ ਜੀ*

ਕੋਈ ਚਾਰਾ ਨਹੀਂ ਚੱਲ ਰਿਹਾ। ਸਭ ਨੂੰ ਕਹਿ ਕੇ ਦੇਖ ਲਿਆ। ਦਰੋਣਾਚਾਰੀਆ ਨੂੰ ਕਿਹਾ, ਭੀਸ਼ਮ ਪਿਤਾਮਾ ਨੂੰ ਕਿਹਾ, ਧ੍ਰਿਤਰਾਸ਼ਟਰ ਨੂੰ ਕਿਹਾ। ਇਕ ਵੀ ਬੰਦਾ ਨਾ ਉਠਿਆ, ਕ੍ਰਿਪਾਚਾਰਯ ਗੁਰੂ ਸੀ ਉਹਨੂੰ ਵੀ ਕਿਹਾ। ਸਭ ਨੀਵੀਆਂ ਪਾਈ ਜਾਂਦੇ ਨੇ। ਹੁਣ ਰਹਿ ਕੀ ਗਿਆ? ਮਹਾਰਾਜ ਕਹਿੰਦੇ, ਉਸ ਵੇਲੇ ਉਹਨੂੰ ਰਾਮ ਦੀ ਸੁਧ ਆ ਗਈ –

*ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ ॥*
*ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ ॥*

*ਅੰਗ- ੧੦੦੮*

ਇਕੋ ਵਾਰੀ ਕਿਹਾ ਨਾ –

*ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ।*

*ਭਾਈ ਗੁਰਦਾਸ ਜੀ*

ਕ੍ਰਿਸ਼ਨ ਮਹਾਰਾਜ ਉਤੇ ਉਸ ਦੀ ਭਾਵਨਾ ਸੀ ਪ੍ਰਮੇਸ਼ਰ ਜਿੰਨੀ। ਸਰੀਰ ਤੋਂ ਅਗਾਂਹਾਂ ਦੇਖਦੀ ਸੀ ਜਿਹੜਾ ਨਿਰੰਕਾਰ ਸਾਰੇ ਪ੍ਰੀਪੂਰਨ ਹੈ। ਉਹਨੂੰ ਹੀ ਨਾਮ ਕਹਿੰਦੇ ਨੇ। ਉਸ ਨਾਮ ਦੀ ਜਦੋਂ ਸੁਧ ਆਈ, ਉਸੇ ਵੇਲੇ ਦੁਖ ਹਰਿ ਦਿਤਾ –

*ਕਪੜੁ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।*
*ਹਥ ਮਰੋੜਨਿ ਸਿਰ ਧੁਣਨਿ*
*ਪਛੋਤਾਨਿ ਕਰਨਿ ਜਾਹਿ ਜਾਂਦੀ।*
*ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ।*
*ਨਾਥ ਅਨਾਥਾਂ ਬਾਣਿ ਧੁਰਾਂਦੀ॥* *ਭਾਈ ਗੁਰਦਾਸ ਜੀ*

ਸੋ ਉਸ ਨਾਮ ਦੇ ਵਿਚ ਐਨੀ ਸ਼ਕਤੀ ਹੈ। ਇਕੋ ਵਾਰੀ ਨਾਮ ਦਾ ਉਚਾਰਨ ਰਾਜੇ ਜਨਕ ਨੇ ਕਰਿਆ ਸੀ, ਨਰਕਾਂ ਦੇ ਸਾਰੇ ਕੁੰਡ ਖਾਲੀ ਹੋ ਗਏ। ਉਸ ਨਾਮ ਪਿੱਛੇ ਸਾਨੂੰ ਗੁਰੂ ਸਾਹਿਬ ਲਾਉਂਦੇ ਨੇ। ਪਿਆਰਿਓ! ਮਨੁੱਖਾ ਜਨਮ ਮਿਲ ਗਿਆ, ਬੰਦਗੀ ਕਰੋ, ਨਾਮ ਜਪੋ, ਸੰਤਾਂ ਦੀ ਸੰਗਤ ਕਰੋ। ਸੰਤ ਕੋਈਓ ਹੈ, ਬੜਾ ਮੁਸ਼ਕਲ ਹੋ ਗਿਆ ਸੰਤਾਂ ਨੂੰ ਪਛਾਨਣਾ। ਪਹਿਰਾਵੇ ਕਰਕੇ ਸੰਤ ਨਹੀਂ ਹੁੰਦੇ, ਕੀ ਪਤਾ ਕੋਈ ਕਿੱਥੇ ਹੈ, ਕੋਈ ਟਰੱਕ ਚਲਾ ਰਿਹੈ, ਕੋਈ ਹਲ ਚਲਾ ਰਿਹੈ, ਜਾ ਕਿਤੇ ਹੋਰ ਬੈਠਾ ਹੈ ਦੁਕਾਨ ਦੇ ਉਤੇ।

ਸੋ ਪੰਜ ਪਿਆਰਿਆ ਤੋਂ ਨਾਮ ਦੀ ਪ੍ਰਾਪਤੀ ਕਰੋ, ਜਿਸ ਨਾਲ ਸਾਡਾ ਵੀ ਕਲਿਆਣ ਹੋ ਜਾਵੇ। ਸੋ ਜੋ ਮੈਂ ਬੇਨਤੀਆਂ ਕੀਤੀਆਂ ਨੇ ਸਮਝਣ ਦਾ ਯਤਨ ਕਰੋ। ਸਾਰੇ ਪ੍ਰੇਮੀ ਅਨੰਦ ਸਾਹਿਬ ਤੇ ਗੁਰਸਤੋਤਰ 'ਚ ਬੋਲਣ ਦੀ ਖੇਚਲ ਕਰੋ।

ਅਰਦਾਸ, ਹੁਕਮਨਾਮਾ।

***(ਵੀਡੀਓ ਫਿਲਮ ਦੀਵਾਨ ਨੰ: 875)***

# ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ, ਆਤਮ ਮਾਰਗ*

*ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥*
*ਬੋਲਿ ਨ ਜਾਣੈ ਮਾਇਆ ਮਦਿ ਮਾਤਾ*
*ਮਰਣਾ ਚੀਤਿ ਨ ਆਵੈ ॥ ੧ ॥*
*ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥*
*ਤੇਰੇ ਸੇਵਕ ਕਉ ਭਉ ਕਿਛੁ ਨਾਹੀ*
*ਜਮੁ ਨਹੀ ਆਵੈ ਨੇਰੇ ॥ ੧ ॥ ਰਹਾਉ ॥*
*ਜੋ ਤੇਰੈ ਰੰਗਿ ਰਾਤੇ ਸੁਆਮੀ*
*ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥*
*ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥ ੨ ॥*
*ਨਾਮੁ ਧਿਆਇਨਿ ਸੁਖ ਫਲ ਪਾਇਨਿ*
*ਆਠ ਪਹਰ ਆਰਾਧਹਿ ॥*
*ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥ ੩*
*ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ*
*ਸਾਰ ਨ ਜਾਣਾ ਤੇਰੀ ॥*
*ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥*
*ਅੰਗ- ੭੫੦*

ਪਰਮ ਸਤਿਕਾਰਯੋਗ ਗੁਰੂ ਦਰਬਾਰ ਦੇ ਵਿਚ, ਗੁਰੂ ਪਿਆਰ ਦੇ ਵਿਚ, ਸ਼ਸ਼ੋਭਿਤ ਹੋਈ, ਸੁਭਾਇਮਾਨ ਹੋਈ, ਗੁਰੂ ਪਿਆਰੀ ਸਾਧਸੰਗਤ ਜੀ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕਣ ਦਾ ਯਤਨ ਕਰੀਏ। ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਗੁਰੂ ਪਾਤਸ਼ਾਹ ਦੀ ਰਹਿਮਤ ਸਦਕਾ ਕਾਫੀ ਦੇਰ ਤੋਂ ਸਤਿਸੰਗ ਦਾ ਅਨੰਦ ਮਾਣ ਰਹੇ ਹੋਂ। ਬਖਸ਼ੀਆਂ ਰੂਹਾਂ ਦਾ ਮਿਲਾਪ, ਨਾਮ ਬਾਣੀ ਦੇ ਨਾਲ ਜੁੜਨਾ, ਸਾਡੇ ਕਿੰਨੇ ਚੰਗੇ ਭਾਗਾਂ ਦੀ ਨਿਸ਼ਾਨੀ ਹੈ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ- ੭੨*

ਸਤਿਸੰਗਤ ਉਸ ਨੂੰ ਕਿਹਾ ਹੈ ਜਿਥੇ ਨਾਮ ਨਾਲ ਜੁੜਿਆ ਜਾਵੇ। ਸਾਡਾ ਜੀਵਨ ਕਿਹੋ ਜਿਹਾ ਹੋਣਾ ਚਾਹੀਦਾ ਹੈ, ਸੋ ਇਸੇ ਵਾਸਤੇ ਸੰਸਾਰ ਦੇ ਉਤੇ ਗੁਰੂ, ਪੀਰ, ਮਹਾਂਪੁਰਸ਼ ਸਰੀਰ ਧਾਰਨ ਕਰਦੇ ਹਨ। ਅੱਜ ਦੀ ਇਸ ਰਾਤ ਦੇ ਬ੍ਰਹਮ ਮਹੂਰਤ ਦੇ ਵਿਚ ਧੰਨ-ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਮਹਾਰਾਜ -

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*ਅੰਗ-੧੩੯੫*

*ਸਤਿਗੁਰ ਨਾਨਕ ਪ੍ਰਗਟਿਆ*
*ਮਿਟੀ ਧੁੰਧ ਜਗ ਚਾਨਣੁ ਹੋਆ।*

ਸਤਿਪੁਰਸ਼ਾਂ ਦੀ ਜੁਗਤ ਦੇ ਅਨੁਸਾਰ ਸਵਾਸ ਰਾਹੀਂ ਅਭਿਆਸ ਕੀਤਾ ਜਾਂਦਾ ਹੈ। ਗੁਰੂ ਬਾਬਾ ਜੀ ਉਸ ਮੰਤ੍ਰ ਨੂੰ ਲੈ ਕੇ ਆਏ ਜਿਹੜਾ ਸ਼ਕਤੀਸ਼ਾਲ ਮੰਤ੍ਰ ਹੈ ਤੇ ਸਵਾਸ ਦੇ ਉਤੇ ਆ ਜਾਂਦਾ ਹੈ। ਸਾਰੇ ਦੁਖਾਂ ਦਾ, ਰੋਗਾਂ ਦਾ ਇਲਾਜ ਹੀ ਇਹੀ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਇਹ ਮੰਤ੍ਰ 36 ਯੁੱਗ ਦੀ ਕਮਾਈ ਕਰਕੇ ਇਸ ਮਾਤ ਲੋਕ ਵਿਚ ਲੈ ਕੇ ਆਏ। ਉਹ ਸਮਾਂ ਕਿਹੋ ਜਿਹਾ ਸੀ -

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥*
*ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥*
*ਵਿਚਿ ਹਉਮੈ ਕਰਿ ਦੁਖੁ ਰੋਈ ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥ ਅੰਗ - ੧੪੫*

ਕਿਹੜੀ ਵਿਧੀ ਹੋਵੇ ਜਿਸ ਦੇ ਨਾਲ ਦੁਖ ਦਾ ਖਾਤਮਾ ਹੋ ਜਾਵੇ? ਸਿੱਧਾਂ ਨੇ ਵੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਸਵਾਲ ਕੀਤਾ ਸੀ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ਅੰਗ- ੯੪੬*

ਗੁਰੂ ਪਾਤਸ਼ਾਹ ਨੇ ਜਵਾਬ ਦਿਤਾ -

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥ ਅੰਗ - ੯੪੬*

ਕਿੱਡੀ ਸੋਹਣੀ ਇਹ ਅੱਜ ਦੀ ਰਾਤ, ਗੁਰੂ ਬਾਬਾ ਜੀ ਦਾ ਪ੍ਰਕਾਸ਼ ਹੋਣਾ, ਉਸ ਸਮੇਂ ਜਦੋਂ ਕਿ -

*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥*
*ਅੰਗ- ੧੪੫*

1469 ਈਸਵੀ ਕੱਤਕ ਦੀ ਪੂਰਨਮਾਸ਼ੀ, ਨਨਕਾਣਾ ਸਾਹਿਬ ਦੀ ਪਵਿੱਤਰ ਪਾਵਨ ਧਰਤੀ 'ਤੇ ਜਿਸ ਨੂੰ ਉਸ ਸਮੇਂ ਰਾਏਪੁਰ ਕਿਹਾ ਜਾਂਦਾ ਸੀ। ਬਾਅਦ ਵਿਚ ਉਸ ਸਮੇਂ ਦੇ ਰਾਏ ਬੁਲਾਰ ਦੇ ਕਰਕੇ ਰਾਇ ਭੋਇੰ ਦੀ ਤਲਵੰਡੀ ਕਹਿ ਕੇ ਜਾਣਿਆ ਜਾਂਦਾ ਹੈ ਤੇ ਕਿੱਡੀ ਸਤਿਗੁਰੂ ਜੀ ਨੇ ਉਥੇ ਬਖਸ਼ਿਸ਼ ਕੀਤੀ। ਅਗਿਆਨ ਦਾ ਹਨ੍ਹੇਰਾ ਦੂਰ ਕਰਨ ਵਾਸਤੇ ਮਹਿਤਾ ਕਲਿਆਣ ਜੀ ਜਿਹਨਾਂ ਨੂੰ ਕਿਹਾ ਜਾਂਦਾ ਹੈ, ਦੇ ਘਰ, ਪਰਮ ਪੂਜਯ ਮਾਤਾ ਤ੍ਰਿਪਤਾ ਜੀ ਦੀ ਕੁੱਖ ਨੂੰ ਭਾਗ ਲਗਦੇ ਹਨ। ਗੁਰੂ ਬਾਬਾ ਜੀ ਇਸ ਤਰ੍ਹਾਂ ਦੇ ਨਾਲ ਅਵਤਾਰ

ਧਾਰਨ ਕਰਦੇ ਹਨ। ਕਿੰਨੀ ਖ਼ੁਸ਼ੀ ਹੁੰਦੀ ਹੈ ਜਦੋਂ ਇਸ ਤਰ੍ਹਾਂ ਦਾ ਸਮਾਂ ਸਾਡੀ ਜ਼ਿੰਦਗੀ ਵਿਚ ਆਉਂਦਾ ਹੈ। ਹੋਰ ਯੁੱਗਾਂ ਦੇ ਵਿਚ ਕੋਈ ਚੌਦਾਂ ਕਲਾਂ, ਕੋਈ ਸੋਲਾਂ ਕਲਾਂ ਅਵਤਾਰ ਆਏ, ਪਰ ਕਲਯੁਗ ਦੇ ਵਿਚ-

*ਅਨਤ ਕਲਾ ਹੋਇ ਠਾਕੁਰੁ ਚੜਿਆ ॥ ਅੰਗ- ੧੦੮੧*

ਗੁਰੂ ਬਾਬਾ ਜੀ ਬਹੁਤ ਸ਼ਕਤੀਸ਼ਾਲ ਮੰਤ੍ਰ ਲੈ ਕੇ ਆਏ। ਜਦ ਸਾਰਾ ਸੰਸਾਰ ਹੀ ਰੋਗੀ ਹੈ, ਉਹਨਾਂ ਨੇ ਐਡੀ ਵੱਡੀ ਰਹਿਮਤ ਕੀਤੀ ਸੰਸਾਰ 'ਤੇ -

*ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥*
*ਅੰਗ- ੬੮੭*

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ- ੬੫੧*

ਕੂੜ ਦੀ ਛਾਈ ਹੋਈ ਮੱਸਿਆ ਉਸ ਸਮੇਂ ਗੁਰੂ ਬਾਬਾ ਜੀ ਨੇ ਅਵਤਾਰ ਧਾਰਨ ਕੀਤਾ ਤੇ ਐਸਾ ਮੰਤ੍ਰ ਲੈ ਕੇ ਆਏ ਜਿਹੜਾ ਸਾਰੇ ਦੁਖ ਤੇ ਰੋਗ ਦੂਰ ਕਰਦਾ ਹੈ। ਗੁਰੂ ਤਾਂ ਸੰਸਾਰ ਦੇ ਵਿਚ ਹੁੰਦੇ ਹੀ ਰਹਿੰਦੇ ਹਨ, ਹਨ ਵੀ, ਹੋਣਗੇ ਵੀ ਪਰ ਕਿਸੇ ਨੂੰ ਵੀ ਪੁੱਛੋ ਕਿ ਤੇਰਾ ਕੌਣ ਗੁਰੂ? ਕੋਈ ਨਾ ਕੋਈ ਗੁਰੂ ਤਾਂ ਧਾਰਨ ਕਰਨਾ ਹੀ ਪੈਂਦਾ ਹੈ -

*ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥*
*ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥*
*ਅੰਗ- ੪੬੯*

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਕਿਉਂ ਸਭ ਤੋਂ ਵੱਡੇ ਕਿਹਾ ਹੈ ਕਿਉਂਕਿ ਕਿਸੇ ਨਾ ਕਿਸੇ ਦਾ ਕੋਈ ਗੁਰੂ ਹੈ ਪਰ ਗੁਰੂ ਪ੍ਰਮੇਸ਼ਰ ਦਾ ਦਰਜਾ ਬਾਬਾ ਨਾਨਕ ਜੀ ਨੂੰ ਪ੍ਰਾਪਤ ਹੈ। ਕੋਈ ਸੰਸਾਰ ਦੇ ਵਿਚ ਐਸਾ ਗੁਰੂ ਨਹੀਂ ਸੀ ਜੋ ਗੁਰੂ ਬਾਬਾ ਨਾਨਕ ਜੀ ਦਾ ਗੁਰੂ ਬਣ ਸਕਦਾ ਹੋਵੇ -

*ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥*
*ਅੰਗ- ੧੪੫*

ਉਹ ਸਾਰੇ ਹਉਮੈ ਦੇ ਅਧੀਨ ਸਨ, ਕੋਈ ਸੰਸਾਰ ਦੇ ਵਿਚ, ਬਾਬਾ ਜੀ ਕਹਿੰਦੇ, ਸਾਨੂੰ ਦਿਸਿਆ ਹੀ ਨਹੀਂ-

*ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥ ਅੰਗ- ੯੩੬*

ਜਿਹੜਾ ਸਾਮ੍ਹਣੇ ਆਸਣ 'ਤੇ ਟਿਕ ਸਕੇ। ਫੇਰ ਗੁਰੂ ਪਾਤਸ਼ਾਹ ਜੀ ਨੂੰ ਪੁੱਛੀਏ ਕਿ ਕੌਣ ਗੁਰੂ ਹੋਏ। ਕਿਉਂਕਿ ਕਿੰਨੀਆਂ ਲੀਲਾਵਾਂ ਨਿਆਰੀਆਂ ਹਨ। ਬਚਪਨ ਤੋਂ ਨਨਕਾਣਾ ਸਾਹਿਬ ਦੀ ਧਰਤੀ 'ਤੇ ਕਿੰਨੇ ਚੋਜ ਕੀਤੇ। ਪਹਿਲਾਂ ਗੁਪਾਲ ਪਾਧੇ ਕੋਲ ਪੜ੍ਹਨ ਭੇਜੇ। ਫਾਰਸੀ ਪੜ੍ਹਨ ਵਾਸਤੇ ਕੁਤਬਦੀਨ ਕੋਲ ਭੇਜੇ। ਪਰ ਕੋਈ ਵੀ ਪਾਧਾ ਜਾਂ ਮੌਲਵੀ ਆਪ ਜੀ ਨੂੰ ਕੀ ਪੜ੍ਹਾ ਸਕਦਾ ਸੀ? ਆਪ ਤਾਂ ਅਪਰਾ ਦੀ ਵਿਦਿਆ ਦੀ ਬਾਤ ਕਰਦੇ ਜੋ ਬਾਤ ਅਗੰਮ ਦੀ ਹੈ। ਪਾਧਾ, ਮੌਲਵੀ ਦੀ ਬੁੱਧੀ, ਬੁੱਧੀ ਮੰਡਲ ਤਕ ਸੀਮਤ ਹੈ। ਬਾਬਾ ਜੀ ਦੇ ਸਾਮ੍ਹਣੇ ਟਿਕ ਨਾ ਸਕੇ। ਫੇਰ ਜਨੇਊ ਪਾਉਣ ਵਾਲਾ ਹਰਦਿਆਲ ਪਰੋਹਤ ਸੀ, ਉਹ ਬੁਲਾਇਆ ਉਸ ਨੂੰ ਵੀ ਗੁਰੂ ਬਾਬਾ ਜੀ ਨੇ ਉਪਦੇਸ਼ ਦਿਤਾ ਕਿ ਹੇ ਪੰਡਤ ਜੀ! ਇਹ ਧਾਗਾ ਕਿਸ ਕੰਮ ਦਾ ਹੈ? ਉਹ ਜਨੇਊ ਪਾਓ ਜਿਸ ਜਨੇਊ ਪਾਉਣ ਦੇ ਨਾਲ -

*ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥*
*ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥*
*ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥*
*ਅੰਗ - ੪੭੧*

ਚਾਰ ਕੌਡੀਆਂ ਦਾ ਧਾਗਾ ਲਿਆ ਕੇ, ਉਹਨੂੰ ਗਲ 'ਚ ਪਾਇਆ -

*ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥*
*ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥*
*ਅੰਗ- ੪੭੧*

ਇਹ ਤਾਂ ਅਸਲ ਜਿਹੜਾ ਜਨੇਊ ਹੈ, ਉਹ ਨਾਮ ਦਾ ਹੈ। ਕਿਹੋ ਜਿਹਾ ਪੰਡਤ ਜੀ ਜਨੇਊ ਪਾਓ। ਦਇਆ ਦੀ ਕਪਾਹ ਬਣਾਓ, ਸੰਤੋਖ ਦਾ ਸੂਤ ਹੋਵੇ, ਇਹੋ ਜਿਹਾ ਜਨੇਊ ਕੰਮ ਆਏਗਾ। ਬਾਕੀ ਇਹ ਤਾਂ ਜਲ ਜਾਂਦੈ, ਟੁੱਟ ਜਾਂਦੈ। ਵੱਟ ਕਾਹਦਾ ਚੜ੍ਹਾਓ-

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥*
*ਅੰਗ- ੪੭੧*

ਵੱਟ ਐਸਾ ਚਾੜ੍ਹੋ, ਕਿਉਂਕਿ -

*ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥*
*ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ ॥*
*ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ ॥ ਅੰਗ- ੧੨੮੭*

ਅਸਲ ਕੰਮ ਤਾਂ ਜਤੁ ਤੇ ਸਤੁ ਨੇ ਕਰਨਾ ਹੈ। ਐਸਾ ਜਨੇਊ ਹੋਵੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਵੀ ਫੁਰਮਾਨ ਕਰਦੇ ਨੇ ਕਿ -

*ਰਹਿਤ ਪਿਆਰੀ ਮੁਝ ਕੋ*
*ਸਿਖ ਪਿਆਰਾ ਨਾਹਿ।*
*ਰਹਿਣੀ ਰਹੇ ਸੋਈ ਸਿਖ ਮੇਰਾ*
*ਓਹ ਸਾਹਿਬ ਮੈ ਉਸ ਕਾ ਚੇਰਾ।*

ਪੰਜ ਪਿਆਰੇ ਤਾਂ ਬਾਹਰਲੀਆਂ ਰਹਿਤਾਂ ਦਸਦੇ ਹਨ। ਅੰਦਰਲੀਆਂ ਰਹਿਤਾਂ ਬਾਣੀ ਦਸਦੀ ਹੈ -

*ਏਕਾ ਨਾਰੀ ਜਤੀ ਹੋਇ*
*ਪਰਨਾਰੀ ਧੀ ਭੈਣ ਵਖਾਣੈ।*

ਪਰ ਪੰਡਤ ਜੀ ਤੁਹਾਡਾ ਤਾ ਜਤੁ ਸਤੁ ਹੀ ਨਹੀਂ। ਕਿਹੋ ਜਿਹੀ ਤੁਹਾਡੇ ਮਨ ਦੀ ਅਵਸਥਾ ਹੈ-

*ਤਗੁ ਨ ਇੰਦ੍ਰੀ ਤਗੁ ਨ ਨਾਰੀ ॥*
*ਭਲਕੇ ਥੁਕ ਪਵੈ ਨਿਤ ਦਾੜੀ ॥*
*ਤਗੁ ਨ ਪੈਰੀ ਤਗੁ ਨ ਹਥੀ ॥*
*ਤਗੁ ਨ ਜਿਹਵਾ ਤਗੁ ਨ ਅਖੀ ॥*
*ਵੇਤਗਾ ਆਪੇ ਵਤੈ ॥*
*ਵਟਿ ਧਾਗੇ ਅਵਰਾ ਘਤੈ ॥*
*ਲੈ ਭਾੜਿ ਕਰੇ ਵੀਆਹੁ ॥*
*ਕਢਿ ਕਾਗਲੁ ਦਸੇ ਰਾਹੁ ॥*
*ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥*
*ਮਨਿ ਅੰਧਾ ਨਾਉ ਸੁਜਾਣੁ ॥ ਅੰਗ- ੪੭੧*

'ਕਢਿ ਕਾਗਲੁ' ਪੋਥੀ ਵਾਚਦਾ ਹੈ। ਰਸਤਾ ਵੀ ਦਸਦਾ ਹੈਂ, ਪਰ ਆਪ ਤਾਂ ਉਸ 'ਤੇ ਚਲਦਾ ਨਹੀਂ। ਧਰਮ ਦੇ ਰਾਸ ਲੀਲਾਵਾਂ ਚਲਦੀਆਂ ਨੇ।

*ਪਾਰਜਾਤੁ ਗੋਪੀ ਲੈ ਆਇਆ*
*ਬਿੰਦ੍ਰਾਬਨ ਮਹਿ ਰੰਗੁ ਕੀਆ ॥*
*ਕਲਿ ਮਹਿ ਬੇਦੁ ਅਥਰਬਣੁ ਹੂਆ*
*ਨਾਉ ਖੁਦਾਈ ਅਲਹੁ ਭਇਆ ॥ ਅੰਗ - ੪੭੦*

ਕਲਜੁਗ ਦਾ ਸਮਾਂ ਐਸਾ ਆ ਗਿਆ ਕਿ ਚਾਰ ਧਰਮ ਦੇ ਸਤੰਭਾਂ ਵਿਚੋਂ ਤਿੰਨ ਤਾ ਖਤਮ ਹੋ ਗਏ।

*ਰਾਜੇ ਸੀਹ ਮੁਕਦਮ ਕੁਤੇ ॥*
*ਜਾਇ ਜਗਾਇਨ੍ਹਿ ਬੈਠੇ ਸੁਤੇ ॥ ਅੰਗ- ੧੨੮੮*

*ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਨੋ ਖਾਏ।*
*ਭਾਈ ਗੁਰਦਾਸ ਜੀ*

ਵਾੜ ਤਾਂ ਹੁੰਦੀ ਹੈ ਖੇਤ ਦੀ ਰਾਖੀ ਵਾਸਤੇ। ਜੇ ਰਾਜੇ ਹੀ ਵਾੜ ਨੂੰ ਖਾਣ ਲਗ ਜਾਣ?

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਸਭ ਤੋਂ ਵੱਡੇ ਨੇ -

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*ਅੰਗ- ੧੩੯੫*

ਫੇਰ ਆਪ ਜੀ ਦੇ ਪਿਤਾ ਨੇ ਆਪ ਨੂੰ ਵਣਜ-ਵਪਾਰ ਕਰਨ ਵਾਸਤੇ 20 ਰੁਪਏ ਦੇ ਕੇ ਭੇਜਿਆ। ਆਪ ਰਸਤੇ 'ਚ ਭੁੱਖੇ ਸਾਧੂਆਂ ਨੂੰ ਪ੍ਰਸ਼ਾਦਾ ਛਕਾ ਕੇ ਸੱਚਾ ਸੌਦਾ ਕਰ ਆਏ। ਫੇਰ ਜਦੋਂ ਦੇਖਿਆ ਕਿ ਇਹ ਪੜ੍ਹਦੇ ਨਹੀਂ, ਕੋਈ ਵਣਜ ਵਪਾਰ ਨਹੀਂ ਕਰਦੇ, ਡੰਗਰ ਚਾਰਨ ਭੇਜੇ, ਦੂਜਿਆਂ ਦੀ ਖੇਤੀ ਹੀ ਉਜਾੜ ਆਏ। ਰਾਏ ਬੁਲਾਰ ਦਾ ਵਿਸ਼ਵਾਸ਼ ਬਣਿਆ ਜਦੋਂ ਦੇਖਿਆ ਖੇਤ ਤਾਂ ਹੋਰ ਵੀ ਹਰੇ ਭਰੇ ਹੋਏ ਖੜ੍ਹੇ ਨੇ। ਜਦੋਂ ਸਰਪ ਵੀ ਛਾਂ ਕਰਦਾ ਹੈ। ਰਾਇ ਬੁਲਾਰ ਸਭ ਤੋਂ ਪਹਿਲਾਂ ਗੁਰੂ ਬਾਬਾ ਜੀ ਦਾ ਸਿੱਖ ਬਣਿਆ। ਇਸ ਤਰ੍ਹਾਂ ਦੇ ਨਾਲ ਸੁਲਤਾਨਪੁਰ ਲੋਧੀ ਭਾਈਆ ਜੈ ਰਾਮ, ਬੇਬੇ ਨਾਨਕੀ ਜੀ ਜੋ ਆਪ ਦੇ ਭੈਣ ਸਨ ਵੱਡੀ, ਉਹਨਾਂ ਕੋਲ ਭੇਜੇ ਗਏ, ਉਥੇ ਦੌਲਤ ਖਾਂ ਦੇ ਮੋਦੀਖਾਨੇ ਦੇ ਵਿਚ ਨੌਕਰੀ ਲਵਾ ਦਿਤਾ। 12 ਤੋਂ ਬਾਅਦ 13 ਹੀ ਕਹਿਣਾ, ਫੇਰ ਤੇਰਾ-ਤੇਰਾ ਕਹੀ ਜਾਣਾ ਉਸ ਤੋਂ ਅੱਗੇ ਨਾ ਵਧਣਾ -

*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ ਅੰਗ- ੮੨੭*

ਇਸ ਤਰ੍ਹਾਂ ਦੇ ਨਾਲ ਮੋਦੀਖਾਨਾ ਹੀ ਲੁਟਾ ਦਿਤਾ। ਬਾਅਦ ਦੇ ਵਿਚ ਪੁੱਛ-ਪੜਤਾਲ ਹੋਈ, ਹਿਸਾਬ-ਕਿਤਾਬ ਹੋਇਆ, 750 ਰੁਪਏ ਤੋਂ ਉਪਰ ਆਪ ਜੀ ਦੇ ਵਲ ਰੁਪਿਆ ਵਧਿਆ। ਫੇਰ ਵਿਆਹ ਹੋਇਆ ਸੀ ਮਾਤਾ ਸੁਲੱਖਣੀ ਜੀ ਘਰ ਵਿਚ ਆਏ। ਮੂਲ ਚੰਦ ਜੋ ਆਪ ਜੀ ਦੇ ਸਹੁਰਾ ਸਾਹਿਬ ਸਨ, ਉਹ ਕੀ ਕਹਿੰਦੇ ਨੇ ਕਿ ਤੂੰ ਇਹ ਸਭ ਕੁਝ ਹੀ ਲੁਟਾ ਦਿਤਾ। ਕੁਝ ਰੱਖ ਤਾਂ ਸਹੀ ਬੱਚਿਆਂ ਵਾਸਤੇ ਪਰ ਦੁਨੀਆਂ ਤਾਂ ਆਪਣੇ ਵਾਸਤੇ ਜਿਉਂਦੀ ਹੈ। ਗੁਰੂ ਬਾਬਾ ਜੀ ਦੇ ਕੌਤਕ ਨਿਆਰੇ ਨੇ। ਉਦਾਸੀ ਧਾਰਨ ਕੀਤੀ ਕਿਉਂਕਿ ਗ੍ਰਹਿਸਤ ਤਿਆਗ ਦਾ ਮਾਰਗ ਨਹੀਂ, ਗ੍ਰਹਿਸਤ ਹੈ ਉਦਾਸ ਰਹਿਣਾ -

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ*
*ਨਾਨਕ ਨਾਮੁ ਵਖਾਣੇ ॥ ਅੰਗ- ੯੩੮*

ਗੁਰੂ ਬਾਬਾ ਜੀ ਨਾਮ ਦੀ ਵਿਆਖਿਆ ਕਰਦੇ ਦਸਦੇ ਨੇ ਕਿ ਨਾਮ ਸਭ ਦੇ ਅੰਦਰ ਹੈ। ਨਾਮ ਨਾਲ ਜੁੜੋ। ਹੁਣ ਜਦੋਂ ਸਾਰੇ ਦੇਖਦੇ ਨੇ, ਐਸਾ ਸਮਾਂ ਵੀ ਆਇਆ ਕਿ ਗੁਰੂ ਬਾਬਾ ਜੀ ਤਾਂ ਐਸੀ ਅਵਸਥਾ ਦੇ ਵਿਚ ਵਿਚਰ ਰਹੇ ਨੇ। ਵੈਰਾਗ ਦੇ ਵਿਚ ਹਨ। ਨਾ ਖਾਣ ਦਾ ਪਤਾ, ਨਾ ਪੈਣ ਦਾ, ਨਾ ਸੌਣ ਦਾ ਪਤਾ। ਬੀਤਰਾਗ ਅਵਸਥਾ ਦੇ ਵਿਚ ਵਿਚਰਦੇ ਹਨ। ਓਸ ਸਮੇਂ ਵੈਦ ਨੂੰ ਬੁਲਾਇਆ ਜਾਂਦਾ ਹੈ। ਹੁਣ ਵੈਦ ਆਉਂਦਾ ਹੈ ਗੁਰੂ ਬਾਬਾ ਜੀ ਦੀ ਬਾਂਹ ਫੜ ਕੇ ਵੇਖਦਾ ਹੈ ਕਿ ਨਬਜ਼ ਕਿੰਨੀ ਤੇਜ਼ ਚਲਦੀ ਹੈ। ਕਿਉਂਕਿ ਆਯੂਰਵੇਦ ਤਿੰਨ ਗੱਲਾਂ 'ਤੇ ਅਧਾਰਤ ਹੈ। ਵਾਇ, ਕਫ ਤੇ ਪਿੱਤ। ਹੁਣ ਜਦੋਂ ਇਥੋਂ ਸਰੀਰ ਦਾ ਸੰਤੁਲਨ ਵਿਗੜਦਾ ਹੈ। ਇਹ ਇਕ ਤੱਤ ਜਿਹੜਾ ਵਾਇ ਦਾ, ਕਫ ਜਾਂ ਪਿੱਤ ਦਾ ਵਿਗੜ ਜਾਂਦਾ ਹੈ। ਅੱਜਕੱਲ੍ਹ ਸਾਡੇ ਤਾਂ ਕਿੰਨੇ ਹੀ ਵਿਗੜ ਚੁੱਕੇ ਨੇ। ਜੇ ਇਹਨਾਂ ਨੂੰ ਸੰਤੁਲਨ ਬਣਾ ਲਈਏ ਤਾਂ ਠੀਕ ਹੋ ਜਾਂਦੇ ਨੇ। ਜੇ ਸਵੇਰ ਸਮੇਂ ਦੇਖੀਏ ਤਾਂ ਵਾਤ ਵਧੀ ਹੁੰਦੀ ਹੈ। ਦੁਪਿਹਰ ਨੂੰ ਪਿੱਤ ਵਧੀ ਹੁੰਦੀ ਹੈ, ਰਾਤ ਨੂੰ ਕਫ਼ ਵਧੀ ਹੁੰਦੀ ਹੈ।

ਸੋ ਵੈਦ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਨਬਜ਼ ਦੇਖਦਾ ਹੈ ਕਿ ਕਿਹੜਾ ਤੱਤ ਇਹਨਾਂ ਦਾ ਵਧਿਆ ਹੈ। ਉਸ ਸਮੇਂ ਵੈਦ ਦੇ ਪ੍ਰਥਾਇ ਪਾਤਸ਼ਾਹ ਜੀ ਐਸਾ ਬਚਨ ਕਰਦੇ ਨੇ -

*ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥*
*ਅੰਗ- ੧੨੭੯*

ਉਹ ਵੈਦ ਖੋਜ ਕਰਦਾ ਹੈ ਪਰ ਉਹਨੂੰ ਪਤਾ ਹੀ ਨਹੀਂ ਕੁਛ। ਗੁਰੂ ਮਹਾਰਾਜ ਕੀ ਕਹਿੰਦੇ ਹਨ –

*ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥*

*ਅੰਗ- ੧੨੭੯*

ਵੈਦ! ਤੂੰ ਇਹ ਕੀ ਕਰਨ ਲੱਗਿਆ ਹੈਂ ਤੈਨੂੰ ਤਾਂ ਪਤਾ ਹੀ ਨਹੀਂ, ਫੁਰਮਾਨ ਕਰਦੇ ਹਨ –

*ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥ ਅੰਗ- ੧੨੭੯*

ਤੈਨੂੰ ਰੋਗ ਦਾ ਹੀ ਪਤਾ ਨਹੀਂ ਕੋਈ। ਪੁੱਛਦੇ ਹਨ ਕਿ ਵੈਦ ਜੀ! ਤੈਨੂੰ ਕਿੰਨੇ ਕੁ ਰੋਗਾਂ ਦਾ ਪਤਾ ਹੈ। ਕਹਿਨ ਲੱਗਿਆ, ਮੈਂ ਵਾਇ, ਪਿੱਤ, ਕਫ ਦਾ ਦਾ ਸੰਤੁਲਨ ਦੇਖਦਾ ਹਾਂ। ਫੇਰ ਦਸ ਦਿੰਦਾ ਹਾਂ ਕਿ ਕਿਹੜਾ ਤੱਤ ਵਧਿਆ ਹੈ, ਉਹਦਾ ਇਲਾਜ ਕਰ ਦਿੰਦਾ ਹਾਂ। ਜੇ ਪਿੱਤ ਵਧੀ ਹੈ ਤਾਂ ਠੰਢੀਆਂ ਜੜ੍ਹੀਆਂ ਬੂਟੀਆਂ ਪਾ ਕੇ ਉਸ ਤਰ੍ਹਾਂ ਦੀ ਦਵਾਈ ਬਣਾ ਦਿੰਦਾ ਹਾਂ। ਜੇ ਵਾਇ ਵਧੀ ਹੈ ਤਾਂ ਹੋਰ ਚੀਜ਼ਾਂ ਹਨ ਜਿਨ੍ਹਾਂ ਦੇ ਨਾਲ ਵਾਇ ਦੂਰ ਕਰ ਦਿਤੀ ਜਾਂਦੀ ਹੈ। ਕਫ ਹੈ ਬਚਪਨ ਦੇਖੋ ਕਿੰਨਾ ਨਜ਼ਲਾ ਜ਼ੁਖਾਮ ਹੁੰਦਾ ਹੈ, ਫੇਰ ਬੁਢੇਪੇ 'ਚ ਖਾਂਸੀ ਹੁੰਦੀ ਹੈ। ਇਸ ਤਰ੍ਹਾਂ ਦੇ ਰੋਗ ਹਨ, ਮੈਨੂੰ ਸਾਰੇ ਪਤਾ ਨੇ।

ਕਹਿੰਦੇ, ਵੈਦ ਜੀ! ਅਸਲ ਰੋਗ ਤਾਂ ਮਨੁੱਖ ਨੂੰ ਲੱਗਿਆ ਹੈ –

*ਹਉਮੈ ਰੋਗੁ ਮਾਨੁਖ ਕਉ ਦੀਨਾ ॥*
*ਕਾਮ ਰੋਗਿ ਮੈਗਲੁ ਬਸਿ ਲੀਨਾ ॥ ਅੰਗ- ੧੧੪੦*

ਹਾਥੀ ਨੂੰ ਕਾਮ ਦਾ ਰੋਗ ਐਸਾ ਲੱਗਿਆ ਹੈ ਕਿ ਹਾਥੀ ਲਈ ਕਾਗਜ਼ਾਂ ਦੀ ਹਥਣੀ ਬਣਾ ਕੇ ਟੋਆ ਪੁੱਟ ਕੇ, ਘਾਹ ਫੂਸ ਦੀ ਉਸ ਉਪਰ ਛੱਤ ਪਾਈ। ਕਾਗਜ਼ਾਂ ਦੀ ਬਣੀ ਹਥਣੀ ਦੇਖ ਕੇ ਕਾਮ ਵਸ ਹੋਇਆ ਮਦਹੋਸ਼ ਹੋ ਜਾਂਦਾ ਹੈ ਤੇ ਟੋਏ ਵਿਚ ਗਿਰ ਜਾਂਦਾ ਹੈ ਤੇ ਸਾਰੀ ਜ਼ਿੰਦਗੀ ਆਦਮੀ ਦੀ ਗੁਲਾਮੀ ਕਰਦਾ ਹੈ।

*ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥*
*ਨਾਦ ਰੋਗਿ ਖਪਿ ਗਏ ਕੁਰੰਗਾ ॥ ਅੰਗ- ੧੧੪੦*

ਇਸੇ ਤਰ੍ਹਾਂ ਦ੍ਰਿਸਟ ਦਾ ਰੋਗ ਪਤੰਗੇ ਨੂੰ ਲਗਦਾ ਹੈ। ਆਹ ਘੰਢੇਹੇੜੇ ਦਾ ਸ਼ਬਦ ਹਿਰਨ ਨੂੰ ਲਗਦਾ ਹੈ। ਘੰਢੇਹੇੜੇ ਸ਼ਬਦ ਦੀ ਅਵਾਜ਼ ਕੱਢਦੇ ਨੇ ਉਹ ਇਧਰ ਨੂੰ ਆਉਂਦਾ ਹੈ ਤੇ ਫਸ ਜਾਂਦਾ ਹੈ। ਇਸੇ ਤਰ੍ਹਾਂ ਅਲੱਗ-ਅਲੱਗ ਨੇ। ਮੱਛੀ ਨੂੰ ਜੀਭ ਦਾ ਰੋਗ ਹੈ, ਉਹ ਜਾਲ ਵਿਚ ਫਸ ਜਾਂਦੀ ਹੈ। ਸਾਰੇ ਜੀਵਾਂ ਨੂੰ ਇਕ ਰੋਗ ਲੱਗਿਆ ਹੈ ਪਰ ਮਨੁੱਖ ਨੂੰ ਬਹੁਤ ਰੋਗ ਨੇ। ਸਭ ਤੋਂ ਵੱਡਾ ਹਉਮੈ ਦਾ ਰੋਗ ਹੈ। ਇਸ ਰੋਗ ਦਾ ਇਲਾਜ ਵਾਹਿਗੁਰੂ ਮੰਤ੍ਰ ਹੈ। ਜਿਸ ਨਾਲ ਸਾਰੇ ਦੁਖ ਤੇ ਰੋਗ ਖਤਮ ਹੋ ਜਾਂਦੇ ਹਨ।

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥*

*ਅੰਗ- ੯੯੯*

*ਹਉ ਵਿਚਿ ਆਇਆ ਹਉ ਵਿਚਿ ਗਇਆ ॥*
*ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥*
*ਹਉ ਵਿਚਿ ਦਿਤਾ ਹਉ ਵਿਚਿ ਲਇਆ ॥*
*ਹਉ ਵਿਚਿ ਖਟਿਆ ਹਉ ਵਿਚਿ ਗਇਆ ॥*
*ਹਉ ਵਿਚਿ ਸਚਿਆਰੁ ਕੂੜਿਆਰੁ ॥*
*ਹਉ ਵਿਚਿ ਪਾਪ ਪੁੰਨ ਵੀਚਾਰੁ ॥*
*ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥*
*ਹਉ ਵਿਚਿ ਹਸੈ ਹਉ ਵਿਚਿ ਰੋਵੈ ॥*
*ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥*
*ਹਉ ਵਿਚਿ ਜਾਤੀ ਜਿਨਸੀ ਖੋਵੈ ॥*
*ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥*
*ਮੋਖ ਮੁਕਤਿ ਕੀ ਸਾਰ ਨ ਜਾਣਾ ॥*
*ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥*
*ਹਉਮੈ ਕਰਿ ਕਰਿ ਜੰਤ ਉਪਾਇਆ ॥*
*ਹਉਮੈ ਬੂਝੈ ਤਾ ਦਰੁ ਸੂਝੈ ॥*
*ਗਿਆਨ ਵਿਹੂਣਾ ਕਥਿ ਕਥਿ ਲੂਝੈ ॥*
*ਨਾਨਕ ਹੁਕਮੀ ਲਿਖੀਐ ਲੇਖੁ ॥*
*ਜੇਹਾ ਵੇਖਹਿ ਤੇਹਾ ਵੇਖੁ ॥ ਅੰਗ- ੪੬੬*

ਇਸ ਹਉਮੈ ਕਰਕੇ ਜੰਮਦੇ ਮਰਦੇ ਹਾਂ ਇਹਨੂੰ ਖਤਮ ਕਿਹੜਾ ਕਰੂ? 'ਵਾਹਿਗੁਰੂ' ਮੰਤ੍ਰ।

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।*

ਜਪਣਾ ਕਿਵੇਂ ਹੈ? ਇਹਦੀ ਵੀ ਜੁਗਤ ਪਤਾ ਲੱਗੇ। ਪੰਜ ਪਿਆਰੇ ਅੰਮ੍ਰਿਤ ਛਕਾਉਂਦੇ ਨੇ, ਇਸ ਦੀ ਦ੍ਰਿੜ੍ਹਤਾ ਕਰਾਉਂਦੇ ਨੇ। ਮੂਲਮੰਤ੍ਰ ਦ੍ਰਿੜ੍ਹ ਕਰਵਾਉਂਦੇ ਨੇ, ਗੁਰਮੰਤ੍ਰ ਦ੍ਰਿੜ੍ਹ ਕਰਵਾਉਂਦੇ ਨੇ। ਗੁਰੂ ਦੇ ਲੜ ਲਾਉਂਦੇ ਨੇ, ਪਰ ਜੁਗਤ ਸਤਿਪੁਰਸ਼ ਦਸਦੇ ਨੇ। ਕੀ ਜੁਗਤ ਹੈ? ਕਿਉਂਕਿ ਸੁਰਤਿ ਤੇ ਸਬਦਿ ਦਾ ਮਾਰਗ ਗੁਰੂ ਬਾਬਾ ਜੀ ਹੀ ਲੈ ਕੇ ਆਏ। ਪਿਆਰਿਓ! ਉਹ ਦਵਾਈ ਵਰਤੋ ਜੋ ਸਾਰੇ ਦੁਖਾਂ ਦਾ ਇਲਾਜ, ਸਾਰੇ ਰੋਗਾਂ ਦਾ ਇਲਾਜ ਕਰਦੀ ਹੈ। ਐਡੀ ਅਮੋਲਕ ਵਸਤੂ ਅੰਦਰ ਪਈ ਹੈ। ਸਾਨੂੰ ਪਤਾ ਹੀ ਨਹੀਂ ਕਿ ਅਸੀਂ ਆਤਮ ਸ਼ਹਿਜ਼ਾਦੇ ਹਾਂ। ਸ਼ਹਿਨਸ਼ਾਹ ਹਾਂ। ਕਿੰਨੇ ਕੰਗਲੇ ਬਣੇ ਫਿਰਦੇ, ਰੋਂਦੇ ਕੁਰਲਾਉਂਦੇ ਹਾਂ। ਪਰ ਸਾਰੇ ਦੁਖਾਂ ਦਾ ਇਲਾਜ ਵੀ ਨਾਲ ਹੀ ਰਖ ਦਿਤਾ। 'ਨਾਮ' ਦੀ ਦਵਾਈ ਅੰਦਰ ਹੀ ਪਈ ਹੈ –

*ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥*
*ਕਿਲਬਿਖ ਕਾਟੇ ਨਿਰਮਲੁ ਥੀਆ ॥ ਅੰਗ- ੧੦੧*

ਮਹਾਂਪੁਰਸ਼ਾਂ ਨੇ ਜੁਗਤ ਦਰਸਾਈ ਕਿਵੇਂ ਉਸ ਦਵਾਈ ਤਕ ਪਹੁੰਚ ਹੋਣੀ ਹੈ। ਕਿਵੇਂ ਮੰਤਰ ਚਿਕਿਤਿਸਾ ਅਪਣਾਉਣੀ ਹੈ।

*ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ॥*

*ਅੰਗ- ੧੩੬੩*

*(ਬਾਕੀ ਪੰਨਾ 52 'ਤੇ)*

# ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ

*ਡਾ. ਜਗਜੀਤ ਸਿੰਘ*
*ਐਡੀਟਰ-ਇਨ-ਚੀਫ, ਆਤਮ ਮਾਰਗ*

*ਸਭ ਮਹਿ ਰਵਿਆ ਸਾਹਿਬੁ ਏਕ॥ ਅੰਗ - ੧੧੪੭*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 1147 ਉਪਰ ਭੈਰਉ ਰਾਗ ਵਿਚ ਸੁਭਾਇਮਾਨ ਪੰਚਮ ਪਾਤਸ਼ਾਹ ਦੇ ਸ਼ਬਦ 'ਤੇਰੀ ਟੇਕ ਰਹਾ ਕਲਿ ਮਾਹਿ' ਵਿਚ 'ਰਹਾਉ' ਦਾ ਗੁਰਵਾਕ ਹੈ -

*ਦੀਨ ਦੁਨੀਆ ਤੇਰੀ ਟੇਕ ॥*
*ਸਭ ਮਹਿ ਰਵਿਆ ਸਾਹਿਬੁ ਏਕ ॥ ਅੰਗ - ੧੧੪੭*

ਇਸ ਦਾ ਭਾਵ ਇਹ ਹੈ ਕਿ ਸ੍ਰਿਸ਼ਟੀ ਦਾ ਮਾਲਕ ਪ੍ਰਭੂ ਹੀ ਸਭ ਥਾਂ ਵਿਆਪਕ ਹੋ ਰਿਹਾ ਹੈ, ਉਹ ਸਰਬ ਵਿਆਪਕ ਪ੍ਰਭੂ ਹੀ ਅਸਾਂ ਜੀਵਾਂ ਦਾ ਸਹਾਰਾ ਹੈ, ਏਥੇ ਇਸ ਲੋਕ ਵਿਚ ਅਤੇ ਏਥੋਂ ਤੁਰ ਜਾਣ ਉਪਰੰਤ ਪਰਲੋਕ ਵਿਚ ਸਹਾਰਾ ਹੋਵੇਗਾ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇਸ ਫੁਰਮਾਨ ਤੋਂ ਪ੍ਰਮਾਤਮਾ ਦੀ ਸਖਸ਼ੀਅਤ ਦੇ ਦੋ ਪੱਖ ਉਜਾਗਰ ਹੁੰਦੇ ਹਨ। ਪਹਿਲਾ ਇਹ ਕਿ ਵਾਹਿਗੁਰੂ ਨਾ ਕੇਵਲ ਇਸ ਸ੍ਰਿਸ਼ਟੀ ਦਾ ਕਰਤਾ ਹੈ, ਸਗੋਂ 'ਪੁਰਖ' ਰੂਪ ਵਿਚ ਸਭ ਰਚਨਾ ਵਿਚ ਪਰੀਪੂਰਨ ਅਤੇ ਵਿਆਪਕ ਵੀ ਹੈ। ਦੂਜਾ ਪੱਖ ਇਹ ਹੈ ਕਿ ਐਸਾ ਸਰਬ ਵਿਆਪਕ ਪ੍ਰਭੂ ਹੀ ਲੋਕ ਪਰਲੋਕ ਵਿਚ ਸਾਡਾ ਸਭਨਾਂ ਦਾ ਆਸਰਾ ਤੇ ਸਹਾਰਾ ਹੈ। ਮਨੁੱਖ ਪ੍ਰਮਾਤਮਾ ਆਸਰੇ ਹੀ ਕ੍ਰਿਆਸ਼ੀਲ ਹੈ। ਪ੍ਰਮੁੱਖ ਤੌਰ ਤੇ ਇਸ ਦੂਜੇ ਪੱਖ ਦਾ ਵਿਸਥਾਰ ਹੀ ਪੂਰੇ ਸ਼ਬਦ ਵਿਚ ਹੋਇਆ ਹੈ। ਪੂਰਾ ਸ਼ਬਦ ਇਸ ਪ੍ਰਕਾਰ ਹੈ -

*ਤੇਰੀ ਟੇਕ ਰਹਾ ਕਲਿ ਮਾਹਿ ॥*
*ਤੇਰੀ ਟੇਕ ਤੇਰੇ ਗੁਣ ਗਾਹਿ ॥*
*ਤੇਰੀ ਟੇਕ ਨ ਪੋਹੈ ਕਾਲੁ ॥*
*ਤੇਰੀ ਟੇਕ ਬਿਨਸੈ ਜੰਜਾਲੁ ॥ ੧ ॥*
*ਦੀਨ ਦੁਨੀਆ ਤੇਰੀ ਟੇਕ ॥*
*ਸਭ ਮਹਿ ਰਵਿਆ ਸਾਹਿਬੁ ਏਕ ॥ ੧ ॥ ਰਹਾਉ ॥*
*ਤੇਰੀ ਟੇਕ ਕਰਉ ਆਨੰਦ ॥*
*ਤੇਰੀ ਟੇਕ ਜਪਉ ਗੁਰ ਮੰਤ ॥*
*ਤੇਰੀ ਟੇਕ ਤਰੀਐ ਭਉ ਸਾਗਰੁ ॥*
*ਰਾਖਣਹਾਰੁ ਪੂਰਾ ਸੁਖ ਸਾਗਰੁ ॥ ੨ ॥*
*ਤੇਰੀ ਟੇਕ ਨਾਹੀ ਭਉ ਕੋਇ ॥*
*ਅੰਤਰਜਾਮੀ ਸਾਚਾ ਸੋਇ ॥*
*ਤੇਰੀ ਟੇਕ ਤੇਰਾ ਮਨਿ ਤਾਣੁ ॥*
*ਈਹਾਂ ਊਹਾਂ ਤੂ ਦੀਬਾਣੁ ॥ ੩ ॥*
*ਤੇਰੀ ਟੇਕ ਤੇਰਾ ਭਰਵਾਸਾ ॥*
*ਸਗਲ ਧਿਆਵਹਿ ਪ੍ਰਭ ਗੁਣਤਾਸਾ ॥*
*ਜਪਿ ਜਪਿ ਅਨਦੁ ਕਰਹਿ ਤੇਰੇ ਦਾਸਾ ॥*
*ਸਿਮਰਿ ਨਾਨਕ ਸਾਚੇ ਗੁਣਤਾਸਾ ॥ ੪ ॥*

*ਅੰਗ - ੧੧੪੭*

ਇਸ ਸ਼ਬਦ ਦਾ ਸਰਲ ਭਾਵ ਇਹ ਹੈ ਇਸ ਵਿਕਾਰਾਂ ਭਰੇ ਜਗਤ ਵਿਚ ਹੇ ਪ੍ਰਭੂ! ਮੈਨੂੰ ਤੇਰਾ ਹੀ ਆਸਰਾ ਹੈ, ਸਭ ਜੀਵ ਤੇਰੇ ਹੀ ਸਹਾਰੇ ਹਨ, ਤੇਰੇ ਹੀ ਗੁਣ ਗਾਉਂਦੇ ਹਨ, ਤੇਰੇ ਆਸਰੇ ਵਿਚਰਦਿਆਂ ਕਾਲ ਵੀ ਪੋਹ ਨਹੀਂ ਸਕਦਾ। ਤੇਰੇ ਆਸਰੇ ਰਹਿੰਦਿਆਂ ਮਾਇਆ ਦੇ ਮੋਹ ਦੇ ਸਾਰੇ ਬੰਧਨ ਟੁੱਟ ਜਾਂਦੇ ਹਨ। ਲੋਕ ਪਰਲੋਕ, ਏਥੇ ਏਸ ਜੀਵਨ ਵਿਚ ਅਤੇ ਇਸ ਜੀਵਨ ਉਪਰਾਂਤ, ਸਭ ਜੀਵਾਂ ਨੂੰ ਸਦਾ ਤੇਰਾ ਹੀ ਸਹਾਰਾ ਹੈ ਕਿਉਂਕਿ ਤੂੰ ਹੀ ਸਭ ਵਿਚ ਵਿਆਪਕ ਹੋ ਰਿਹਾ ਹੈਂ। ਮੈਂ ਤੇਰੇ ਨਾਮ ਆਸਰੇ ਹੀ ਆਤਮਕ ਅਨੰਦ ਮਾਣਦਾ ਹਾਂ ਅਤੇ ਗੁਰੂ ਵਲੋਂ ਪ੍ਰਾਪਤ ਤੇਰਾ ਅੰਮ੍ਰਿਤ ਨਾਮ ਜਪਦਾ ਰਹਿੰਦਾ ਹਾਂ। ਤੇਰੇ ਨਾਮ ਆਸਰੇ ਹੀ ਸੰਸਾਰ ਸਾਗਰ ਲੰਘ ਜਾਈਦਾ ਹੈ। ਤੂੰ ਸਭ ਦੀ ਰੱਖਿਆ ਕਰਦਾ ਹੈਂ ਅਤੇ ਤੂੰ ਸਾਰੇ ਸੁੱਖਾਂ ਦਾ ਸਮੁੰਦਰ ਹੈਂ।

ਜਿਸ ਨੂੰ ਤੇਰੇ ਨਾਮ ਦਾ ਆਸਰਾ ਹੈ, ਉਸ ਨੂੰ ਕੋਈ ਡਰ ਵਿਆਪਕ ਨਹੀਂ ਹੁੰਦਾ। ਉਹ ਸੱਚਾ ਪ੍ਰਭੂ ਘਟ-ਘਟ ਦੀ ਜਾਣਨ ਵਾਲਾ ਹੈ। ਹੇ ਪ੍ਰਭੂ, ਸਭ ਜੀਵਾਂ ਨੂੰ ਤੇਰਾ ਹੀ ਆਸਰਾ ਹੈ ਸਭ ਦੇ ਮਨਾਂ ਵਿਚ ਤੇਰੇ ਨਾਮ ਦਾ ਹੀ ਸਹਾਰਾ ਹੈ। ਲੋਕ ਅਤੇ ਪਰਲੋਕ ਵਿਚ ਤੂੰ ਹੀ ਜੀਵਾਂ ਦੀ ਟੇਕ ਹੈਂ। ਹੇ ਗੁਣਾਂ ਦੇ ਖਜ਼ਾਨੇ ਪ੍ਰਭੂ! ਅਸਾਂ ਜੀਵਾਂ ਨੂੰ ਤੇਰਾ ਹੀ ਆਧਾਰ ਹੈ। ਸਭ ਜੀਵ ਤੇਰਾ ਹੀ ਧਿਆਨ ਧਰਦੇ ਹਨ, ਤੇਰੇ ਦਾਸ ਤੇਰਾ ਨਾਮ ਜਪ-ਜਪ ਅਨੰਦ ਮਾਣਦੇ ਹਨ। ਇਸ ਲਈ ਗੁਰੂ ਜੀ ਫੁਰਮਾਨ ਕਰਦੇ ਹਨ ਕਿ ਹੇ ਜੀਵ! ਤੂੰ ਸਦਾ ਕਾਇਮ ਰਹਿਣ ਵਾਲੇ ਅਤੇ ਗੁਣਾਂ ਦੇ ਖਜ਼ਾਨੇ ਪ੍ਰਭੂ ਨੂੰ ਸਿਮਰਿਆ ਕਰ।

ਸ਼ਬਦ ਨੂੰ ਗਹੁ ਨਾਲ ਵਿਚਾਰਿਆਂ ਸਮੁੱਚਾ ਭਾਵ ਇਹ ਨਿਕਲਦਾ ਹੈ ਕਿ ਮਨੁੱਖ ਦਾ ਸਾਰਾ ਜੀਵਨ ਹੀ ਪ੍ਰਭੂ ਆਸਰਿਤ ਹੈ। ਪ੍ਰਭੂ ਆਸਰਿਤ ਜੀਵਨ, ਸੁਖ, ਅਨੰਦ, ਵਿਗਾਸ ਦਾ ਜੀਵਨ ਹੈ। ਕਲਜੁਗ ਦੀਆਂ ਵਿਕਾਰ-ਭਰੀਆਂ ਮਨੋਂ ਬਿਰਤੀਆਂ ਤੋਂ ਖਿੰਡਾਉ ਅਤੇ ਦ੍ਵੈਤ ਅਤੇ ਦ੍ਵੈਤ ਭਾਵ ਤੋਂ ਅਨੇਕਾਂ ਰੋਗ, ਫਿਕਰ, ਚਿੰਤਾ, ਅੰਦੇਸ਼ੇ, ਡਰ ਅਤੇ ਨਿਰਾਸਤਾ ਉਤਪੰਨ ਹੁੰਦੀ

ਹੈ। ਸ੍ਵੈ-ਆਸਰਿਤ ਮਨਮੁਖ ਇਸ ਘੁੰਮਣ ਘੇਰੀ ਵਿਚੋਂ ਨਿਕਲ ਨਹੀਂ ਸਕਦਾ। ਕੇਵਲ ਪ੍ਰਭੂ ਟੇਕ ਵਾਲਾ ਗੁਰਮੁਖਿ ਹੀ ਸੰਸਾਰਕ ਭਿਆਨਕਤਾ ਵਿਚ ਰਹਿੰਦਿਆਂ ਸਹਿਜ ਵਿਚ ਵਿਚਰ ਸਕਦਾ ਹੈ। ਇਸ ਟੇਕ ਦਾ ਇਕ ਮੁੱਖ ਗੁਣ ਇਹ ਵੀ ਦਸਿਆ ਹੈ ਕਿ ਪ੍ਰਭੂ ਟੇਕ ਵਿਚ ਵਿਚਰਨ ਵਾਲੇ ਨੂੰ 'ਕਾਲ ਵੀ ਪੋਹ ਨਹੀਂ ਸਕਦਾ।' ਮਰਨ ਦਾ ਡਰ ਸਭ ਤੋਂ ਭਿਆਨਕ ਡਰ ਹੈ ਜੋ ਹਰ ਗਰੀਬ ਅਮੀਰ, ਛੋਟੇ-ਵੱਡੇ ਇਸਤ੍ਰੀ ਪੁਰਸ਼ ਨੂੰ ਲੱਗਿਆ ਹੋਇਆ ਹੈ। ਸੰਸਾਰ ਦਾ ਕੋਈ ਵੀ ਹਉਂ-ਆਸਰਿਤ ਮਨੁੱਖ ਇਸ ਦੀ ਭਿਆਨਕਤਾ ਅਤੇ ਆਵੇਸ਼ ਤੋਂ ਮੁਕਤ ਨਹੀਂ ਪਰ ਪ੍ਰਭੂ ਟੇਕ ਵਾਲੇ ਨੂੰ ਇਹ ਅਨੁਭਵ ਪ੍ਰਾਪਤ ਹੋ ਜਾਂਦਾ ਹੈ ਕਿ ਕਾਲ ਤਾਂ ਕੇਵਲ ਸਰੀਰ ਨੂੰ ਵਿਆਪਕ ਹੁੰਦਾ ਹੈ ਅਤੇ ਉਹ ਸਰੀਰ ਨਹੀਂ, ਸਗੋਂ ਜੋਤ-ਸਰੂਪ ਹੈ, ਆਤਮਾ ਹੈ, ਪ੍ਰਭੂ ਅੰਸ਼ ਹੈ, ਜੋ ਅਮਰ ਹੈ, ਸਦੀਵ ਕਾਲੀ ਹੈ, ਅਕਾਲ ਹੈ, ਅਬਿਨਾਸ਼ੀ ਹੈ। 'ਗੁਰਮੁਖਿ ਨੂੰ ਕਾਲ ਨਹੀਂ ਪਹੁੰਦਾ' ਦਾ ਇਹੋ ਭਾਵ ਹੈ। ਜਪੁਜੀ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਐਸਾ ਹੀ ਫੁਰਮਾਨ ਹੈ, ਸੁਣਿਐ ਪਹੁ ਨ ਸਕੈ ਕਾਲੁ। ਆਤਮਿਕ ਸੂਝ ਪ੍ਰਾਪਤ ਹੋਣ ਤੇ ਮਨੁੱਖ ਸੰਸਾਰਕ ਕਾਲ ਦੇ ਬੰਧਨਾਂ ਤੋਂ ਮੁਕਤ ਇਕ ਆਜ਼ਾਦ ਵਿਅਕਤੀ ਹੋ ਕੇ ਸੰਸਾਰ ਯਾਤਰਾ ਕਰਦਾ ਹੈ, ਇਕ ਅਜਿਹੇ ਯਾਤਰੂ ਦੀ ਤਰ੍ਹਾਂ ਜਿਸ ਨੂੰ ਆਪਣੇ ਟਿਕਾਣੇ ਪੁੱਜਣ ਦੀ ਲਗਨ ਲੱਗੀ ਹੋਈ ਹੈ ਅਤੇ ਰਸਤੇ ਦੀਆਂ ਸਜਾਵਟਾਂ ਤੇ ਰੁਕਾਵਟਾਂ ਉਸ ਲਈ ਖਿੱਚ ਅਤੇ ਵਿਘਨ ਨਹੀਂ ਬਣਦੀਆਂ। ਇਸ ਤਰ੍ਹਾਂ ਤੇਰੀ ਟੇਕ ਵਿਚ ਵਿਚਰਦਾ ਮਨੁੱਖ ਸੰਸਾਰ ਦਾ ਭਵ ਸਾਗਰ ਸਹਿਜੇ ਤਰ ਜਾਂਦਾ ਹੈ। ਸੰਸਾਰ ਯਾਤਰਾ ਸਮੇਂ ਉਸ ਨੂੰ ਕੋਈ ਵਿਘਨ, ਕੋਈ ਦੁਖ, ਕੋਈ ਡਰ ਇਸ ਲਈ ਵਿਆਪਕ ਨਹੀਂ ਹੁੰਦਾ ਕਿਉਂਕਿ ਉਹ ਸਦਾ 'ਰਾਖਣਹਾਰੁ ਪੂਰਾ ਸੁਖ ਸਾਗਰੁ' ਦੀ ਟੇਕ ਵਿਚ ਵਿਚਰਦਾ ਹੈ, ਉਹ ਉਸ ਦੀ ਟੇਕ ਤੋਂ ਹੀ ਮਨ ਦੀ ਸ਼ਕਤੀ ਪ੍ਰਾਪਤ ਕਰਦਾ ਹੈ, ਉਸ ਦੇ 'ਭਰਵਾਸੇ' ਵਿਚ ਰਹਿੰਦਾ ਭਉ ਅੰਦੇਸਿਆਂ ਤੋਂ ਮੁਕਤ ਰਹਿੰਦਾ ਹੈ ਅਤੇ ਸਦਾ ਅਨੰਦ ਮਾਣਦਾ ਹੈ।

ਇਸ ਸ਼ਬਦ ਵਿਚ ਅਤੇ ਸਮੁੱਚੀ ਗੁਰਬਾਣੀ ਵਿਚ ਪ੍ਰਭੂ ਟੇਕ ਆਸਰੇ ਰਹਿਣ ਦਾ ਜੋ ਇਕੋ ਤਰੀਕਾ ਦਸਿਆ ਗਿਆ ਹੈ, ਉਹ ਹੈ, ਨਾਮ ਸਿਮਰਨ ਅਤੇ ਪ੍ਰਭੂ ਗੁਣ ਗਾਇਨ ਜਿਸ ਰਾਹੀਂ ਮਨੁੱਖ ਅੰਦਰ ਵਸਦੇ ਪ੍ਰਮਾਤਮਾ ਨਾਲ ਇਕ ਹੋ ਜਾਂਦਾ ਹੈ। ਸਮੁੱਚੀ ਗੁਰਬਾਣੀ ਵਿਚ ਆਤਮ ਚੀਨਣ ਦਾ ਸਾਧਨ ਨਾਮ ਸਿਮਰਨ ਦਸਿਆ ਹੈ। ਏਥੋਂ ਤਕ ਕਿਹਾ ਹੈ, 'ਨਾਨਕ ਕੇ ਘਰੁ ਕੇਵਲ ਨਾਮੁ।' ਇਸ ਸ਼ਬਦ ਵਿਚ ਨਾਮ ਸਿਮਰਨ ਦੇ ਤਿੰਨ ਵਿਸ਼ੇਸ਼ ਢੰਗ ਦੱਸੇ ਹਨ - ਪਹਿਲਾ - ਪ੍ਰਮਾਤਮਾ ਦੇ ਗੁਣ ਗਾਇਨ ਕਰਨਾ (ਤੇਰੀ ਟੇਕ ਤੇਰੇ ਗੁਣ ਗਾਹਿ)

ਦੂਜਾ - ਗੁਣ ਨਿਧਾਨ ਪ੍ਰਭੂ ਦਾ ਸਿਮਰਨ ਕਰਨਾ - (ਸਿਮਰਿ ਨਾਨਕ ਸਾਚੇ ਗੁਣ ਤਾਸਾ)

ਤੀਜਾ - ਵਾਹਿਗੁਰੂ ਗੁਰਮੰਤਰ ਦਾ ਜਾਪ ਕਰਨਾ (ਤੇਰੀ ਟੇਕ ਜਪਉ ਗੁਰਮੰਤ)

ਗੁਰਬਾਣੀ ਵਿਚ ਦਸਿਆ ਹੈ ਕਿ ਜਿਹਵਾ ਨਾਲ ਸ਼ੁਰੂ ਕੀਤਾ ਜਾਪ ਅਗਲੀ ਅਵਸਥਾ ਵਿਚ ਅਜਪਾ ਜਾਪ ਬਣ ਜਾਂਦਾ ਹੈ। ਬਿਨਾਂ ਜਿਹਵਾ ਵੀ ਸਿਮਰਨ ਤੇ ਜਾਪ ਹੁੰਦਾ ਰਹਿੰਦਾ ਹੈ।

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥* *ਅੰਗ- ੧੨੫੬*

ਸਾਰੀ ਗੁਰਬਾਣੀ ਵਿਚ ਨਾਮ ਦੀ ਹੀ ਮਹਿਮਾ ਹੈ। ਨਾਮ ਸਿਮਰਨ ਵਿਹੂਣਾ ਜੀਵਨ ਦੁਖਾਂ ਕਲੇਸ਼ਾਂ ਬੀਮਾਰੀਆਂ ਨਾਲ ਭਰਪੂਰ ਧ੍ਰਿਗ ਜੀਵਨ ਦਸਿਆ ਹੈ ਅਤੇ ਨਾਮ ਵਾਲਾ ਜੀਵਨ ਸੁਖ ਸ਼ਾਂਤੀ ਸਹਿਜ ਵਾਲਾ ਅਨੰਦਮਈ ਜੀਵਨ ਹੈ। ਸੁਖਮਨੀ ਸਾਹਿਬ ਵਿਚ ਵਿਸ਼ੇਸ਼ ਤੌਰ ਤੇ ਨਾਮ ਦੀ ਮਹਿਮਾ ਦਾ ਵਰਣਨ ਹੈ।

ਗੁਰਬਾਣੀ ਅਨੁਸਾਰ ਨਾਮ ਸਿਮਰਨ ਦਾ ਪ੍ਰਮੁੱਖ ਮੰਤਵ ਆਤਮ ਚੀਨਣਾ ਹੈ। ਆਤਮਾ ਚੀਨਣ ਹੀ ਪ੍ਰਮਾਤਮ ਚੀਨਣ ਹੈ। ਜਿਸ ਪ੍ਰਮਾਤਮਾ ਦਾ ਅਸੀਂ ਨਾਮ ਸਿਮਰਨ ਕਰਦੇ ਹਾਂ, ਗੁਣ ਗਾਇਨ ਕਰਦੇ ਹਾਂ, ਉਸ ਦੀ ਕੁਝ ਨ ਕੁਝ ਸੋਝੀ ਹੋਣੀ ਜ਼ਰੂਰੀ ਹੈ। ਪ੍ਰਮਾਤਮਾ ਦਾ ਸਰਵੋਤਮ ਗੁਣ ਉਸ ਦੀ ਸਰਬ ਵਿਆਪਤਾ ਹੈ, ਇਸ ਸ਼ਬਦ ਦੀ ਰਹਾਉ ਦੀ ਤੁਕ 'ਸਭ ਮਹਿ ਰਵਿਆ ਸਾਹਿਬ ਟੇਕ' ਵਿਚ ਇਸ ਵਿਆਪਕਤਾ ਅਤੇ ਭਰਪੂਰਤਾ ਦਾ ਹੀ ਜ਼ਿਕਰ ਹੈ। ਨਾਮ ਸਿਮਰਨ ਦਾ ਵੀ ਪ੍ਰਮੁੱਖ ਲਕਸ਼ ਇਸ ਸਰਬ ਵਿਆਪਕਤਾ ਨੂੰ ਵੇਖਣਾ ਅਤੇ ਅਨੁਭਵ ਕਰਨਾ ਹੈ। ਗੁਰਬਾਣੀ ਦੇ ਅਧਿਐਨ ਰਾਹੀਂ ਅਤੇ ਸ਼ਬਦ ਦੇ ਅਭਿਆਸ ਰਾਹੀਂ ਭਰਪੂਰਤਾ ਨੂੰ ਅਨੁਭਵ ਕੀਤਾ ਜਾ ਸਕਦਾ ਹੈ। ਗੁਰੂ ਤੇਗ ਬਹਾਦੁਰ ਜੀ ਦਾ ਫੁਰਮਾਨ ਹੈ -

*ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥*
*ਕਹੁ ਨਾਨਕ ਤਿਹ ਭਜੁ ਮਨਾ*
*ਭਉ ਨਿਧਿ ਉਤਰਹਿ ਪਾਰਿ ॥* *ਅੰਗ- ੧੪੨੭*

ਪਰ ਪ੍ਰਮਾਤਮਾ ਦੀ ਸਰਬ-ਵਿਆਪਕਤਾ ਸਾਡੇ ਜੀਵਾਂ ਨੂੰ ਦ੍ਰਿਸ਼ਟਮਾਨ ਕਿਉਂ ਨਹੀਂ ਹੁੰਦੀ? ਜੋ ਪ੍ਰਭੂ ਸ੍ਰਿਸ਼ਟੀ ਦੇ ਕਣ-ਕਣ ਵਿਚ ਹੈ, ਸਾਰੇ ਜੀਵਾਂ ਦੇ ਹਿਰਦਿਆਂ ਵਿਚ ਵਸਦਾ ਹੈ, ਉਹ ਸਾਡੇ ਸੰਸਾਰੀ ਜੀਵਾਂ ਦੇ ਅਨੁਭਵ ਵਿਚ ਕਿਉਂ ਨਹੀਂ ਆਉਂਦਾ? ਇਸ ਦਾ ਉਤਰ ਗੁਰੂ ਤੇਗ ਬਹਾਦਰ ਜੀ ਇਕ ਸ਼ਬਦ

ਰਾਹੀਂ ਦਿੰਦੇ ਦਸਦੇ ਕਹਿੰਦੇ ਹਨ ਕਿ ਪ੍ਰਭੂ ਤਾਂ ਸਰਬ ਵਿਆਪਕ ਹੈ ਪਰ ਸਾਡੀ ਦ੍ਰਿਸ਼ਟੀ ਉੱਪਰ ਭਰਮ-ਭੁਲੇਖੇ ਅਤੇ ਦ੍ਵੈਤ ਦੀ ਝਿੱਲੀ ਚੜ੍ਹੀ ਹੋਈ ਹੈ, ਨਾਮ-ਸਿਮਰਨ ਰਾਹੀਂ ਆਪਾ ਚੀਨਣ ਨਾਲ ਇਹ ਝਿੱਲੀ ਦੂਰ ਹੋ ਜਾਂਦੀ ਹੈ, ਦ੍ਵੈਤ-ਭਾਵ ਖਤਮ ਹੋ ਜਾਂਦਾ ਹੈ ਤੇ ਸਭ ਪਾਸੇ, ਅੰਦਰ ਬਾਹਰ, ਹਰ ਥਾਂ ਇਕ ਵਾਹਿਗੁਰੂ ਹੀ ਰਮਿਆ ਦਿਸ ਆਉਂਦਾ ਹੈ। ਇਸ ਦੀ ਪ੍ਰੋੜ੍ਹਤਾ ਵਿਚ ਗੁਰੂ ਜੀ ਨੇ ਦੋ ਉਦਾਹਰਨਾਂ ਦਿਤੀਆਂ ਹਨ। ਵਾਹਿਗੁਰੂ ਨਿਰਗੁਣ ਰੂਪ ਵਿਚ ਹਰੇਕ ਵਸਤੂ ਵਿਚ ਇੰਜ ਸਮਾਇਆ ਹੋਇਆ ਹੈ ਜਿਵੇਂ ਫੁੱਲ ਵਿਚ ਸੁਗੰਧੀ, ਦਿਸਦੀ ਨਹੀਂ ਪਰ ਅਨੁਭਵ ਕੀਤੀ ਜਾ ਸਕਦੀ ਹੈ, ਮਾਣੀ ਜਾ ਸਕਦੀ ਹੈ। ਜਿਵੇਂ ਸ਼ੀਸ਼ੇ ਵਿਚ ਪਰਛਾਵਾਂ। ਜੇ ਦਿਲ ਦਾ ਸ਼ੀਸ਼ਾ ਸਾਫ ਹੋਵੇ, ਤਾਂ ਉਸ ਵਿਚ ਪ੍ਰਭੂ ਦੀ ਪਰਛਾਈ ਵੇਖੀ ਜਾ ਸਕਦੀ ਹੈ ਕਿਉਂਕਿ ਉਹ ਹਰੇਕ ਹਿਰਦੇ ਵਿਚ ਇਕ ਰਸ ਵਿਆਪਕ ਹੈ। ਸ਼ਬਦ ਇਸ ਪ੍ਰਕਾਰ ਹੈ -

*ਕਾਹੇ ਰੇ ਬਨ ਖੋਜਨ ਜਾਈ ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ ੧ ॥*
*ਰਹਾਉ ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ*
*ਮੁਕਰ ਮਾਹਿ ਜੈਸੇ ਛਾਈ ॥*
*ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧ ॥*
*ਬਾਹਰਿ ਭੀਤਰਿ ਏਕੋ ਜਾਨਹੁ*
*ਇਹੁ ਗੁਰ ਗਿਆਨੁ ਬਤਾਈ ॥*
*ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥*

*ਅੰਗ- ੬੮੪*

ਸ੍ਰੀ ਗੁਰੂ ਅਰਜਨ ਦੇਵ ਜੀ ਅਨੁਸਾਰ ਪ੍ਰਮਾਤਮਾ ਸਭਨੀਂ ਥਾਈਂ ਇਸ ਤਰ੍ਹਾਂ ਮੌਜੂਦ ਹੈ ਜਿਵੇਂ ਸਾਰੀ ਬਨਸਪਤੀ, ਸਾਰੇ ਰੁੱਖਾਂ ਬਿਰਖਾਂ ਵਿਚ ਅੱਗ ਮੌਜੂਦ ਹੈ, ਜਿਵੇਂ ਦੁੱਧ ਵਿਚ ਘਿਉ ਗੁਪਤ ਤੌਰ ਤੇ ਮੌਜੂਦ ਹੁੰਦਾ ਹੈ, ਤਿਵੇਂ ਹੀ ਸਭਨਾਂ ਜੀਵਾਂ ਵਿਚ ਪ੍ਰਭੂ ਦੀ ਜੋਤਿ ਸਮਾਈ ਹੋਈ ਹੈ, ਉਹ ਹਰੇਕ ਸਰੀਰ ਵਿਚ ਮੌਜੂਦ ਹੈ ਉਹ ਸਭਨੀ ਥਾਂਈ, ਪਾਣੀ ਵਿਚ, ਧਰਤੀ ਵਿਚ, ਹਰ ਥਾਂ ਵਿਆਪਕ ਹੈ। ਉਹ ਸਭਨਾਂ ਜੀਵਾਂ ਵਿਵ ਵਸਦਾ ਹੋਇਆ ਵੀ ਨਿਰਲੇਪ ਰਹਿੰਦਾ ਹੈ। ਗੁਰੂ ਜੀ ਸੋਰਠ ਰਾਗ ਵਿਚ ਫੁਰਮਾਨ ਕਰਦੇ ਹਨ -

*ਸਗਲ ਬਨਸਪਤਿ ਮਹਿ ਬੈਸੰਤਰੁ*
*ਸਗਲ ਦੂਧ ਮਹਿ ਘੀਆ ॥*
*ਊਚ ਨੀਚ ਮਹਿ ਜੋਤਿ ਸਮਾਣੀ*
*ਘਟਿ ਘਟਿ ਮਾਧਉ ਜੀਆ ॥ ੧ ॥*
*ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥*
*ਪੂਰਨ ਪੂਰਿ ਰਹਿਓ ਸਰਬ ਮਹਿ*
*ਜਲਿ ਥਲਿ ਰਮਈਆ ਆਹਿਓ ॥ ੧ ॥ ਰਹਾਉ ॥*
*ਗੁਣ ਨਿਧਾਨ ਨਾਨਕੁ ਜਸੁ ਗਾਵੈ*
*ਸਤਿਗੁਰਿ ਭਰਮੁ ਚੁਕਾਇਓ ॥*
*ਸਰਬ ਨਿਵਾਸੀ ਸਦਾ ਅਲੇਪਾ*
*ਸਭ ਮਹਿ ਰਹਿਆ ਸਮਾਇਓ ॥* *ਅੰਗ- ੬੧੭*

ਇਕ ਹੋਰ ਸ਼ਬਦ ਵਿਚ ਗੁਰੂ ਮਹਾਰਾਜ ਦਸਦੇ ਹਨ ਕਿ ਨਿਰਗੁਣ ਸਰਗੁਣ ਦੀ ਖੇਡ ਉਸ ਵਾਹਿਗੁਰੂ ਨੇ ਆਪ ਰਚੀ ਹੈ। ਸੰਸਾਰ ਰਚਨਾ, ਮਾਇਆ ਦਾ ਪਸਾਰਾ, ਉਹ ਆਪ ਕਰਦਾ ਹੈ, ਅਤੇ ਆਪ ਹੀ ਉਸ ਦੀ ਦੇਖ ਭਾਲ ਕਰਦਾ ਹੈ। ਉਹ ਬਹੁ ਰੰਗੀ ਮਾਲਕ ਪ੍ਰਭੂ ਨੇ ਨਾਨਾ ਪ੍ਰਕਾਰੀ ਰੂਪ ਧਾਰ ਰਖੇ ਹਨ। ਹਰ ਰੂਪ ਵਿਚ ਪਰੀਪੂਰਨ ਵੀ ਹੈ ਅਤੇ ਨਿਰਲੇਪ ਵੀ -

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*

*ਅੰਗ- ੫੩੭*

ਇਸ ਵਿਚਾਰ ਨੂੰ ਥੋੜ੍ਹਾ ਹੋਰ ਗੰਭੀਰਤਾ ਨਾਲ ਵਿਚਾਰਿਆਂ ਇਹ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਇਸ ਬ੍ਰਹਿਮੰਡ ਵਿਚ ਪ੍ਰਮਾਤਮਾ ਆਪ ਹੀ ਸਰਗੁਣ ਨਿਰਗੁਣ ਦੀ ਖੇਡ-ਖੇਡ ਰਿਹਾ ਹੈ। ਉਸ ਤੋਂ ਬਿਨਾਂ ਕੋਈ ਹੋਰ ਹਸਤੀ ਜਾਂ ਹੋਂਦ ਹੈ ਹੀ ਨਹੀਂ। ਦ੍ਵੈਤ ਭਾਵ ਦਾ ਅਰਥ ਵੀ ਇਹੋ ਹੈ ਕਿ ਇਕ ਤੋਂ ਬਿਨਾਂ ਕੁਝ ਹੋਰ ਵੇਖਣਾ ਅਤੇ ਮੰਨਣਾ। ਕਰਣ ਅਤੇ ਕਾਰਣ ਦੋਵੇਂ ਰੂਪ ਪ੍ਰਭੂ ਆਪ ਹੈ, ਜਲ ਵਿਚ ਅਤੇ ਥਲ ਵਿਚ ਉਹ ਆਪ ਹੀ ਭਰਪੂਰ ਹੋ ਰਿਹਾ ਹੈ। ਗੁਰਵਾਕ ਹੈ -

*ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥*
*ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥*

*ਅੰਗ - ੨੭੬*

ਬਾਣੀ 'ਓਅੰਕਾਰ' ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਭਾਵ ਨੂੰ ਸਪੱਸ਼ਟ ਕਰਦੇ ਦਸਦੇ ਹਨ ਕਿ ਕਹਿਣ ਨੂੰ ਤਾਂ ਬਹੁਤ ਲੋਕ ਇਹ ਕਹਿੰਦੇ ਹਨ ਕਿ ਇਕ ਪ੍ਰਮਾਤਮਾ ਹੀ ਸਰਬ ਵਿਆਪਕ ਹੈ ਪਰ ਆਪ ਉਸ ਹਉਮੈ ਵਿਚ ਵਿਚਰਦੇ ਆਪਣੀ ਹੋਂਦ ਬਣਾਈ ਰਖਦੇ ਹਨ। ਜਦ ਤੱਕ ਮਨੁੱਖ, ਅੰਦਰ ਬਾਹਰ, ਕੇਵਲ ਇਕ ਪ੍ਰਭੂ ਦੀ ਹੋਂਦ ਦੀ ਪਛਾਣ ਨਹੀਂ ਕਰਦਾ, ਉਹ ਅੰਦਰ ਵਸਦੇ ਪ੍ਰਭੂ ਨੂੰ ਵੇਖ ਨਹੀਂ ਸਕਦਾ। ਸਾਰੀ ਸ੍ਰਿਸ਼ਟੀ ਵਿਚ ਉਸ ਦੀ ਹੋਂਦ ਪਸਰੀ ਹੋਈ ਹੈ, ਏਕੰਕਾਰ ਤੋਂ ਬਿਨਾਂ ਹੋਰ ਕੋਈ ਹੋਂਦ ਨਹੀਂ, ਮਨੁੱਖ ਨੂੰ ਵੀ ਆਪਣੀ ਝੂਠੀ 'ਹਉਮੈ' ਦਾ ਵਿਨਾਸ਼ ਕਰ ਕੇ ਇਕ ਨਾਲ ਇਕਮਿਕਤਾ ਪ੍ਰਾਪਤ ਕਰਨੀ ਚਾਹੀਦੀ ਹੈ। ਗੁਰੂ ਫੁਰਮਾਨ ਹੈ -

*ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥*

*ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥*
*ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ॥*
*ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥*
*ਅੰਗ- ੯੩੦*

ਸੁਖਮਨੀ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਦੀ ਪ੍ਰੋੜਤਾ ਵਿਚ ਫੁਰਮਾਨ ਕਰਦੇ ਹਨ -

*ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥*
*ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥*
*ਅੰਗ- ੨੯੬*

ਪ੍ਰਮਾਤਮਾ ਕਿਵੇਂ ਹਰ ਥਾਂ, ਹਰ ਵਸਤੂ, ਹਰ ਜੀਵ ਵਿਚ ਵਿਆਪਕ ਹੈ, ਸਗੋਂ ਆਪ ਹੀ ਆਪ ਹੈ ਇਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਰੀ ਰਾਗ ਵਿਚ ਉਚਾਰਨ ਕੀਤੇ ਇਕ ਸ਼ਬਦ ਰਾਹੀਂ ਵਿਚਾਰਨਾ ਉਚਿਤ ਹੋਵੇਗਾ। ਗੁਰੂ ਜੀ ਫੁਰਮਾਨ ਕਰਦੇ ਹਨ ਪ੍ਰਭੂ ਆਪ ਹੀ ਰਸ ਭਰਿਆ ਪਦਾਰਥ ਹੈ, ਆਪ ਹੀ ਉਸ ਵਿਚ ਰਸ ਹੈ, ਆਪ ਹੀ ਸਵਾਦ ਨੂੰ ਮਾਣਨ ਵਾਲਾ ਹੈ। ਪ੍ਰਭੂ ਹੀ ਇਸਤਰੀ ਰੂਪ ਹੈ, ਆਪ ਹੀ ਸੇਜ, ਆਪ ਹੀ ਸੇਜਾਂ ਮਾਣਨ ਵਾਲਾ ਪਤੀ। ਮੇਰਾ ਮਾਲਕ ਪ੍ਰਭੂ ਪਿਆਰ ਵਿਚ ਰੰਗਿਆ ਹੋਇਆ ਹੈ, ਉਸ ਸਾਰੀ ਸ੍ਰਿਸ਼ਟੀ ਵਿਚ ਪੂਰਨ ਤੌਰ ਤੇ ਵਿਆਪਕ ਹੈ। ਉਹ ਆਪ ਹੀ ਮੱਛੀਆਂ ਫੜਨ ਵਾਲਾ, ਆਪ ਹੀ ਮੱਛੀ, ਆਪ ਹੀ ਪਾਣੀ, ਆਪ ਹੀ ਜਾਲ ਹੈ, ਉਹ ਆਪ ਹੀ ਕਈ ਤਰੀਕਿਆਂ ਨਾਲ ਚੋਜ ਤਮਾਸ਼ੇ ਕਰਨ ਵਾਲਾ ਹੈ। ਆਪ ਹੀ ਸਰੋਵਰ ਹੈ, ਆਪ ਹੀ ਸਰੋਵਰ ਤੇ ਰਹਿਣ ਵਾਲਾ ਹੰਸ। ਸੂਰਜ ਦੀ ਰੋਸ਼ਨੀ ਵਿਚ ਖਿੜਨ ਵਾਲਾ ਕੌਲ ਫੁੱਲ ਤੇ ਚੰਨ ਦੇ ਚਾਨਣੇ ਵਿਚ ਖਿੜਨ ਵਾਲੀ ਕੰਮੀ ਭੀ ਤੂੰ ਹੀ ਹੈਂ। ਇਹ ਸਾਰੇ ਜਮਾਲ ਅਤੇ ਜਲਾਲ ਨੂੰ ਵੇਖ ਕੇ ਤੂੰ ਆਪ ਹੀ ਵਿਗਸ ਰਿਹਾ ਹੈਂ। ਸ਼ਬਦ ਦਾ ਪਾਠ ਇਸ ਪ੍ਰਕਾਰ ਹੈ -

*ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥*
*ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥ ੧ ॥*
*ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥ ੧ ॥*
*ਰਹਾਉ ॥ ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥*
*ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ ॥ ੨ ॥*
*ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥*
*ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ॥ ੩ ॥*
*ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ ॥*
*ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ ॥*
*ਅੰਗ- ੨੩*

ਸ਼ਬਦ ਦੇ ਪਾਠ ਉਪਰੰਤ ਐਸੀ ਹੀ ਭਾਵਨਾ ਪੈਦਾ ਹੁੰਦਾ ਹੈ ਅਤੇ ਅੰਦਰੋਂ ਇਹ ਆਵਾਜ਼ ਨਿਕਲਦੀ ਹੈ 'ਸਭ ਮਹਿ ਰਵਿਆ ਸਾਹਿਬ ਏਕ।'

*(ਪੰਨਾ 48 ਦੀ ਬਾਕੀ)*

ਕਿੰਨੀਆਂ ਲਾ-ਇਲਾਜ ਬਿਮਾਰੀਆਂ ਠੀਕ ਹੋ ਜਾਂਦੀਆ ਹਨ। ਦਵਾਈ ਤਾਂ ਓਹੀ ਹੈ। ਪਰ ਜਦੋਂ ਨਾਮ ਨਾਲ ਜੁੜ ਗਏ, ਮੰਤਰ ਅਪਣਾਅ ਲਿਆ। ਫੇਰ ਉਹ ਦਵਾਈ ਵੀ ਕੰਮ ਆ ਜਾਂਦੀ ਹੈ। ਐਸੀ ਦਵਾਈ ਜੋ ਗੁਰੂ ਬਾਬਾ ਜੀ ਨੇ ਦੱਸੀ ਹੈ, ਮਹਾਂਪੁਰਸ਼ਾਂ ਨੇ ਉਹ ਦਿਤੀ ਹੈ। ਨਾਮ ਦੀ ਦਵਾਈ ਜਿਹੜੀ ਅੰਦਰ ਪਈ ਹੈ, ਉਹਦੀ ਜੁਗਤ ਦਰਸਾਈ। ਕਿਉਂਕਿ ਨਾਮ ਤਾਂ ਅੰਦਰ ਹੈ। ਕੋਈ ਨਾਮ ਨਹੀਂ ਦੇ ਸਕਿਆ ਅੱਜ ਤੱਕ। ਗੁਰਮੰਤ੍ਰ ਦਿੰਦੇ ਨੇ। ਗੁਰਮੰਤ੍ਰ ਦੀ ਕਮਾਈ, ਕਮਾਈ ਵਾਲੇ ਮਹਾਂਪੁਰਸ਼ ਦਸਦੇ ਨੇ, ਕਿ ਇਸ ਤਰ੍ਹਾਂ ਕਰ ਲਓ, ਬੈਖਰੀ ਬਾਣੀ 'ਚ ਬੋਲ ਕੇ, ਮਧਮਾ, ਪਸੰਤੀ, ਪਰਾ। ਸੁਰਤਿ ਨੂੰ ਸ਼ਬਦ ਨਾਲ ਜੋੜੋ।

ਆਓ! ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਜਨਮ ਦਿਨ ਦੀ ਜਿਥੇ ਲੱਖ-ਲੱਖ ਵਧਾਈ ਹੋਵੇ, ਉਥੇ ਅੱਗੇ ਨੂੰ ਵਧੋ -

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥*
*ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ ॥*
*ਅੰਗ- ੧੦੯੬*

ਇਸ ਦਵਾਈ ਦੀ ਵਰਤੋਂ ਕਰੋ। ਐਸਾ ਮੰਤ੍ਰ ਜਿਹਦੇ ਪੜ੍ਹਨ ਨਾਲ, ਬੋਲਣ ਨਾਲ, ਜਪਣ ਨਾਲ -

*ਕਬੀਰ ਸੋੁਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ ॥*
*ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ ॥*
*ਅੰਗ- ੧੩੭੦*

ਸਰੀਰ ਦੀ ਪਵਿੱਤਰਤਾ ਦੀ ਤਾਂ ਕੀ ਗੱਲ, ਸਾਰਾ ਨਗਰ ਪਵਿੱਤਰ ਹੋ ਜਾਂਦਾ ਹੈ। ਗੁਰੂ ਮਹਾਰਾਜ ਨੇ ਹਉਮੈ ਰੋਗ ਦੀ ਜੜ੍ਹ ਨੂੰ ਖਤਮ ਕਰਨ ਵਾਸਤੇ ਐਸੀ ਦਵਾਈ ਦਿਤੀ। ਇਸ ਜਲਦੇ-ਬਲਦੇ ਸੰਸਾਰ ਦੇ ਵਾਸਤੇ ਐਡਾ ਮੰਤਰ ਲੈ ਕੇ ਆਏ, ਅਸੀਂ ਇਸ ਦੀ ਵਰਤੋਂ ਹੀ ਨਹੀਂ ਕਰਦੇ। ਦਵਾਈਆਂ ਖਾ-ਖਾ ਥੱਕ ਜਾਂਦੇ ਹਾਂ, ਹਸਪਤਾਲ ਭਰੇ ਪਏ ਨੇ।

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ਅੰਗ- ੨੫੯*

ਮਹਾਂਪੁਰਸ਼ਾਂ ਨੇ ਕਿੱਡੀ ਜੁਗਤ ਦਰਸਾਈ। ਕਹਿੰਦੇ, ਹਸਪਤਾਲਾਂ ਦੀ ਲੋੜ ਹੀ ਨਾ ਪਵੇ ਜੇ ਉਸ ਦਵਾਈ ਦੀ ਵਰਤੋਂ ਕਰ ਲਵੇ।

*ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ।*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-42)*

ਸਿਰੀਰਾਗੁ ਮਹਲਾ ੩ ਘਰੁ ੧ ਅਸਟਪਦੀਆ
ੴ ਸਤਿਗੁਰ ਪ੍ਰਸਾਦਿ ॥
ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ
ਬਿਨੁ ਗੁਰ ਭਗਤਿ ਨ ਹੋਇ ॥

ਹੇ ਭਾਈ! ਜੇ ਮੁਖੀ ਸਤਿਗੁਰੂ ਜੀ ਕ੍ਰਿਪਾ ਦ੍ਰਿਸ਼ਟੀ ਕਰੇ=ਕਰਨ ਤਾਂ ਭਗਤਿ=ਭਗਤੀ ਕੀਜੈ=ਕੀਤੀ ਜਾ ਸਕਦੀ ਹੈ ਵਾ: ਗੁਰੂ ਸਾਹਿਬ ਜੀ ਨੇ ਜਿਨ੍ਹਾਂ ਗੁਰਮੁਖਾਂ ਦੇ ਹਿਰਦੇ ਅੰਦਰ ਅੱਠੇ ਪਹਿਰ ਆਪਣੇ ਸਿਮਰਨ ਦਾ ਰੋਮ-ਰੋਮ ਵਿਚ ਪ੍ਰਵਾਹ ਪਾ ਦਿਤਾ, ਉਨ੍ਹਾਂ ਦੀ ਸੰਗਤ ਵਿਚ ਮਿਲਿਆ ਜਾਵੇ ਅਤੇ ਗੁਰਮੁਖ ਵੀ ਕ੍ਰਿਪਾ ਦ੍ਰਿਸ਼ਟੀ ਕਰਨ ਤਾਂ ਫੇਰ ਭਗਤੀ ਕੀਤੀ ਜਾਂਦੀ ਹੈ। ਬਿਨੁ=ਬਿਨਾਂ ਸਤਿਗੁਰਾਂ ਤੋਂ ਕਿਸੇ ਪਾਸੋਂ ਵੀ ਭਗਤਿ=ਭਗਤੀ ਨ=ਨਹੀਂ ਹੋਇ=ਹੋ ਸਕਦੀ।

ਆਪੈ ਆਪੁ ਮਿਲਾਏ ਬੂਝੈ
ਤਾ ਨਿਰਮਲੁ ਹੋਵੈ ਕੋਇ ॥

ਜੇ ਕੋਈ ਆਪੈ=ਆਪਣੇ ਆਪ ਨੂੰ ਗੁਰਾਂ ਦੇ ਸੰਗ ਨਾਲ ਮਿਲਾਏ=ਮਿਲਾਵੇ ਤਾਂ ਵਾਹਿਗੁਰੂ ਨੂੰ ਬੂਝੈ=ਸਮਝਦਾ ਹੈ। ਸਤਿਗੁਰੂ ਸਾਹਿਬ ਜੀ ਆਪਣੇ ਸਰੂਪ ਦੇ ਗਿਆਨ ਕਰਕੇ ਤ੍ਵੰ ਪਦ ਦੇ ਲੱਖ ਅਰਥ ਨੂੰ ਆਪ ਜੋ ਤੱਤ ਪਦ ਦਾ ਲੱਖ ਅਰਥ ਹੈ, ਉਸ ਵਿਚ ਮਿਲਾਏ=ਮਿਲਾ ਦਿੰਦੇ ਹਨ। ਪ੍ਰਤੱਖ ਜੋਤ ਨੂੰ ਅਦ੍ਵੈਤ ਅਨੰਦ ਵਿਚ ਮੇਲ ਦਿੰਦੇ ਹਨ, ਫੇਰ ਬੂਝੈ=ਸਮਝ ਆਉਂਦੀ ਹੈ, ਆਪਣੇ ਅੰਤਸ਼ਕਰਨ ਦੇ ਅੰਦਰ ਜੋ ਸਾਧਨਾ ਸੰਪੰਨ ਪੁਰਸ਼ ਹਨ, ਉਹਨਾਂ ਦੇ ਹਿਰਦੇ ਅੰਦਰ ਬ੍ਰਹਮ ਗਿਆਨ ਦੀ ਦ੍ਰਿਸ਼ਟੀ ਕਰਕੇ ਬ੍ਰਹਮਾਨੰਦ ਆਪਣੇ ਸਰੂਪ ਵਿਚ ਮਿਲਾਏ=ਮੇਲ ਲੈਂਦੇ ਹਨ ਤਾਂ ਬੂਝੈ=ਸਮਝ ਪੈਂਦੀ ਹੈ। ਤਾਂ ਕੋਇ=ਕੋਈ ਪੁਰਖ ਨਿਰਮਲੁ=ਸ਼ੁੱਧ (ਮੈਲ ਤੋਂ ਰਹਿਤ) ਹੋਵੈ=ਹੁੰਦਾ ਹੈ।

ਹਰਿ ਜੀਉ ਸਚਾ ਸਚੀ ਬਾਣੀ
ਸਬਦਿ ਮਿਲਾਵਾ ਹੋਇ ॥੧॥

ਹਰਿ=ਅਕਾਲ ਪੁਰਖ ਵਾਹਿਗੁਰੂ ਆਪ ਵੀ ਸੱਚਾ ਹੈ ਤੇ ਉਹਦੀ ਧੁਰ ਕੀ ਬਾਣੀ ਵੀ ਸੱਚੀ ਹੈ। ਸਤਿਗੁਰੂ ਸਾਹਿਬ ਜੀ ਦੇ ਸਬਦਿ=ਉਪਦੇਸ਼ ਕਰਕੇ ਹੀ ਵਾਹਿਗੁਰੂ ਨਾਲ ਮਿਲਾਵਾ=ਮਿਲਾਪ ਹੋਇ=ਹੁੰਦਾ ਹੈ।

ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ ॥

ਮਹਾਰਾਜ ਸਾਹਿਬ ਜੀ ਚੇਤਨ ਦੀ ਅੰਸ਼ ਹੋਣੇ ਕਰਕੇ ਸਾਰਿਆਂ ਨੂੰ ਭਾਈ ਕਹਿੰਦੇ ਹਨ। ਰੇ=ਹੇ ਭਾਈ=ਭਰਾਵੋ! ਜਿਹੜੇ ਪੁਰਖ ਪਰਮੇਸ਼ਰ ਦੀ ਭਗਤਿ=ਭਗਤੀ ਤੋਂ ਹੀਣੁ=ਖ਼ਾਲੀ ਹਨ, ਉਹ ਕਾਹੇ=ਕਿਸ ਵਾਸਤੇ ਜਗਿ=ਜਗਤ ਵਿਚ ਆਏ ਹਨ?

ਪੂਰੇ ਗੁਰ ਕੀ ਸੇਵ ਨ ਕੀਨੀ
ਬਿਰਥਾ ਜਨਮੁ ਗਵਾਇਆ ॥੧॥ ਰਹਾਉ ॥

ਜਿਨ੍ਹਾਂ ਨੇ ਪੂਰੇ=ਪੂਰਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਸੱਚੇ ਪਾਤਸ਼ਾਹ ਦੀ ਮਨੁੱਖਾ ਜਨਮ ਪਾ ਕੇ ਸੇਵ=ਟਹਿਲ ਨ=ਨਹੀਂ ਕੀਨੀ=ਕੀਤੀ, ਉਹਨਾਂ ਜੀਵਾਂ ਨੇ ਆਪਣਾ ਜਨਮ ਦੁਨੀਆਂ ਦੇ ਧੰਦਿਆਂ ਵਿਚ ਬਿਰਥਾ=ਬੇਅਰਥ ਹੀ ਗਵਾਇਆ=ਗਵਾ ਲਿਆ ਹੈ।

ਆਪੇ ਹਰਿ ਜਗਜੀਵਨੁ ਦਾਤਾ
ਆਪੇ ਬਖਸਿ ਮਿਲਾਏ ॥

ਹੇ ਭਾਈ! ਹਰਿ=ਹਰੀ ਆਪੇ=ਆਪ ਹੀ ਸਾਰੇ ਜਗਤ ਦਾ ਜੀਵਨ ਰੂਪ ਹੈ ਤੇ ਆਪ ਹੀ ਸਤਿਗੁਰੂ ਜੀ ਦਾਤਾ ਰੂਪ ਹਨ। ਗੁਰੂ ਸਾਹਿਬ ਜੀ ਆਪੇ=ਆਪ ਹੀ ਸਿੱਖਾਂ ਦੇ ਔਗੁਣਾਂ ਨੂੰ ਬਖਸ਼ ਕੇ ਸਿੱਖਾਂ ਨੂੰ ਭਗਤੀ, ਸ਼ਰਧਾ ਤੇ ਗਿਆਨ ਬਖਸ਼ ਕੇ ਆਪਣੇ ਨਾਲ ਮਿਲਾਏ=ਮੇਲ ਲੈਂਦੇ ਹਨ।

ਜੀਅ ਜੰਤ ਏ ਕਿਆ ਵੇਚਾਰੇ
ਕਿਆ ਕੋ ਆਖਿ ਸੁਣਾਏ ॥

ਬ੍ਰਹਮਾ ਆਦਿਕ ਮੱਛਰ ਦੀ ਨਿਆਈਂ ਸੂਖਮ ਸਥੂਲ ਤੁੱਛ ਜਿੰਨੇ ਵੀ ਜੀਅ-ਜੰਤ ਹਨ, ਏ=ਇਹ ਜੀਵ ਵੇਚਾਰੇ ਕਿਆ=ਕੀ ਕਰ ਸਕਦੇ ਹਨ। ਮਹਾਰਾਜ ਸਾਹਿਬ ਜੀ ਦੀ ਚੇਤਨ ਸੱਤਾ ਤੋਂ ਬਿਨਾਂ ਕਿਆ=ਕੀ ਕੋ=ਕੋਈ ਮੁਖੋਂ ਆਖਿ=ਕਥਨ ਕਰਕੇ ਸੁਣਾਏ=ਸੁਣਾ ਸਕਦਾ ਹੈ, ਭਾਵ ਕੁਝ ਵੀ ਨਹੀਂ ਕਹਿ ਸਕਦਾ।

ਗੁਰਮੁਖਿ ਆਪੇ ਦੇ ਵਡਿਆਈ
ਆਪੇ ਸੇਵ ਕਰਾਏ ॥੨॥

ਜਿਨ੍ਹਾਂ ਗੁਰਮੁਖਾਂ ਨੂੰ ਗੁਰੂ ਸਾਹਿਬ ਜੀ ਆਪ ਨਾਮ ਜਪਣ ਦੀ ਵਡਿਆਈ=ਸ਼ੋਭਾ ਬਖਸ਼ ਦੇ=ਦਿੰਦੇ

ਹਨ, ਉਹ ਨਾਮ ਜਪਦੇ ਹਨ ਤੇ ਹੋਰਨਾਂ ਨੂੰ ਨਾਮ ਜਪਾਉਂਦੇ ਹਨ, ਆਪ ਸੇਵਾ ਕਰਦੇ ਹਨ ਤੇ ਹੋਰਨਾਂ ਤੋਂ ਸੇਵਾ ਕਰਾਉਂਦੇ ਹਨ।

ਦੇਖਿ ਕੁਟੰਬੁ ਮੋਹਿ ਲੋਭਾਣਾ
ਚਲਦਿਆ ਨਾਲਿ ਨ ਜਾਈ ॥

ਜਿਹੜੇ ਲੋਕ ਕੁਟੰਬੁ=ਇਸਤਰੀ ਤੋਂ ਪੁੱਤਰ, ਧੀਆਂ ਆਦਿ ਵਧਿਆ ਹੋਇਆ ਪਰਿਵਾਰ ਦੇਖ ਕੇ ਉਹਨਾਂ ਦੇ ਮੋਹ ਵਿਚ ਫਸ ਕੇ ਲੋਭਾਣਾ=ਲੁਭਾਏਮਾਨ ਹੁੰਦੇ ਹਨ, ਉਹਨਾਂ ਦੇ ਨਾਲ ਪਰਲੋਕ ਨੂੰ ਚਲਦਿਆਂ ਨਾ ਪੁੱਤਰਾਂ ਨੇ, ਨਾ ਧੀਆਂ ਨੇ, ਨਾ ਇਸਤਰੀ ਨੇ ਕਿਸੇ ਨੇ ਵੀ ਨਾਲ ਨਹੀਂ ਜਾਈ=ਜਾਣਾ। ਮੋਹ ਵਿਚ ਫਸੇ ਬਾਰ-ਬਾਰ ਜੂਨਾਂ ਵਿਚ ਆਉਣਗੇ। ਮਨੁੱਖਾ ਜਨਮ ਦੇ ਕਰਮ ਨਾ ਹੋਏ ਤਾਂ ਟੇਢੀਆਂ ਜੂਨਾਂ ਪਸ਼ੂ ਆਦਿ ਬਣ ਕੇ ਉਹਨਾਂ ਕੋਲ ਹੀ ਵਿਚਰਣਗੇ।

ਸਤਿਗੁਰੁ ਸੇਵਿ ਗੁਣ ਨਿਧਾਨੁ ਪਾਇਆ
ਤਿਸ ਕੀ ਕੀਮ ਨ ਪਾਈ ॥

ਸਤਿਗੁਰੂ ਸਾਹਿਬ ਜੀ ਦੀ ਜਿਨ੍ਹਾਂ ਨੇ ਸੇਵਿ=ਟਹਿਲ ਕੀਤੀ ਹੈ, ਉਹਨਾਂ ਨੇ ਗੁਣ=ਗੁਣਾਂ ਦੇ ਨਿਧਾਨੁ=ਖਜ਼ਾਨੇ ਪਰਮੇਸ਼ਰ ਵਾਹਿਗੁਰੂ ਨੂੰ ਪਾਇਆ=ਪ੍ਰਾਪਤ ਕੀਤਾ ਹੈ। ਤਿਸ=ਉਸ ਵਾਹਿਗੁਰੂ ਕੀ=ਦੀ ਕੀਮ=ਕੀਮਤ ਵੀ ਨ=ਨਹੀਂ ਪਾਈ ਜਾ ਸਕਦੀ ਵਾ: ਉਸ ਤੱਤ ਬੇਤੇ ਦੀ ਸੰਸਾਰ ਦੇ ਪਾਸੋਂ ਕੀਮਤ ਨਹੀਂ ਪਾਈ ਜਾ ਸਕਦੀ, ਐਸਾ ਗੁਣਾਂ ਦਾ ਖਜ਼ਾਨਾ ਜਿਨ੍ਹਾਂ ਨੂੰ ਬਖਸ਼ਿਆ ਹੈ।

ਪ੍ਰਭੁ ਸਖਾ ਹਰਿ ਜੀਉ ਮੇਰਾ
ਅੰਤੇ ਹੋਇ ਸਖਾਈ ॥ ੩ ॥

ਪ੍ਰਭੁ=ਮਾਲਕ ਹਰਿ=ਵਾਹਿਗੁਰੂ ਮਾਤਾ ਦੇ ਗਰਭ ਵਿਚ ਵੀ ਮੇਰਾ ਸਖਾ=ਮਿੱਤਰ ਸੀ, ਆਪਣਾ ਸਿਮਰਨ ਦੇ ਕੇ ਗਰਭ ਵਿਚ ਰੱਖਿਆ ਕੀਤੀ, ਸੜਨ ਨਹੀਂ ਦਿਤਾ, ਇਸ ਮਾਤ ਲੋਕ ਵਿਚ ਵੀ ਹਰੀ ਸਾਡਾ ਜੀਵਨ ਰੂਪ ਹੈ। ਮਹਾਰਾਜ ਸਾਹਿਬ ਹੀ ਅੰਤੇ=ਅੰਤ ਨੂੰ ਸਾਡੇ ਮਿੱਤਰ ਦੀ ਨਿਆਈ ਸਖਾਈ=ਸਹਾਇਕ ਹੋਇ=ਹੋਣਗੇ।

ਪੇਈਅੜੈ ਜਗਜੀਵਨੁ ਦਾਤਾ
ਮਨਮੁਖਿ ਪਤਿ ਗਵਾਈ ॥

